Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA




Vol. 18, Issue- 830, 28 Nov. to 04 Dec., 2024, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ ਦੇ ਪਰਿਵਾਰਕ ਵੀਜ਼ੇ ਰੁੱਕੇ

■ ਭਾਰਤੀ ਪਰਿਵਾਰਾਂ 'ਚ ਵਧਿਆ ਸਹਿਮ




**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**-ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਵੱਲੋਂ ਦਸੰਬਰ 2024 ਦਾ ਵੀਜ਼ਾ ਬੁਲੇਟਿਨ ਜਾਰੀ ਕਰ ਦਿੱਤਾ ਗਿਆ ਹੈ। ਇਸ ਮਹੀਨੇ ਬੁਲੇਟਿਨ 'ਚ ਕੋਈ ਹਿਲਜੁਲ ਦੇਖਣ ਨੂੰ ਨਹੀਂ ਮਿਲੀ। ਅਮਰੀਕਾ ਦੇ ਜਿਹੜੇ ਸਿਟੀਜ਼ਨ ਨਾਗਰਿਕਾਂ ਵੱਲੋਂ ਭਾਰਤ 'ਚ ਰਹਿ ਰਹੇ ਆਪਣੇ ਭੈਣਾਂ-ਭਰਾਵਾਂ ਨੂੰ F-4 ਕੈਟਾਗਰੀ ਲਈ ਅਪਲਾਈ ਕੀਤਾ ਹੈ, ਅਤੇ ਭੈਣ-ਭਰਾਵਾਂ ਅਤੇ ਬੱਚੇ ਜਿਹੜੇ 21 ਸਾਲ ਤੋਂ ਘੱਟ ਹਨ, ਉਨ੍ਹਾਂ ਲਈ ਤਰੀਕ 8 ਮਾਰਚ, 2006 ਹੈ।

ਯੂ.ਐੱਸ. ਸਿਟੀਜ਼ਨ ਦੇ ਵਿਆਹੇ ਹੋਏ ਬੱਚੇ ਤੇ ਉਨ੍ਹਾਂ ਦੇ ਅੱਗਿਓਂ ਛੋਟੇ ਬੱਚੇ ਯਾਨੀ ਕਿ F-3 ਕੈਟਾਗਰੀ ਲਈ ਜਿਨ੍ਹਾਂ ਨੇ ਅਪਲਾਈ ਕੀਤਾ ਹੈ, ਉਨ੍ਹਾਂ ਦੀ ਤਰੀਕ 15 ਅਪ੍ਰੈਲ 2010 ਹੈ।

ਗਰੀਨ ਕਾਰਡ ਹੋਲਡਰ ਵੱਲੋਂ ਅਪਲਾਈ ਕੀਤੇ 21 ਸਾਲ ਤੋਂ ਵੱਧ ਉਮਰ ਦੇ ਬੱਚੇ, ਜੋ ਕਿ F-2B ਕੈਟਾਗਰੀ ਨਾਲ ਸੰਬੰਧਤ ਹਨ, ਅਰਜ਼ੀਕਾਰਾਂ ਦੀ ਉਡੀਕ ਮਿਤੀ ਇਸ ਵੇਲੇ 1 ਮਈ 2016 ਚੱਲ ਰਹੀ ਹੈ। ਇਸ ਵਾਰ ਇਸ ਵਿਚ ਵੀ ਕੋਈ ਤਬਦੀਲੀ ਦੇਖਣ ਨੂੰ ਨਹੀਂ ਮਿਲੀ।

ਗਰੀਨ ਕਾਰਡ ਹੋਲਡਰ ਪਤੀ-ਪਤਨੀ ਦੇ 21 ਸਾਲ ਤੋਂ ਘੱਟ ਬੱਚੇ, ਜਿਹੜੇ ਕਿ F-2A ਕੈਟਾਗਰੀ 'ਚ ਆਉਂਦੇ ਹਨ, ਉਨ੍ਹਾਂ ਦੀ ਤਰੀਕ 1 ਜਨਵਰੀ 2022 ਹੈ।

ਅਮਰੀਕਨ ਸਿਟੀਜ਼ਨ ਦੇ ਅਣਵਿਆਹੇ ਬੱਚੇ, ਜਿਹੜੇ ਕਿ 21 ਸਾਲ ਤੋਂ ਵੱਧ ਹਨ, ਉਨ੍ਹਾਂ ਦੀ ਸਮਾਂ ਸੂਚੀ 22 ਅਕਤੂਬਰ 2015 ਦਰਸਾ ਰਹੀ ਹੈ, ਇਸ ਵਿਚ ਵੀ ਕੋਈ ਵਾਧਾ ਨਹੀਂ ਹੋਇਆ।

ਨੈਸ਼ਨਲ ਵੀਜ਼ਾ ਸੈਂਟਰ ਵੱਲੋਂ ਇੰਟਰਵਿਊ ਦਾ ਸਮਾਂ F-4 ਕੈਟਾਗਰੀ ਲਈ 1 ਅਗਸਤ, 2006 ਤੋਂ ਪਹਿਲਾਂ ਅਪਲਾਈ ਹੋਏ ਅਰਜ਼ੀਕਾਰਾਂ ਤੋਂ ਪੇਪਰ ਮੰਗੇ ਜਾ ਰਹੇ ਹਨ।

F-3 ਕੈਟਾਗਰੀ ਲਈ 22 ਅਪ੍ਰੈਲ, 2012, F-2B ਕੈਟਾਗਰੀ ਲਈ 1 ਜਨਵਰੀ, 2017, F-2A ਕੈਟਾਗਰੀ ਲਈ 15 ਜੁਲਾਈ, 2024 ਅਤੇ F-1 ਕੈਟਾਗਰੀ ਲਈ 1 ਸਤੰਬਰ 2017 ਵਾਲਿਆਂ ਕੋਲੋਂ ਸਪੋਰਟਿੰਗ ਪੇਪਰ ਮੰਗਵਾਏ ਜਾ ਰਹੇ ਹਨ।

## ਟਰੰਪ ਕੈਨੇਡਾ, ਮੈਕਸੀਕੋ ਤੇ ਚੀਨ ਨਾਲ ਲੜੇਗਾ ਵਪਾਰਕ ਲੜਾਈ

■ ਇਨ੍ਹਾਂ ਦੇਸ਼ਾਂ ਤੋਂ ਆਉਣ ਵਾਲੇ ਸਮਾਨ 'ਤੇ ਟੈਰਿਫ ਲਾਉਣ ਦਾ ਐਲਾਨ
■ ਟਰੰਪ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਅਮਰੀਕਾ 'ਚ ਲਗਾਤਾਰ ਵਧ ਰਹੀ ਆਮਦ ਤੋਂ ਨਾਰਾਜ਼



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੇ ਦੂਜੀ ਵਾਰ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਉਹ 20 ਜਨਵਰੀ 2025 ਨੂੰ ਆਪਣੇ ਅਹੁਦੇ ਦੀ ਸਹੁੰ ਚੁੱਕਣ ਤੋਂ ਤੁਰੰਤ ਬਾਅਦ ਆਪਣੇ ਗੁਆਂਢੀ ਮੁਲਕਾਂ ਕੈਨੇਡਾ ਅਤੇ ਮੈਕਸੀਕੋ ਸਮੇਤ ਚੀਨ ਨਾਲ ਵੀ ਵਪਾਰਕ ਲੜਾਈ ਲੜੇਗਾ। ਉਨ੍ਹਾਂ ਸਪੱਸ਼ਟ ਸ਼ਬਦਾਂ 'ਚ ਆਪਣੇ ਸੋਸ਼ਲ ਮੀਡੀਆ 'ਟ੍ਰਥ' 'ਤੇ ਇਹ ਐਲਾਨ ਕੀਤਾ ਕਿ ਜੇ ਇਹ ਦੇਸ਼ ਉਸ ਦੀਆਂ ਸ਼ਰਤਾਂ ਨਹੀਂ ਮੰਨਣਗੇ, ਤਾਂ ਇਨ੍ਹਾਂ ਮੁਲਕਾਂ 'ਤੇ ਟੈਰਿਫ ਆਇਦ ਕਰ ਦਿੱਤੀ ਜਾਵੇਗੀ। ਟਰੰਪ ਦਾ ਕਹਿਣਾ ਹੈ ਕਿ ਇਨ੍ਹਾਂ ਮੁਲਕਾਂ ਤੋਂ ਭਾਰੀ ਮਾਤਰਾ ਵਿਚ ਡਰੱਗ ਅਮਰੀਕਾ ਪਹੁੰਚ ਰਹੀ ਹੈ। ਇਸ ਦੇ ਨਾਲ-ਨਾਲ ਗੈਰ ਕਾਨੂੰਨੀ ਲੋਕ ਵੀ ਅਮਰੀਕਾ ਵਿਚ ਦਾਖਲ ਹੋ ਰਹੇ ਹਨ। ਇਨ੍ਹਾਂ ਮੁਲਕਾਂ 'ਤੇ ਟੈਰਿਫ ਓਨੀ ਦੇਰ ਲਾਗੂ ਰਹੇਗੀ, ਜਿੰਨੀ ਦੇਰ ਇਹ ਮੁਲਕ ਮੇਰੀਆਂ ਸ਼ਰਤਾਂ ਵੱਲ ਧਿਆਨ ਨਹੀਂ ਦਿੰਦੇ।

ਉਧਰ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਡੋਨਾਲਡ ਟਰੰਪ ਨੂੰ ਫੋਨ ਕਰਕੇ ਕਿਹਾ ਹੈ ਕਿ ਸਾਡੇ ਦੋਵਾਂ ਮੁਲਕਾਂ ਦੇ ਸੰਬੰਧ ਬਹੁਤ ਪੁਰਾਣੇ ਤੇ ਚੰਗੇ ਹਨ, ਇਸ ਵਿਚ ਵਿਗਾੜ ਨਹੀਂ ਪੈਣਾ ਚਾਹੀਦਾ। ਇਸੇ ਤਰ੍ਹਾਂ ਮੈਕਸੀਕੋ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਨੇ ਕਿਹਾ ਹੈ ਕਿ ਟੈਰਿਫ ਲਾਉਣ ਜਾਂ ਧਮਕੀਆਂ ਦੇਣ ਨਾਲ ਅਜਿਹੇ ਮੁੱਦੇ ਹੱਲ ਨਹੀਂ ਹੁੰਦੇ। ਉੱਧਰ ਚੀਨ ਦੇ ਅੰਬੈਸਡਰ ਨੇ ਵੀ ਅਮਰੀਕਾ ਦੇ ਨਵੇਂ ਚੁਣੇ ਗਏ ਡੋਨਾਲਡ ਟਰੰਪ ਨੂੰ ਇਸ ਬਾਰੇ ਮੁੜ ਵਿਚਾਰ ਕਰਨ ਲਈ ਹਦਾਇਤ ਦਿੱਤੀ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਇਨ੍ਹਾਂ ਮੁਲਕਾਂ ਤੋਂ ਵੱਖ-ਵੱਖ ਸਾਮਾਨ ਆਯਾਤ ਕਰਦਾ ਹੈ, ਜਿਨ੍ਹਾਂ ਵਿਚ ਗੈਸ, ਲੱਕੜ, ਪਲਾਸਟਿਕ, ਫਰਨੀਚਰ, ਮਸ਼ੀਨਰੀ, ਕਾਰਾਂ, ਇਲੈਕਟ੍ਰਾਨਿਕ ਸਾਮਾਨ, ਕੰਪਿਊਟਰ, ਫੋਨ, ਰੋਜ਼ਾਨਾ ਵਰਤੋਂ ਵਿਚ ਆਉਣ ਵਾਲਾ ਸਾਮਾਨ, ਗਰੋਸਰੀ ਆਦਿ ਤੋਂ ਇਲਾਵਾ ਹੋਰ ਵੀ ਬਹੁਤ ਕੁੱਝ ਸ਼ਾਮਲ ਹੈ। ਜੇ ਇਨ੍ਹਾਂ ਮੁਲਕਾਂ 'ਤੇ ਟੈਰਿਫ ਲਾ ਦਿੱਤੀ ਗਈ, ਤਾਂ ਅਮਰੀਕਾ ਵਿਚ ਇਨ੍ਹਾਂ ਮੁਲਕਾਂ ਤੋਂ ਆਉਣ ਵਾਲਾ ਸਾਮਾਨ ਮਹਿੰਗੇ ਭਾਅ ਮਿਲੇਗਾ, ਜਿਸ ਵਿਚ ਦੇਸ਼ ਵਿਚ ਮਹਿੰਗਾਈ ਵਧ ਸਕਦੀ ਹੈ।

## ਆਈ.ਪੀ.ਐੱਲ.: ਜਲੰਧਰ ਦੇ ਰਹਿਣ ਵਾਲੇ ਹਰਨੂਰ ਸਿੰਘ ਪਨੂੰ ਪੰਜਾਬ ਕਿੰਗਜ਼ ਟੀਮ 'ਚ ਸ਼ਾਮਲ



**ਜਲੰਧਰ, (ਪੰਜਾਬ ਮੇਲ)**- ਜਲੰਧਰ ਦੇ ਰਹਿਣ ਵਾਲੇ ਹਰਨੂਰ ਸਿੰਘ ਪਨੂੰ ਨੂੰ ਆਈ.ਪੀ.ਐੱਲ. ਲਈ ਪੰਜਾਬ ਟੀਮ ਵੱਲੋਂ ਬੋਲੀ ਦੇ ਕੇ ਖਰੀਦਿਆ ਗਿਆ ਹੈ। ਹਰਨੂਰ ਸਿੰਘ ਨੇ ਪਿਛਲੇ ਸਮੇਂ ਦੌਰਾਨ ਰਣਜੀ ਟਰਾਫੀ ਤੋਂ ਇਲਾਵਾ ਹੋਰ ਵੀ ਵੱਡੇ ਮੁਕਾਬਲਿਆਂ ਵਿਚ ਚੰਗਾ ਪ੍ਰਦਰਸ਼ਨ ਕੀਤਾ ਸੀ, ਜਿਸ ਕਰਕੇ ਉਸ ਨੂੰ ਆਈ.ਪੀ.ਐੱਲ. ਵਿਚ ਬੋਲੀ ਦੇ ਕੇ ਖਰੀਦ ਲਿਆ ਗਿਆ। ਹਰਨੂਰ ਪਹਿਲਾਂ ਚੰਡੀਗੜ੍ਹ ਦੀ ਟੀਮ ਵਿਚ ਖੇਡਦਾ ਸੀ। ਕਾਫੀ ਸਮਾਂ ਉਥੇ ਖੇਡਣ ਤੋਂ ਬਾਅਦ ਉਹ ਦੁਬਾਰਾ ਪੰਜਾਬ ਪਰਤ ਆਇਆ। ਇਥੇ ਵੀ ਉਸ ਨੇ ਵੱਖ-ਵੱਖ ਮੁਕਾਬਲਿਆਂ ਵਿਚ ਬਹੁਤ ਹੀ ਚੰਗਾ ਪ੍ਰਦਰਸ਼ਨ ਕੀਤਾ।

ਜ਼ਿਕਰਯੋਗ ਹੈ ਕਿ ਹਰਨੂਰ ਸਿੰਘ ਦਾ ਪੂਰਾ ਖਾਨਦਾਨ ਕ੍ਰਿਕਟ ਨੂੰ ਸਮਰਪਿਤ ਹੈ। ਇਸ ਦੇ ਬਹੁਤ ਸਾਰੇ ਪਰਿਵਾਰਕ ਜੀਅ ਕ੍ਰਿਕਟ ਦੇ ਵੱਡੇ ਮੁਕਾਬਲੇ ਖੇਡ ਚੁੱਕੇ ਹਨ। ਆਪਣੇ ਦਾਦਾ ਪੁਰਾਣੇ ਕ੍ਰਿਕਟ ਖਿਡਾਰੀ ਅਤੇ ਕੋਚ ਪ੍ਰੋਫੈਸਰ ਰਜਿੰਦਰ ਸਿੰਘ ਅਤੇ ਪਿਤਾ ਬੀਰਇੰਦਰ ਸਿੰਘ ਬੌਬੀ ਵੱਲੋਂ ਇਸ ਨੂੰ ਹਮੇਸ਼ਾ ਹੀ ਹਰ ਤਰ੍ਹਾਂ ਦਾ ਸਹਿਯੋਗ ਮਿਲਦਾ ਰਿਹਾ ਹੈ। ਇਸੇ ਤਰ੍ਹਾਂ ਇਸ ਦੇ ਚਾਚਾ ਭੁਪਿੰਦਰ ਸਿੰਘ ਨੇ ਵੀ ਹਰਨੂਰ ਸਿੰਘ ਲਈ ਕਾਫੀ ਮਿਹਨਤ ਕੀਤੀ ਹੈ।

## ਇਜ਼ਰਾਈਲ-ਹਿਜ਼ਬੁੱਲਾ ਜੰਗਬੰਦੀ ਲਾਗੂ

■ ਦੋਵਾਂ ਧਿਰਾਂ ਨੇ ਸੰਯੁਕਤ ਰਾਜ ਅਤੇ ਫਰਾਂਸ ਵੱਲੋਂ ਕਰਵਾਏ ਕੀਤੇ ਗਏ ਸਮਝੌਤੇ ਨੂੰ ਕੀਤਾ ਸਵੀਕਾਰ : ਬਾਇਡਨ
■ ਬੇਰੂਤ 'ਚ ਗੋਲੀਬਾਰੀ ਦੀ ਸੁਣਾਈ ਦਿੱਤੀ ਆਵਾਜ਼



**ਵਾਸ਼ਿੰਗਟਨ/ਬੈਰੂਤ/ਯੇਰੂਸ਼ਲਮ, (ਪੰਜਾਬ ਮੇਲ)**- ਇਜ਼ਰਾਈਲ ਅਤੇ ਈਰਾਨ-ਸਮਰਥਿਤ ਸਮੂਹ ਹਿਜ਼ਬੁੱਲਾ ਵਿਚਕਾਰ ਇੱਕ ਜੰਗਬੰਦੀ ਬੁੱਧਵਾਰ ਨੂੰ ਲਾਗੂ ਹੋ ਗਈ ਹੈ, ਜਦੋਂ ਇਸ ਬਾਰੇ ਯੂ.ਐੱਸ. ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਦੋਵਾਂ ਧਿਰਾਂ ਨੇ ਸੰਯੁਕਤ ਰਾਜ ਅਤੇ ਫਰਾਂਸ ਵੱਲੋਂ ਕਰਵਾਏ ਕੀਤੇ ਗਏ ਸਮਝੌਤੇ ਨੂੰ ਸਵੀਕਾਰ ਕਰ ਲਿਆ ਹੈ।

ਜੰਗਬੰਦੀ ਲਾਗੂ ਹੋਣ ਤੋਂ ਬਾਅਦ ਪੂਰੇ ਬੈਰੂਤ ਵਿਚ ਗੋਲੀਬਾਰੀ ਦੀ ਆਵਾਜ਼ ਸੁਣਾਈ ਦਿੱਤੀ। ਹਾਲਾਂਕਿ ਇਹ ਤੁਰੰਤ ਸਪੱਸ਼ਟ ਨਹੀਂ ਹੋਇਆ ਸੀ ਕਿ ਕੀ ਗੋਲੀਬਾਰੀ ਜਸ਼ਨ ਮਨਾਉਣ ਵਾਲੀ ਸੀ, ਕਿਉਂਕਿ ਗੋਲੀਬਾਰੀ ਦੀ ਵਰਤੋਂ ਉਨ੍ਹਾਂ ਨਿਵਾਸੀਆਂ ਨੂੰ ਸੁਚੇਤ ਕਰਨ ਲਈ ਵੀ ਕੀਤੀ ਗਈ ਸੀ, ਜਿਨ੍ਹਾਂ ਨੇ ਇਜ਼ਰਾਈਲ ਦੀ ਫੌਜ ਦੁਆਰਾ ਜਾਰੀ ਕੀਤੀ ਨਿਕਾਸੀ ਚੇਤਾਵਨੀਆਂ ਨੂੰ ਖੁੰਝਾਇਆ ਸੀ।

ਰਾਇਟਰਜ਼ ਦੇ ਪ੍ਰਤੱਖਦਰਸ਼ੀਆਂ ਅਨੁਸਾਰ ਬੁੱਧਵਾਰ ਨੂੰ ਤੜਕੇ ਜੰਗਬੰਦੀ ਤੋਂ ਬਾਅਦ ਕਾਰਾਂ ਦੱਖਣੀ ਲਿਬਨਾਨ ਵੱਲ ਜਾਣੀਆਂ ਸ਼ੁਰੂ ਹੋ ਗਈਆਂ, ਜੋ ਇਜ਼ਰਾਈਲ ਦੀ ਸਰਹੱਦ ਨਾਲ ਲੱਗਦੀ ਹੈ। ਜੰਗਬੰਦੀ ਇਜ਼ਰਾਈਲ-ਲਿਬਨਾਨੀ ਸਰਹੱਦ ਦੇ ਪਾਰ ਇੱਕ ਸੰਘਰਸ਼ ਨੂੰ ਖਤਮ ਕਰਨ ਦਾ ਵਾਅਦਾ ਕਰਦੀ ਹੈ, ਜਿਸ ਵਿਚ ਪਿਛਲੇ ਸਾਲ ਗਾਜ਼ਾ ਯੁੱਧ ਵੱਲੋਂ ਭੜਕਣ ਤੋਂ ਬਾਅਦ ਹਜ਼ਾਰਾਂ ਲੋਕ ਮਾਰੇ ਗਏ ਹਨ।

ਬਾਇਡਨ ਨੇ ਮੰਗਲਵਾਰ ਨੂੰ ਵ੍ਹਾਈਟ ਹਾਊਸ ਵਿਚ ਇਜ਼ਰਾਈਲ ਦੀ ਸੁਰੱਖਿਆ ਮੰਤਰੀ ਮੰਡਲ ਵੱਲੋਂ 10-1 ਵੋਟ ਵਿਚ ਸਮਝੌਤੇ ਨੂੰ ਮਨਜ਼ੂਰੀ ਦੇਣ ਤੋਂ ਤੁਰੰਤ ਬਾਅਦ ਗੱਲ ਕੀਤੀ। ਉਨ੍ਹਾਂ ਕਿਹਾ ਕਿ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਲਿਬਨਾਨ ਦੇ ਕਾਰਜਕਾਰੀ ਪ੍ਰਧਾਨ ਮੰਤਰੀ ਨਜੀਬ ਮਿਕਾਤੀ ਨਾਲ ਗੱਲ ਕੀਤੀ ਹੈ ਅਤੇ ਇਹ ਲੜਾਈ ਸਥਾਨਕ ਸਮੇਂ ਅਨੁਸਾਰ ਸਵੇਰੇ 4 ਵਜੇ ਖਤਮ ਹੋ ਜਾਵੇਗੀ। ਬਾਇਡਨ ਨੇ ਕਿਹਾ ਕਿ ਇਜ਼ਰਾਈਲ

■ ਬਾਕੀ ਖਬਰ ਸਫਾ 17 'ਤੇ

## ਹੁਣ ਕੈਨੇਡਾ ਕੱਸਣ ਜਾ ਰਿਹਾ ਵਰਕ ਪਰਮਿਟ (LMIA) 'ਤੇ ਸ਼ਿਕੰਜਾ




**ਟੋਰਾਂਟੋ, (ਬਲਜਿੰਦਰ ਸੇਖਾ/ਪੰਜਾਬ ਮੇਲ)**- ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਵਰਕ ਪਰਮਿਟ (ਐੱਲ.ਐੱਮ.ਆਈ.ਏ.) ਦੀਆਂ ਧੋਖਾਧੜੀ ਦੇ ਕਾਰਨ ਪੱਕੇ ਹੋਣ ਲਈ (ਪੀ.ਆਰ.) ਲਈ 50 ਐੱਲ.ਐੱਮ.ਆਈ.ਏ. ਬੋਨਸ ਪੁਆਇੰਟਾਂ ਨੂੰ ਹਟਾਉਣ ਬਾਰੇ ਸਰਕਾਰ ਵਿਚਾਰ ਕਰ ਰਹੀ ਹੈ ।

ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਦੱਸਿਆ ਕਿ ਐੱਲ.ਐੱਮ.ਆਈ.ਏ. ਦੇ ਵਾਧੂ 50 ਸੀ.ਆਰ.ਐੱਸ. ਪੁਆਇੰਟਾਂ ਨੂੰ ਹਟਾਉਣ 'ਤੇ ਉਹ ਵਿਚਾਰ ਕਰ ਰਹੇ ਹਨ, ਜੋ ਸਥਾਈ ਨਿਵਾਸੀ ਬਿਨੈਕਾਰ ਕਿਸੇ ਰੁਜ਼ਗਾਰਦਾਤਾ ਦੁਆਰਾ ਪੇਸ਼ ਕੀਤੇ ਲੇਬਰ ਮਾਰਕੀਟ ਪ੍ਰਭਾਵ ਮੁਲਾਂਕਣ (ਐੱਲ.ਐੱਮ.ਆਈ.ਏ.) ਦੁਆਰਾ ਲੈ ਸਕਦੇ ਸਨ।

ਉਨ੍ਹਾਂ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਅਤੇ ਇੱਕ ਵਾਰ ਲਾਗੂ ਹੋ ਜਾਣ 'ਤੇ ਇੱਕ ਗੇਮ ਚੇਂਜਰ ਹੋਵੇਗਾ। ਐੱਲ.ਐੱਮ.ਆਈ.ਏ. ਦੀ ਮੰਗ ਯਕੀਨੀ ਤੌਰ 'ਤੇ ਬੰਦ ਹੋ ਜਾਵੇਗੀ ਅਤੇ ਇਸ ਤਰ੍ਹਾਂ ਵਰਕਰਾਂ ਨਾਲ ਦੁਰਵਿਵਹਾਰ ਅਤੇ ਡਾਲਰਾਂ ਦਾ ਲੈਣ-ਦੇਣ ਵੀ ਘੱਟ ਹੋਵੇਗਾ ।

ਪਤਾ ਲੱਗਾ ਸਰਕਾਰ ਕੋਲ ਸ਼ਿਕਾਇਤਾਂ ਪੁੱਜੀਆਂ ਹਨ ਕਿ ਇਸ ਧੰਦੇ ਵਿਚ ਵੱਡੀ ਪੱਧਰ ਤੇ ਪੈਸੇ ਚੱਲ ਰਹੇ ਹਨ।

ਜੇਕਰ ਇਹ ਕਾਨੂੰਨ ਜਲਦੀ ਲਾਗੂ ਹੋ ਗਿਆ, ਤਾਂ ਜਾਇਜ਼ ਵਰਕ ਪਰਮਿਟ 'ਤੇ ਆਉਣ ਵਾਲੇ ਸਿਰਫ ਕੈਨੇਡਾ ਵਿਚ ਕੰਮ ਹੀ ਕਰ ਸਕਣਗੇ। ਪਰ ਪੱਕੇ ਨਹੀਂ ਹੋਣਗੇ। ਇਸ ਕਾਨੂੰਨ ਦੇ ਜਲਦੀ ਲਾਗੂ ਹੋਣ ਦਾ ਅਨੁਮਾਨ ਹੈ।

ਇਸ ਵੇਲੇ ਬਿਨੈਕਾਰ ਇੱਕ ਐੱਲ.ਐੱਮ.ਆਈ.ਏ. ਲਈ 50 ਅੰਕ ਜਾਂ ਐਕਸਪ੍ਰੈਸ ਐਂਟਰੀ ਪ੍ਰਣਾਲੀ ਦੇ ਅਧੀਨ ਪ੍ਰਬੰਧਨ ਦੀਆਂ ਅਹੁਦਿਆਂ ਲਈ 200 ਅੰਕ ਪ੍ਰਾਪਤ ਕਰ ਸਕਦੇ ਹਨ। ਲੇਬਰ ਮਾਰਕੀਟ ਇੰਪੈਕਟ ਅਸੈਸਮੈਂਟ ਦੇ ਨਾਂ 'ਤੇ ਲੋਕਾਂ ਨੂੰ ਠੱਗਿਆ ਜਾ ਰਿਹਾ ਹੈ ਅਤੇ ਕਾਲਾ ਬਾਜ਼ਾਰੀ ਕਰਦਿਆਂ ਇਕ ਕਾਗਜ਼ ਲਈ 70 ਹਜ਼ਾਰ ਡਾਲਰ ਤੱਕ ਦੀ ਮੰਗ ਕੀਤੀ ਜਾ ਰਹੀ ਹੈ, ਜਿਸ ਦੇ ਮੱਦੇਨਜ਼ਰ ਕੈਨੇਡਾ ਸਰਕਾਰ ਇਮੀਗ੍ਰੇਸ਼ਨ ਨਿਯਮਾਂ ਵਿਚ ਸਖ਼ਤੀ ਕਰਨ ਲਈ ਮਜਬੂਰ ਹੋ ਰਹੀ ਹੈ। ਬਗੈਰ ਲਾਇਸੰਸ ਤੋਂ ਕੰਮ ਕਰ ਰਹੇ ਇਮੀਗ੍ਰੇਸ਼ਨ ਸਲਾਹਕਾਰ ਇਸ ਦਾ ਸਭ ਤੋਂ ਵੱਧ ਫ਼ਾਇਦਾ ਉਠਾ ਰਹੇ ਹਨ

■ ਬਾਕੀ ਖਬਰ ਸਫਾ 17 'ਤੇ

## ਪਹਿਲੀ ਆਨਲਾਈਨ ਐੱਨ.ਆਰ.ਆਈ. ਮਿਲਣੀ 4 ਦਸੰਬਰ ਨੂੰ

**ਚੰਡੀਗੜ੍ਹ, (ਪੰਜਾਬ ਮੇਲ)**- ਅਮਰੀਕਾ-ਕੈਨੇਡਾ ਸਣੇ ਦੁਨੀਆਂ ਦੇ ਕੋਨੇ-ਕੋਨੇ ਵਿਚ



ਵਸਦੇ ਪੰਜਾਬੀਆਂ ਮਸਲੇ ਸੁਲਝਾਉਣ ਲਈ ਪੰਜਾਬੀ ਸਰਕਾਰ ਵੱਲੋਂ ਉਪਰਾਲਾ ਕੀਤਾ ਗਿਆ ਹੈ। ਪਹਿਲੀ ਵਾਰ ਆਨਲਾਈਨ ਐੱਨ.ਆਰ.ਆਈ. ਮਿਲਣੀ 4 ਦਸੰਬਰ ਨੂੰ ਕਰਵਾਈ ਜਾ ਰਹੀ ਹੈ। ਪਹਿਲੀ ਆਨਲਾਈਨ ਐੱਨ.ਆਰ.ਆਈ. ਮਿਲਣੀ 4 ਦਸੰਬਰ ਨੂੰ ਪੰਜਾਬ ਦੇ ਐੱਨ.ਆਰ.ਆਈ. ਮਾਮਲਿਆਂ ਬਾਰੇ ਮੰਤਰੀ ਨੇ ਦੱਸਿਆ ਕਿ ਪ੍ਰਵਾਸੀ ਪੰਜਾਬੀਆਂ ਦੀ ਹਰ ਸੰਭਵ ਮਦਦ ਕਰਨ ਦੇ ਯਤਨ ਕੀਤੇ ਜਾਣਗੇ। ਪਿਛਲੇ ਸਮੇਂ ਦੌਰਾਨ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਐੱਨ.ਆਰ.ਆਈ. ਮਿਲਣੀਆਂ ਕਰਵਾਈਆਂ ਜਾ ਰਹੀਆਂ ਸਨ, ਜਦਕਿ ਇਸ ਵਾਰ ਨਵਾਂ ਤਜ਼ਰਬਾ ਕਰਨ ਦਾ ਯਤਨ ਕੀਤਾ ਗਿਆ ਹੈ।

## ਟਰੰਪ ਦੇ ਸਹੁੰ ਚੁੱਕ ਸਮਾਗਮ 'ਚ ਸ਼ਾਮਲ ਹੋਣਗੇ ਜੋਅ ਬਾਇਡਨ: ਵ੍ਹਾਈਟ ਹਾਊਸ



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਆਪਣੇ ਵਾਅਦੇ ਮੁਤਾਬਕ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਅਹੁਦੇ ਦੇ ਸਹੁੰ ਚੁੱਕ ਸਮਾਗਮ ਵਿਚ ਸ਼ਾਮਲ ਹੋਣਗੇ। ਅਮਰੀਕੀ ਰਾਸ਼ਟਰਪਤੀ ਦਫਤਰ 'ਵਾਈਟ ਹਾਊਸ' ਦੇ ਸੀਨੀਅਰ ਡਿਪਟੀ ਪ੍ਰੈੱਸ ਸਕੱਤਰ ਐਂਡਰਿਊ ਬੇਟਸ ਨੇ ਸੋਮਵਾਰ ਨੂੰ ਪੱਤਰਕਾਰਾਂ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ, "ਰਾਸ਼ਟਰਪਤੀ ਨੇ ਵਾਅਦਾ ਕੀਤਾ ਸੀ ਕਿ ਜੋ ਵੀ ਚੋਣ ਜਿੱਤੇਗਾ, ਉਹ ਉਨ੍ਹਾਂ ਦੇ ਸਹੁੰ ਚੁੱਕ ਸਮਾਗਮ 'ਚ ਸ਼ਾਮਲ ਹੋਣਗੇ। ਉਹ ਅਤੇ ਉਨ੍ਹਾਂ ਦੀ ਪਤਨੀ ਇਸ ਵਾਅਦੇ ਦਾ ਸਨਮਾਨ ਕਰਨਗੇ ਅਤੇ ਸਹੁੰ ਚੁੱਕ ਸਮਾਗਮ ਵਿਚ ਸ਼ਾਮਲ ਹੋਣਗੇ।" ਉਨ੍ਹਾਂ ਕਿਹਾ ਕਿ ਬਾਇਡਨ ਇਸ ਨੂੰ ਲੋਕਤੰਤਰੀ ਕਦਰਾਂ-ਕੀਮਤਾਂ ਪ੍ਰਤੀ ਵਚਨਬੱਧਤਾ ਦਾ ਇਕ ਮਹੱਤਵਪੂਰਨ ਪ੍ਰਦਰਸ਼ਨ ਮੰਨਦੇ ਹਨ। ਜ਼ਿਕਰਯੋਗ ਹੈ ਕਿ ਟਰੰਪ ਦਾ ਸਹੁੰ ਚੁੱਕ ਸਮਾਗਮ 20 ਜਨਵਰੀ 2025 ਨੂੰ ਹੋਵੇਗਾ।

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਅਹਿਮ ਮੀਟਿੰਗ ਹੋਈ







**ਸੈਕਰਾਮੈਂਟੋ, (ਪੰਜਾਬ ਮੇਲ)**- ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਸਾਹਿਬ ਸੰਤ ਸਾਗਰ, ਸੈਕਰਾਮੈਂਟੋ ਵਿਖੇ ਹੋਈ। ਮੀਟਿੰਗ ਦੌਰਾਨ ਜਿੱਥੇ ਸਭਾ ਬਾਰੇ ਵਿਚਾਰ-ਵਟਾਂਦਰੇ ਹੋਏ, ਉਥੇ ਕਵੀ ਸੰਮੇਲਨ ਵੀ ਹੋਇਆ। ਮੀਟਿੰਗ ਵਿਚ ਵਿਸ਼ੇਸ਼ ਤੌਰ ’ਤੇ ਐਲਕ ਗਰੋਵ ਸਿਟੀ ਦੀ ਮੇਅਰ ਬੌਬੀ ਸਿੰਘ ਐਲਨ ਵੀ ਪਹੁੰਚੀ। ਮੀਟਿੰਗ ਦੀ ਕਾਰਵਾਈ ਸ਼ੁਰੂ ਕਰਦਿਆਂ ਸਭਾ ਦੇ ਸਕੱਤਰ ਗੁਰਜਤਿੰਦਰ ਸਿੰਘ ਰੰਧਾਵਾ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਕਵੀ ਸੰਮੇਲਨ ਸ਼ੁਰੂ ਹੋਇਆ। ਇਸ ਵਿਚ ਹੋਰਨਾਂ ਤੋਂ ਇਲਾਵਾ ਮਾਈਕਲ ਬਾਠਲਾ, ਦਿਲ ਨਿੱਜਰ, ਹਰਭਜਨ ਸਿੰਘ ਢੇਰੀ, ਜੋਤੀ ਸਿੰਘ, ਪਰਗਟ ਸਿੰਘ ਹੁੰਦਲ, ਮਕਸੂਦ ਅਲੀ ਕੰਬੋਜ, ਜੀਵਨ ਰੱਤੂ, ਭਾਗ ਸਿੰਘ ਸਿੱਧੂ, ਅਮਨਪ੍ਰੀਤ ਸਿੰਘ ਸਿੱਧੂ, ਰਾਜ ਖਾਨ, ਫਕੀਰ ਸਿੰਘ ਮੱਲੀ, ਹਰਜੀਤ ਹਮਸਫਰ, ਗੁਰਦੀਪ ਕੌਰ, ਤਤਿੰਦਰ ਕੌਰ, ਮਨਮੋਹਨ ਪੁਰੇਵਾਲ ਨੇ ਆਪੋ-ਆਪਣੇ ਕਲਾਮ ਪੇਸ਼ ਕੀਤੇ। ਇਸ ਮੌਕੇ ਨਰਿੰਦਰਪਾਲ ਸਿੰਘ ਹੁੰਦਲ ਨੇ ਆਪਣੇ ਵਿਚਾਰ ਪੇਸ਼ ਕੀਤੇ। ਕੁੱਲ ਮਿਲਾ ਕੇ ਇਹ ਮਹੀਨਾਵਾਰ ਮੀਟਿੰਗ ਕਾਮਯਾਬ ਰਹੀ।

# ਬੀ.ਸੀ. ’ਚ ਕਤਲ 3 ਪੰਜਾਬਣਾਂ ਸਣੇ 16 ਔਰਤਾਂ ਦੀ ਯਾਦ ਵਿਚ ਮੂਕ ਇਕੱਠ

**ਬ੍ਰਿਟਿਸ਼ ਕੋਲੰਬੀਆ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਬੀ.ਸੀ. ਵਿਚ ਮੌਜੂਦਾ ਵਰ੍ਹੇ ਦੌਰਾਨ ਕਤਲ ਕੀਤੀਆਂ ਤਿੰਨ ਪੰਜਾਬਣਾਂ ਸਣੇ 16 ਔਰਤਾਂ ਦੀ ਯਾਦ ’ਚ ਵਿਧਾਨ ਸਭਾ ਦੇ ਬਾਹਰ ਮੂਕ ਇਕੱਠ ਕੀਤਾ ਗਿਆ। ਇਕੱਠ ਵਿਚ ਸ਼ਾਮਲ ਬੀਬੀਆਂ ਦੇ ਹੱਥਾਂ ਵਿਚ ਉਨ੍ਹਾਂ ਔਰਤਾਂ ਦਾ ਨਾਂ ਵਾਲੀਆਂ ਤਖਤੀਆਂ ਚੁੱਕੀਆਂ ਹੋਈਆਂ ਸਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਨੂੰ ਉਨ੍ਹਾਂ ਦੇ ਪਤੀ ਵੱਲੋਂ ਕਤਲ ਕੀਤਾ ਗਿਆ। ਮੂਕ ਇਕੱਠ ਦੌਰਾਨ ਪੰਜਾਬੀ ਮੂਲ ਦੀਆਂ ਔਰਤਾਂ ਵਿਚੋਂ ਪਹਿਲਾ ਨਾਂ 28 ਸਾਲ ਦੀ ਨਵਦੀਪ ਕੌਰ ਦਾ ਸੀ, ਜੋ 22 ਫਰਵਰੀ ਨੂੰ ਲਾਪਤਾ ਹੋਈ ਅਤੇ ਇਸ ਮਗਰੋਂ ਉਸ ਦੀ ਲਾਸ਼ ਹੀ ਬਰਾਮਦ ਹੋ ਸਕੀ। ਪੁਲਿਸ ਇਸ ਮਾਮਲੇ ਦੀ ਕਤਲ ਵਜੋਂ ਪੜਤਾਲ ਕਰ ਰਹੀ ਹੈ। ਦੂਜਾ ਸਾਈਨ 33 ਸਾਲ ਦੀ ਪਵਿੱਤਰਪ੍ਰੀਤ ਕੌਰ ਸਿੱਧੂ ਦੇ ਨਾਂ ਵਾਲਾ ਸੀ, ਜਿਸ ਦੀ ਹੱਤਿਆ 26 ਅਪ੍ਰੈਲ ਨੂੰ ਹੋਈ ਅਤੇ ਪਤੀ ਵਿਰੁੱਧ ਦੋਸ਼ ਲੱਗੇ।

ਤੀਜਾ ਸਾਈਨ 41 ਸਾਲ ਦੀ ਬਲਵਿੰਦਰ ਕੌਰ ਦਾ ਸੀ, ਜਿਸ ਦਾ 15 ਮਾਰਚ ਨੂੰ ਕਤਲ ਕੀਤਾ ਗਿਆ ਅਤੇ ਉਸ ਦੇ ਪਤੀ ਵਿਰੁੱਧ ਕਤਲ ਦੇ ਦੋਸ਼ ਲੱਗੇ। ਸਾਊਥ ਏਸ਼ੀਅਨ ਮੂਲ ਦੀ ਰੌਸ਼ਨੀ ਗੁਰੰਗ ਦਾ ਵੈਨਕੂਵਰ ਵਿਖੇ 22 ਨਵੰਬਰ ਨੂੰ ਕਤਲ ਕਰ ਦਿਤਾ ਗਿਆ ਅਤੇ ਉਸ ਦੇ ਪਤੀ ਵਿਰੁੱਧ ਕਤਲ ਦੇ ਦੋਸ਼ ਲੱਗੇ ਹਨ। ਉਧਰ ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਔਰਤਾਂ ਵਾਸਤੇ ਸਭ ਤੋਂ ਖ਼ਤਰਨਾਕ ਥਾਂ ਉਨ੍ਹਾਂ ਦਾ ਘਰ ਹੈ ਕਿਉਂਕਿ 2023 ਵਿਚ ਰੋਜ਼ਾਨਾ 140 ਔਰਤਾਂ ਜਾਂ ਕੁੜੀਆਂ ਦਾ ਉਨ੍ਹਾਂ ਦੇ ਪਾਰਟਨਰ ਜਾਂ ਰਿਸ਼ਤੇਦਾਰ ਵੱਲੋਂ ਕਤਲ ਕੀਤਾ ਗਿਆ। ਕੁੱਲ ਮਿਲਾ ਕੇ ਦੇਖਿਆ ਜਾਵੇ, ਤਾਂ 50 ਹਜ਼ਾਰ ਤੋਂ ਵੱਧ ਔਰਤਾਂ ਦਾ ਉਨ੍ਹਾਂ ਦੇ ਪਾਰਟਨਰ ਜਾਂ ਕਿਸੇ ਪਰਿਵਾਰਕ ਮੈਂਬਰ ਨੇ ਕਤਲ ਕੀਤਾ। ਔਰਤਾਂ ਵਿਰੁੱਧ ਹਿੰਸਾ ਦੇ ਖਾਤਮੇ ਲਈ ਕੌਮਾਂਤਰੀ ਦਿਹਾੜੇ ਮੌਕੇ ਜਾਰੀ ਰਿਪੋਰਟ ਕਹਿੰਦੀ ਹੈ ਕਿ ਦੁਨੀਆਂ ਦੇ ਹਰ ਕੋਨੇ ਵਿਚ ਔਰਤਾਂ ਅਤੇ ਕੁੜੀਆਂ ਨੂੰ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਖਿਤਿਆਂ ਦੇ ਹਿਸਾਬ ਨਾਲ 2023 ਦੌਰਾਨ ਅਫਰੀਕਾ ਮਹਾਂਦੀਪ ’ਚ 21,700 ਔਰਤਾਂ ਦੇ ਕਤਲ ਹੋਏ ਅਤੇ ਇਕ ਲੱਖ ਦੀ ਆਬਾਦੀ ਪਿੱਛੇ ਇਹ ਅੰਕੜਾ 2.9 ਬਣਦਾ ਹੈ। ਅਮਰੀਕਾ ਵਿਚ ਇਕ ਲੱਖ ਦੀ ਆਬਾਦੀ ਪਿੱਛੇ 1.6 ਔਰਤਾਂ ਦੀ ਹੱਤਿਆ ਕੀਤੀ ਗਈ ਪਰ ਏਸ਼ੀਆ ਵਿਚ ਇਹ ਅੰਕੜਾ 0.8 ਫੀਸਦੀ ਰਿਹਾ। ਉਧਰ ਯੂਰਪ ਵਿਚ ਸਭ ਤੋਂ ਘੱਟ 0.6 ਫੀਸਦੀ ਅੰਕੜਾ ਦਰਜ ਕੀਤਾ ਗਿਆ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com



# ਪਹਿਲੇ ਪੰਜਾਬੀ ਸਤਪਾਲ ਸਿੰਘ ਜੌਹਲ ਦੂਜੀ ਵਾਰ ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਡਿਪਟੀ ਚੇਅਰਮੈਨ ਦੀ ਚੋਣ ਜਿੱਤੇ

**ਬਰੈਂਪਟਨ, (ਬਲਜਿੰਦਰ ਸੇਖਾ/ ਪੰਜਾਬ ਮੇਲ)**- ਸਤਪਾਲ ਸਿੰਘ ਜੌਹਲ ਸੀਨੀਅਰ ਪੱਤਰਕਾਰ ਦੂਜੀ ਵਾਰ ਫ਼ਿਰ ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਡਿਪਟੀ ਚੇਅਰਮੈਨ ਬਣ ਗਏ ਹਨ। ਓਨਟਾਰੀਓ ਦੇ ਤਿੰਨ ਸ਼ਹਿਰ ਮਿਸੀਸਾਗਾ, ਬਰੈਂਪਟਨ ਤੇ ਕੈਲੇਡਨ ਦੇ ਵਸਨੀਕਾਂ ਦੀ 15 ਲੱਖ ਆਬਾਦੀ ਵੱਲੋਂ ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ 12 ਉਮੀਦਵਾਰ ਵੋਟਾਂ ਪਾ ਕੇ ਚੁਣੇ ਗਏ। ਵਿਲੱਖਣ ਗੱਲ ਇਹ ਹੈ ਕਿ ਸਤਪਾਲ ਸਿੰਘ ਜੌਹਲ ਇੱਕੋਂ ਇੱਕ ਮਾਣਮੱਤੀ ਪੰਜਾਬੀ ਸ਼ਖਸੀਅਤ ਹੈ, ਜਿਨ੍ਹਾਂ ਨੂੰ ਇਹ ਮਾਣ ਹਾਸਲ ਹੋਇਆ ਹੈ। ਇਨ੍ਹਾਂ ਨੇ ਸਵਾ ਲੱਖ ਆਬਾਦੀ ਦੀ ਨੁਮਾਇੰਦਗੀ ਕਰਦਿਆਂ ਦੂਜੀ ਵਾਰ ਵੋਟਾਂ ਹਾਸਲ ਕਰਕੇ ਇਹ ਮਾਣ ਹਾਸਲ ਕੀਤਾ। ਉਹ ਪਿਛਲੇ ਲੰਬੇ ਸਮੇਂ ਤੋਂ ਕੈਨੇਡਾ ਵਿਚ ਪੱਤਰਕਾਰੀ ਤੇ ਸਮਾਜ ਸੇਵਾ ਦੇ ਖ਼ੇਤਰ ਵਿਚ ਵੱਡਾ ਰੁਤਬਾ ਰੱਖਦੇ ਹਨ। ਸਤਪਾਲ ਸਿੰਘ ਜੌਹਲ ਨੇ ਹਮੇਸ਼ਾ ਨਿੱਧੜਕ ਕਾਰਗੁਜ਼ਾਰੀ ਸਦਕਾ ਇੱਕ ਵਿਲੱਖਣ ਪਹਿਚਾਣ ਬਣਾਈ ਹੈ। ਇਸ ਤੋਂ ਇਲਾਵਾ ਕੈਨੇਡਾ ਦੇ ਮੇਨ ਸਟਰੀਮ ਮੀਡੀਆ ਵਿਚ ਭਾਈਚਾਰੇ ਦਾ ਪੱਖ ਅਤੇ ਸਾਵੀਂ ਸੱਚੀ ਨਿੱਧੜਕ ਗੱਲ ਰੱਖਦੇ ਹਨ।

ਜ਼ਿਕਰਯੋਗ ਹੈ ਕਿ ਸਤਪਾਲ ਸਿੰਘ ਜੌਹਲ ਨੇ ਪੰਜਾਬੀ ਵਸੋਂ ਵਾਲੇ



ਸ਼ਹਿਰ ਬਰੈਂਪਟਨ ਦੇ ਸ਼ੀਵੀਕ ਹਸਪਤਾਲ ਦੇ ਗੁਰੂ ਨਾਨਕ ਐਮਰਜੰਸੀ ਵਿਭਾਗ ਵਿਖੇ ਹਸਪਤਾਲ ਦੇ ਸਾਈਨ ਲਗਵਾਉਣ ਲਈ ਸਖ਼ਤ ਘਾਲਣਾ ਕੀਤੀ ਸੀ, ਜਿਸ ਦੇ ਚੱਲਦਿਆਂ ਭਾਈ ਕਰਨੈਲ ਸਿੰਘ ਖ਼ਾਲਸਾ ਨੇ ਵਿਲੀਅਮ ਓਸਲਰ ਸਿਹਤ ਵਿਭਾਗ ਨੂੰ 16 ਹਜ਼ਾਰ ਡਾਲਰ ਦਾ ਸਹਿਯੋਗ ਦਿੱਤਾ ਸੀ।

ਬਰੈਂਪਟਨ ਵਿਖੇ ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਉਪ ਚੇਅਰਮੈਨ ਸਤਪਾਲ ਸਿੰਘ ਜੌਹਲ ਅਤੇ ਸਕੂਲ ਬੋਰਡ ਟਰੱਸਟੀ ਦੇ ਯੋਗਦਾਨ ਸਦਕਾ ਵਾਰਡ ਨੰਬਰ 9 ਤੇ 10 ਸਥਿਤ ਸਰਕਾਰੀ ਸਕੂਲਾਂ ਦੀ ਗ੍ਰੈਜੂਏਸ਼ਨ ਮੌਕੇ ਉੱਤਮ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਸਕੂਲ ਟਰੱਸਟੀ ਐਕਸੀਲੈਂਸ ਅਵਾਰਡ ਤਹਿਤ ਬੱਚਿਆਂ ਨੂੰ ਸਨਮਾਨਿਤ ਕੀਤੇ ਜਾਣ ਦਾ ਸਿਲਸਿਲਾ ਵੀ ਸ਼ੁਰੂ ਕੀਤਾ ਗਿਆ, ਜਿਸ ਦੇ ਤਹਿਤ ਹਰੇਕ ਸਕੂਲ ਦੇ ਵਿਦਿਆਰਥੀਆਂ ਨੂੰ ਇਹ ਅਵਾਰਡ ਦਿੱਤੇ ਜਾਂਦੇ ਹਨ।

ਸਰਦਾਰ ਸਤਪਾਲ ਸਿੰਘ ਜੌਹਲ ਦੀ ਅਗਵਾਈ ਹੇਠ ਪੀਲ ਬੋਰਡ ਦੇ ਅੱਧੀ ਦਰਜਨ ਸੈਕੰਡਰੀ ਸਕੂਲ, 30 ਤੋਂ ਵੱਧ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲ ਅਤੇ ਅਧਿਆਪਕਾਂ ਦੀ ਸਲਾਹ ਨਾਲ ਸਕੂਲੀ ਵਿਦਿਆਰਥੀਆਂ ਨੂੰ ਸੁਖਾਵੇਂ ਮਾਹੌਲ ਵਿਚ ਰੱਖਣ ਲਈ 12ਵੀਂ ਜਮਾਤ ਦੇ ਵਿਦਿਆਰਥੀਆਂ ਦੀ ਚੋਣ ਕਰਕੇ ਉਨ੍ਹਾਂ ਨੂੰ ਸਨਮਾਨ ਦਿੱਤੇ ਜਾਣ ਆਦਿ ਸਮੇਤ ਕਈ ਉਪਰਾਲੇ ਕਰਵਾਏ ਗਏ ਹਨ। ਸਤਪਾਲ ਜੌਹਲ ਦੀ ਮੁੜ ਨਿਯੁਕਤੀ ਤੇ ਵਿਲੇਜ ਆਫ ਇੰਡੀਆ ਅਤੇ ਬਰੈਂਪਟਨ ਕੈਸ਼ ਐਂਡ ਕੈਰੀ ਦੇ ਬਾਨੀ ਸਰਦਾਰ ਸੁਬੇਗ ਸਿੰਘ, ਮਾਤਾ ਪ੍ਰੀਤਮ ਕੌਰ, ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ, ਵਿਸ਼ਵ ਪੰਜਾਬੀ ਸਭਾ ਦੇ ਸਰਪ੍ਰਸਤ ਸ. ਇੰਦਰਜੀਤ ਸਿੰਘ ਬੱਲ, ਬਰੈਂਪਟਨ ਦੇ ਡਿਪਟੀ ਮੇਅਰ ਹਰਕੀਰਤ ਸਿੰਘ, ਮੈਂਬਰ ਪਾਰਲੀਮੈਂਟ ਮਨਿੰਦਰ ਸਿੰਘ ਸਿੱਧੂ, ਸਾਹਿਤਕਾਰ ਤੇ ਬੁੱਧੀਜੀਵੀ ਪੂਰਨ ਸਿੰਘ ਪਾਂਧੀ, ਸਰਦਾਰ ਗੁਰਚਰਨ ਸਿੰਘ ਸੌਂਧ, ਸਰਦਾਰ ਮਲੂਕ ਸਿੰਘ ਕਾਹਲੋਂ, ਸਰਦਾਰ ਸੁਖਵੰਤ ਸਿੰਘ ਠੇਠੀ, ਜੰਗੀਰ ਸਿੰਘ ਸੈਂਹਬੀ, ਸਰਦਾਰ ਜਗਜੀਤ ਸਿੰਘ ਗਰੇਵਾਲ, ਸ. ਸੁਖਦੇਵ ਸਿੰਘ ਝੰਡ, ਸ. ਸੁਖਦੇਵ ਸਿੰਘ ਗਿੱਲ, ਗਿਆਨ ਸਿੰਘ ਕੰਗ, ਸਾਬਕਾ ਐੱਮ.ਪੀ. ਗੁਰਬਖਸ਼ ਸਿੰਘ ਮੱਲੀ, ਸ਼੍ਰੀਮਤੀ ਇੰਦਰਜੀਤ ਕੌਰ, ਸਾਹਿਤਕਾਰ ਸ਼੍ਰੀਮਤੀ ਪਰਮਜੀਤ ਕੌਰ ਦਿਓਲ, ਸ਼ਿੰਦਰਪਾਲ ਕੌਰ, ਸੁੰਦਰ ਪਾਲ ਰਾਜਾ ਸਾਂਸੀ, ਕਮਲਜੀਤ ਤਾਤਲਾ, ਕੁਲਦੀਪ ਕੌਰ ਗਰੇਵਾਲ, ਮਸੂਦ ਚੌਧਰੀ ਜਸਵਿੰਦਰ ਸਿੰਘ ਬਿੱਟਾ ਸੀਨੀਅਰ ਪੱਤਰਕਾਰ, ਇੰਡੈਕਸ ਰਿਐਲਿਟੀ ਤੋਂ ਹਰਦੀਪ ਸਿੰਘ ਸਿਵੀਆ, ਜੱਸ ਸਿੱਧੂ, ਹੈਰੀ ਸੰਧੂ ਲੋਕ ਗਾਇਕ, ਜਗਦੀਪ ਕੂਲਾਰ, ਜੱਸੀ ਔਲਖ, ਜਗਦੀਸ਼ ਧਾਲੀਵਾਲ, ਪਵਨ ਰਾਣਾ, ਹਰਪ੍ਰੀਤ ਖਹਿਰਾ, ਹਰਵਿੰਦਰ ਸੰਘਾ, ਕਰਮਜੀਤ ਧਾਲੀਵਾਲ ਅਤੇ ਅਜੀਤ ਦੇ ਬਰੈਂਪਟਨ ਤੋਂ ਨੁਮਾਇੰਦੇ ਹਰਜੀਤ ਸਿੰਘ ਬਾਜਵਾ ਤੋਂ ਇਲਾਵਾ ਬਰੈਂਪਟਨ ਦੀਆਂ ਪ੍ਰਸਿੱਧ ਸਾਮਾਜਿਕ, ਸੱਭਿਆਚਾਰਕ ਤੇ ਖੇਡ ਸੰਸਥਾਵਾਂ ਨੇ ਸਰਦਾਰ ਜੌਹਲ ਦੀ ਦੂਜੀ ਵਾਰ ਜਿੱਤ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ, ਤੇ ਆਸ ਪ੍ਰਗਟਾਈ ਕਿ ਸਤਪਾਲ ਜੌਹਲ ਪਹਿਲਾਂ ਦੀ ਤਰ੍ਹਾਂ ਸਕੂਲ ਸਿੱਖਿਆ ਵਿਚ ਅਹਿਮ ਸੁਧਾਰ ਲਿਆਉਣ ਲਈ ਯਤਨਸ਼ੀਲ ਰਹਿਣਗੇ ਅਤੇ ਕਮਿਊਨਿਟੀ ਵਿਚ ਵਿਲੱਖਣ ਛਾਪ ਛੱਡਦੇ ਰਹਿਣਗੇ।

# ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ 'ਤੇ ਗੌਤਮ ਅਡਾਨੀ ਨੂੰ ਮਿਲ ਸਕਦੀ ਹੈ ਕਲੀਨ ਚਿਟ





**ਨਿਊਯਾਰਕ, (ਪੰਜਾਬ ਮੇਲ)**- ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਜਨਵਰੀ ਵਿਚ ਸਹੁੰ ਚੁੱਕਣਗੇ। ਰਾਸ਼ਟਰਪਤੀ ਬਣਦੇ ਹੀ ਟਰੰਪ ਭਾਰਤੀ ਕਾਰੋਬਾਰੀ ਗੌਤਮ ਅਡਾਨੀ ਨੂੰ ਵੱਡੀ ਰਾਹਤ ਦੇ ਸਕਦੇ ਹਨ। ਮਸ਼ਹੂਰ ਭਾਰਤੀ-ਅਮਰੀਕੀ ਵਕੀਲ ਰਵੀ ਬੱਤਰਾ ਨੇ ਕਿਹਾ ਹੈ ਕਿ ਜੇਕਰ ਡੋਨਾਲਡ ਟਰੰਪ ਦੇ ਅਮਰੀਕੀ ਰਾਸ਼ਟਰਪਤੀ ਬਣਨ ਤੋਂ ਬਾਅਦ ਅਰਬਪਤੀ ਗੌਤਮ ਅਡਾਨੀ 'ਤੇ ਲੱਗੇ ਦੋਸ਼ ਬੇਬੁਨਿਆਦ ਜਾਂ ਖਾਮੀਆਂ ਵਾਲੇ ਪਾਏ ਜਾਂਦੇ ਹਨ, ਤਾਂ ਭਾਰਤੀ ਕਾਰੋਬਾਰੀ ਖ਼ਿਲਾਫ਼ 26.5 ਕਰੋੜ ਅਮਰੀਕੀ ਡਾਲਰ ਦਾ ਰਿਸ਼ਵਤ ਦਾ ਕੇਸ ਵਾਪਸ ਲਏ ਜਾਣ ਦੀ ਸੰਭਾਵਨਾ ਬਰਕਰਾਰ ਹੈ।

ਹਰ ਨਵੇਂ ਰਾਸ਼ਟਰਪਤੀ ਕੋਲ ਨਵੀਂ ਟੀਮ ਹੁੰਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਟਰੰਪ ਸੰਯੁਕਤ ਰਾਜ ਦੇ 47ਵੇਂ ਰਾਸ਼ਟਰਪਤੀ ਵਜੋਂ ਚੁਣੇ ਜਾਂਦੇ ਹਨ, ਤਾਂ ਉਹ "ਕਿਸੇ ਵੀ ਮੁਕੱਦਮੇ ਨੂੰ ਬੇਅਸਰ ਕਰ ਦੇਣਗੇ, ਜੋ ਸਦਭਾਵਨਾ ਦੇ ਉਲਟ 'ਵਿਰੋਧੀ ਨੂੰ ਨਿਸ਼ਾਨਾ ਬਣਾਉਣ ਲਈ ਕਾਨੂੰਨ ਦੀ ਮੰਗ' 'ਤੇ ਆਧਾਰਿਤ ਹੈ।" ਬੱਤਰਾ ਨੇ ਕਿਹਾ, "ਨਿਸ਼ਾਨਾ ਬਣਾਉਣ ਲਈ ਕਾਨੂੰਨ ਦੀ ਚੋਣਵੀਂ ਵਰਤੋਂ ਕਰਨਾ ਸਾਡੇ ਸੰਘੀ ਸੰਵਿਧਾਨ ਦੁਆਰਾ ਦਿੱਤੀ ਗਈ 'ਕਾਨੂੰਨਾਂ ਦੀ ਬਰਾਬਰ ਸੁਰੱਖਿਆ' ਦੀ ਗਰੰਟੀ ਦੇ ਟੀਚੇ ਨੂੰ ਮੂਲੋਂ ਹੀ ਨਕਾਰਦੀ ਹੈ।" ਉਨ੍ਹਾਂ ਕਿਹਾ, "ਇਹ ਉਹ ਮੁੱਦਾ ਹੈ, ਜਿਸ ਨੂੰ ਗੌਤਮ ਅਡਾਨੀ ਆਪਣੀ ਸਰਕਾਰ ਕੋਲ ਉਠਾ ਸਕਦਾ ਹੈ ਅਤੇ ਆਉਣ ਵਾਲੇ ਟਰੰਪ ਪ੍ਰਸ਼ਾਸਨ ਨਾਲ ਇਸ ਨੂੰ ਦੁਵੱਲੇ ਤੌਰ 'ਤੇ ਉਠਾਉਣ ਲਈ ਬੇਨਤੀ ਕਰ ਸਕਦਾ ਹੈ।"

ਟਰੰਪ 20 ਜਨਵਰੀ, 2025 ਨੂੰ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣਗੇ। ਬੱਤਰਾ ਨੇ ਕਿਹਾ, "ਰਾਸ਼ਟਰਪਤੀ ਟਰੰਪ ਦਾ ਨਵਾਂ ਨਿਆਂ ਵਿਭਾਗ ਅਤੇ ਐੱਸ.ਈ.ਸੀ. (ਸਿਕਿਓਰਿਟੀਜ਼ ਐਂਡ ਐਕਸਚੇਂਜ ਕਮਿਸ਼ਨ) ਅਪਰਾਧਿਕ ਜਾਂ ਸਿਵਲ ਦੋਸ਼ਾਂ ਨੂੰ ਬੇਬੁਨਿਆਦ ਜਾਂ ਖਾਮੀਆਂ ਮੰਨੇ ਜਾਣ 'ਤੇ ਅਪਰਾਧਿਕ ਅਤੇ ਸਿਵਲ ਕੇਸਾਂ ਨੂੰ ਵਾਪਸ ਲੈ ਸਕਦੇ ਹਨ।" ਨਾਲ ਹੀ ਉਨ੍ਹਾਂ ਨੇ ਕਿਹਾ ਕਿ ਅਡਾਨੀ ਖ਼ਿਲਾਫ਼ ਰਿਸ਼ਵਤਖੋਰੀ ਦਾ ਦੋਸ਼ ਅਮਰੀਕੀ ਕਾਨੂੰਨਾਂ ਦੇ ਦੇਸ਼ ਦੇ ਬਾਹਰ ਲਾਗੂ ਹੋਣ ਦਾ ਮੁੱਦਾ ਵੀ ਬਣਦਾ ਹੈ ਕਿਉਂਕਿ ਭਾਰਤੀ ਉਦਯੋਗਪਤੀ ਅਤੇ ਇਸ ਕੇਸ ਦੇ ਹੋਰ ਮੁਲਜ਼ਮ ਇੱਥੇ ਨਹੀਂ ਰਹਿੰਦੇ ਹਨ। ਅਮਰੀਕੀ ਅਧਿਕਾਰੀਆਂ ਨੇ ਗੌਤਮ ਅਡਾਨੀ ਅਤੇ ਉਸ ਦੇ ਭਤੀਜੇ ਸਾਗਰ ਅਡਾਨੀ ਸਮੇਤ ਸੱਤ ਹੋਰਾਂ 'ਤੇ 26.5 ਕਰੋੜ ਅਮਰੀਕੀ ਡਾਲਰ ਦੇ ਰਿਸ਼ਵਤ ਦੇ ਮਾਮਲੇ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਹੈ।

Global Allianz
LAW FIRM LLP
ਕਾਨੂੰਨੀ ਸਲਾਹਾਂ
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਨਵਜੋਤ ਸਿੱਧੂ ਦਾ 'ਕੈਂਸਰ ਵਿਰੋਧੀ' ਨੁਸਖ਼ਾ ਕੈਨੇਡਾ 'ਚ ਵਾਇਰਲ

## ■ ਸ਼ੱਕੀ ਮਰੀਜ਼ਾਂ ਦੇ ਮਨਾਂ 'ਚ ਉਮੀਦ ਦੀ ਕਿਰਨ ਜਾਗੀ



**ਵੈਨਕੂਵਰ, (ਪੰਜਾਬ ਮੇਲ)-** ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਵਲੋਂ ਆਪਣੀ ਪਤਨੀ ਦੇ ਖਾਣ-ਪੀਣ ਵਿਚ ਬਦਲਾਅ ਕਰ ਕੇ ਕੈਂਸਰ ਮੁਕਤ ਹੋ ਜਾਣ ਦੀ ਵੀਡੀਓ ਕੈਨੇਡਾ ਵਿਚ ਵਾਇਰਲ ਹੋਣ ਦੇ ਨਾਲ-ਨਾਲ ਕੈਂਸਰ ਪੀੜਤ ਮਰੀਜ਼ਾਂ ਵਲੋਂ ਉਸ ਨੁਸਖ਼ੇ ਉੱਤੇ ਅਮਲ ਕੀਤੇ ਜਾਣ ਦਾ ਪਤਾ ਲੱਗਾ ਹੈ। ਆਖਿਆ ਜਾਂਦਾ ਹੈ ਕਿ ਭਾਰਤੀ ਸਟੋਰਾਂ 'ਤੇ ਇਸ ਨੁਸਖ਼ੇ ਵਿਚ ਸੁਝਾਏ ਸਾਮਾਨ ਦੀ ਮੰਗ ਕਾਫੀ ਵਧ ਗਈ ਹੈ।

ਪਹਿਲਾਂ ਸਟੋਰਾਂ ਤੋਂ ਸਾਮਾਨ ਲਿਜਾਣ ਵਾਲੇ ਲੋਕਾਂ ਦੀਆਂ ਟਰਾਲੀਆਂ ਵਿਚ ਹੁਣ ਮਿਕਸ ਬੈਰੀਆਂ ਦੇ ਪੈਕਟ ਵੇਖੇ ਜਾਣ ਲੱਗੇ ਹਨ। ਇਨ੍ਹਾਂ ਸਟੋਰਾਂ ਦੇ ਸੇਲ ਅਮਲੇ 'ਚੋਂ ਕੁਝ ਨਾਲ ਗੱਲ ਕਰਨ 'ਤੇ ਉਨ੍ਹਾਂ ਕਿਹਾ ਕਿ ਦੋ ਕੁ ਦਿਨਾਂ ਤੋਂ ਉਸ ਨੁਸਖ਼ੇ ਵਾਲੀਆਂ ਵਸਤਾਂ ਦੀ ਮੰਗ ਤੇ ਵਿਕਰੀ ਪਹਿਲਾਂ ਤੋਂ ਦੁੱਗਣੀ-ਤਿੱਗਣੀ ਵਧ ਗਈ ਹੈ। ਇੱਕ ਵਿਅਕਤੀ ਨੇ ਦੱਸਿਆ ਕਿ ਨਿੰਮ ਤੇ ਤੁਲਸੀ ਦੇ ਪੱਤਿਆਂ ਦੀ ਮੰਗ ਪਹਿਲੀ ਵਾਰ ਹੋਣ ਲੱਗੀ ਹੈ।

ਕੁਝ ਸ਼ੱਕੀ ਕੈਂਸਰ ਮਰੀਜ਼ਾਂ ਨਾਲ ਗੱਲ ਕਰਨ 'ਤੇ ਇਸ ਗੱਲ ਦੀ ਪੁਸ਼ਟੀ ਹੋਈ ਕਿ ਉਨ੍ਹਾਂ ਸਿੱਧੂ ਦੀ ਗੱਲ 'ਤੇ ਇਤਬਾਰ ਕਰ ਕੇ ਆਪਣਾ ਖਾਣ-ਪੀਣ ਬਦਲ ਲਿਆ ਹੈ। ਇੱਕ ਦਾ ਕਹਿਣਾ ਸੀ ਕਿ ਸਾਲਾਂਬੱਧੀ ਹਸਪਤਾਲਾਂ ਦੇ ਚੱਕਰ ਅਤੇ ਦਵਾਈਆਂ ਤੋਂ ਚੰਗਾ ਹੈ ਕਿ ਡੇਢ-ਦੋ ਮਹੀਨੇ ਉਹੀ ਕੁਝ ਖਾ-ਪੀ ਕੇ ਵੇਖ ਲਿਆ ਜਾਏ, ਜਿਵੇਂ ਵੀਡੀਓ ਵਿਚ ਕਿਹਾ ਗਿਆ ਹੈ।

ਇੱਕ ਨੇ ਤਾਂ ਸਿੱਧੂ ਦੀ ਗੱਲ 'ਤੇ ਭਰੋਸਾ ਜਿਤਾਉਂਦੇ ਹੋਏ ਕਿਹਾ ਕਿ 'ਸਿਆਣਾ ਬਿਆਣਾ ਬੰਦਾ' ਝੂਠ ਥੋੜ੍ਹਾ ਬੋਲ ਰਿਹਾ ਹੋਊ? ਆਯੁਰਵੈਦਿਕ ਦਵਾਈਆਂ ਦਿੰਦੇ ਡਾਕਟਰ ਨਾਲ ਗੱਲ ਹੋਈ, ਤਾਂ ਉਸ ਨੇ ਪੁਸ਼ਟੀ ਕੀਤੀ ਕਿ ਮਨੁੱਖਾਂ ਦਾ ਖਾਣ-ਪੀਣ ਹੀ ਸਰੀਰਕ ਪ੍ਰਣਾਲੀਆਂ ਦੇ ਸੰਚਾਲਨ 'ਤੇ ਨਿਯੰਤਰਣ ਕਰਦਾ ਹੈ ਤੇ ਖੁਰਾਕ 'ਚੋਂ ਹੀ ਚੰਗੇ ਮਾੜੇ ਸੈਲ ਬਣਦੇ ਹਨ, ਜੋ ਵੱਖ-ਵੱਖ ਬਿਮਾਰੀਆਂ ਦੇ ਕਾਰਨ ਬਣਦੇ ਹਨ। ਉਸ ਨੇ ਦੱਸਿਆ ਸਿੱਧੂ ਵਾਲਾ ਨੁਸਖ਼ਾ ਆਯੁਰਵੇਦ 'ਤੇ ਹੀ ਆਧਾਰਿਤ ਹੀ ਹੈ, ਪਰ ਉਸ ਲਈ ਮਨੁੱਖ ਦੇ ਮਨ 'ਚ ਵਿਸ਼ਵਾਸ਼ ਅਤੇ ਪ੍ਰਹੇਜ਼ ਜ਼ਰੂਰੀ ਹਨ।

# ਅਮਰੀਕਾ 'ਚ ਜਨਮਦਿਨ ਮਨਾਉਂਦੇ ਭਾਰਤੀ ਵਿਦਿਆਰਥੀ ਦੀ ਗੋਲੀ ਲੱਗਣ ਕਾਰਨ ਮੌਤ



**ਅਟਲਾਂਟਾ, (ਪੰਜਾਬ ਮੇਲ)-** ਅਮਰੀਕਾ 'ਚ 23 ਸਾਲਾ ਭਾਰਤੀ ਵਿਦਿਆਰਥੀ ਦੀ ਆਪਣੀ ਹੀ ਬੰਦੂਕ ਦੀ ਗੋਲੀ ਲੱਗਣ ਕਾਰਨ ਮੌਤ ਹੋ ਗਈ ਹੈ। ਮੀਡੀਆ ਰਿਪੋਰਟਾਂ ਮੁਤਾਬਕ ਤੇਲੰਗਾਨਾ ਦੇ ਹੈਦਰਾਬਾਦ ਦਾ ਰਹਿਣ ਵਾਲਾ ਆਰੀਅਨ ਰੈੱਡੀ 13 ਨਵੰਬਰ ਨੂੰ ਜਾਰਜੀਆ ਦੇ ਅਟਲਾਂਟਾ ਵਿਚ ਆਪਣੇ ਘਰ ਵਿਚ ਦੋਸਤਾਂ ਨਾਲ ਆਪਣਾ ਜਨਮਦਿਨ ਮਨਾ ਰਿਹਾ ਸੀ।

ਅਧਿਕਾਰੀਆਂ ਮੁਤਾਬਕ ਜਨਮਦਿਨ ਦੇ ਜਸ਼ਨ ਦੌਰਾਨ ਆਰੀਅਨ, ਹਾਲ ਹੀ ਵਿਚ ਸ਼ਿਕਾਰ ਕਰਨ ਲਈ ਲਿਆਂਦੀ ਬੰਦੂਕ ਨੂੰ ਸਾਫ਼ ਕਰ ਰਿਹਾ ਸੀ ਪਰ ਗਲਤੀ ਨਾਲ ਗੋਲੀ ਚੱਲ ਗਈ, ਜੋ ਉਸ ਦੀ ਛਾਤੀ ਵਿਚ ਜਾ ਲੱਗੀ। ਉਸ ਦੇ ਦੋਸਤ, ਜੋ ਫਲੈਟ ਦੇ ਦੂਜੇ ਕਮਰੇ ਵਿਚ ਸਨ, ਨੇ ਗੋਲੀ ਚੱਲਣ ਦੀ ਆਵਾਜ਼ ਸੁਣੀ ਅਤੇ ਉਹ ਆਰੀਅਨ ਦੇ ਕਮਰੇ ਵਿਚ ਗਏ ਅਤੇ ਦੇਖਿਆ ਕਿ ਉਹ ਖ਼ੂਨ ਨਾਲ ਲੱਥਪੱਥ ਪਿਆ ਹੋਇਆ ਸੀ। ਉਹ ਉਸ ਨੂੰ ਹਸਪਤਾਲ ਲੈ ਗਏ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਰੈੱਡੀ ਕਨਸਾਸ ਸਟੇਟ ਯੂਨੀਵਰਸਿਟੀ, ਅਟਲਾਂਟਾ ਵਿਚ ਇੱਕ ਵਿਦਿਆਰਥੀ ਸੀ ਅਤੇ ਵਿਗਿਆਨ ਵਿਚ ਮਾਸਟਰ ਦੀ ਪੜ੍ਹਾਈ ਕਰ ਰਿਹਾ ਸੀ। ਉਸ ਦਾ ਪਰਿਵਾਰ ਤੇਲੰਗਾਨਾ ਦੇ ਉੱਪਲ ਜ਼ਿਲ੍ਹੇ ਵਿਚ ਰਹਿੰਦਾ ਹੈ। ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਆਰੀਅਨ ਦੀ ਲਾਸ਼ ਉਸਦੇ ਜੱਦੀ ਸ਼ਹਿਰ ਭੇਜ ਦਿੱਤੀ ਜਾਵੇਗੀ।

## ਸ਼ੋਕ ਸਮਾਚਾਰ

# ਅੰਤਰਰਾਸ਼ਟਰੀ ਪ੍ਰਮੋਟਰ ਬਲਵਿੰਦਰ ਸਿੰਘ ਬਾਜਵਾ ਨੂੰ ਸਦਮਾ; ਪਿਤਾ ਸਵਰਗਵਾਸ



ਸਵ. ਸ. ਕਿਸ਼ਨ ਸਿੰਘ

**ਨਿਊਯਾਰਕ, (ਪੰਜਾਬ ਮੇਲ)-** ਪੰਜਾਬੀ ਭਾਈਚਾਰੇ ਦੀ ਨਾਮਵਰ ਸ਼ਖਸੀਅਤ ਅਤੇ ਅੰਤਰਰਾਸ਼ਟਰੀ ਪ੍ਰਮੋਟਰ ਬਲਵਿੰਦਰ ਸਿੰਘ ਬਾਜਵਾ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਪਿਤਾ ਸ. ਕਿਸ਼ਨ ਸਿੰਘ ਜੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਪਰਲੋਕ ਸਿਧਾਰ ਗਏ। ਸ. ਕਿਸ਼ਨ ਸਿੰਘ ਜੀ 94 ਵਰ੍ਹਿਆਂ ਦੇ ਸਨ ਅਤੇ ਆਪਣੇ 95ਵੇਂ ਜਨਮ ਦਿਨ ਤੋਂ ਇਕ ਦਿਨ ਪਹਿਲਾਂ ਹੀ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ। ਉਹ ਆਪਣੇ ਪਿੱਛੇ ਭਰਿਆ ਪੂਰਾ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦੀ ਮ੍ਰਿਤਕ ਦੇਹ ਦੇ ਅੰਤਿਮ ਦਰਸ਼ਨ 29 ਨਵੰਬਰ, ਦਿਨ ਸ਼ੁੱਕਰਵਾਰ ਸਵੇਰੇ 9:00 ਤੋਂ 11:00 ਵਜੇ ਤੱਕ Leahy McDonald Funeral Home, 11102 Atlantic Ave, South Richmond Hill, NY 11419 ਵਿਖੇ ਹੋਣਗੇ।

ਉਨ੍ਹਾਂ ਦਾ ਅੰਤਿਮ ਸਸਕਾਰ 29 ਨਵੰਬਰ, ਦਿਨ ਸ਼ੁੱਕਰਵਾਰ ਨੂੰ ਦੁਪਹਿਰ 12:00 ਵਜੇ St. Michael's Cemetery-Mausoleums/Cremation Niches, 7202 Astoria Blvd S, East Elmhurst, NY 11370 ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਨਿਊਯਾਰਕ 9530, 118 Street Richmond Hill, NY ਵਿਖੇ ਦੁਪਹਿਰ 1:30 ਵਜੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਜਾਂ ਹੋਰ ਜਾਣਕਾਰੀ ਲਈ ਸ. ਬਲਵਿੰਦਰ ਸਿੰਘ ਬਾਜਵਾ ਨੂੰ 516-852-2222 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਅਦਾਰਾ ਪੰਜਾਬ ਮੇਲ ਯੂ.ਐੱਸ.ਏ. ਵੱਲੋਂ ਸ. ਕਿਸ਼ਨ ਸਿੰਘ ਜੀ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਜਾਂਦਾ ਹੈ ਅਤੇ ਪਰਿਵਾਰ ਨੂੰ ਭਾਣਾ ਮੰਨਣ ਦੀ ਅਰਦਾਸ ਕੀਤੀ ਜਾਂਦੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com




# ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣਿਆ ਅਮਰੀਕਾ

ਵਾਸ਼ਿੰਗਟਨ, (ਪੰਜਾਬ ਮੇਲ)- ਉੱਚ ਸਿੱਖਿਆ ਹਾਸਲ ਕਰਨ ਦੇ ਮਾਮਲੇ 'ਚ ਅਮਰੀਕਾ ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ। ਸਿੱਖਿਆ ਸ਼ਾਸਤਰੀਆਂ ਦਾ ਕਹਿਣਾ ਹੈ ਕਿ ਵਿਸ਼ਵੀਕਰਨ, ਅਮਰੀਕਾ ਵਿਚ ਅਥਾਹ ਮੌਕੇ ਅਤੇ ਵੱਡੀ ਗਿਣਤੀ ਵਿਚ ਭਾਰਤੀ ਪ੍ਰਵਾਸੀਆਂ ਦੀ ਮੌਜੂਦਗੀ ਭਾਰਤੀ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਲਈ ਅਮਰੀਕਾ ਵੱਲ ਆਕਰਸ਼ਿਤ ਕਰ ਰਹੀ ਹੈ। ਵਿਦਿਆਰਥੀ ਖਾਸ ਕਰਕੇ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ, ਗਣਿਤ ਦੇ ਵਿਸ਼ਿਆਂ ਵਿਚ ਪੜ੍ਹਾਈ ਕਰਦੇ ਹਨ।

ਪੇਸ ਯੂਨੀਵਰਸਿਟੀ ਦੇ ਪ੍ਰਧਾਨ ਮਾਰਵਿਨ ਕ੍ਰਿਸਲੋਵ ਨੇ ਇੱਕ ਇੰਟਰਵਿਊ ਵਿਚ ਪੀ.ਟੀ.ਆਈ. ਨੂੰ ਦੱਸਿਆ, "ਇੱਥੇ ਭਾਰਤੀ ਨੌਜਵਾਨਾਂ ਦੀ ਵੱਧ ਰਹੀ ਗਿਣਤੀ ਅਤੇ ਉਨ੍ਹਾਂ ਦਾ ਸਿੱਖਿਆ ਲਈ ਉਤਸ਼ਾਹ ਅਤੇ ਅਮਰੀਕਾ ਵਿਚ ਅਥਾਹ ਮੌਕੇ ਵਧੇਰੇ ਆਕਰਸ਼ਨ ਦਾ ਕੇਂਦਰ ਹਨ।' 'ਇੰਟਰਨੈਸ਼ਨਲ ਐਜੂਕੇਸ਼ਨਲ




ਐਕਸਚੇਂਜ' ਦੀ ਇੱਕ ਤਾਜ਼ਾ ਰਿਪੋਰਟ ਵਿਚ ਇਹ ਖੁਲਾਸਾ ਹੋਇਆ ਹੈ ਕਿ 2023-2024 ਵਿਚ ਅਮਰੀਕਾ ਵਿਚ ਰਿਕਾਰਡ 3,31,602 ਭਾਰਤੀ ਵਿਦਿਆਰਥੀ ਆਏ ਅਤੇ ਇਸ ਦੇ ਨਾਲ ਹੀ ਭਾਰਤ ਨੇ ਪਿਛਲੇ ਸਾਲ ਇਸ ਮਾਮਲੇ ਵਿਚ ਚੀਨ ਨੂੰ ਪਛਾੜ ਦਿੱਤਾ ਸੀ। ਇਹ ਪਿਛਲੇ ਸਾਲ ਦੇ ਮੁਕਾਬਲੇ 23 ਫੀਸਦੀ ਦਾ ਵਾਧਾ ਹੈ।

ਕ੍ਰਿਸਲੋਵ ਨੇ ਕਿਹਾ, "ਇੱਥੇ ਇੱਕ ਵੱਡਾ ਭਾਰਤੀ-ਅਮਰੀਕੀ ਭਾਈਚਾਰਾ ਹੈ, ਜੋ ਵਿਦਿਆਰਥੀਆਂ ਨੂੰ ਅਮਰੀਕਾ ਵੱਲ ਆਕਰਸ਼ਿਤ ਕਰਦਾ ਹੈ। ਇਹ ਲੋਕ ਭਾਰਤੀ ਭਾਈਚਾਰੇ ਨਾਲ ਨਜ਼ਦੀਕੀ ਸਬੰਧ ਰੱਖਣਾ ਪਸੰਦ ਕਰਦੇ ਹਨ। ਇੱਥੇ ਵੀ ਬਹੁਤ ਮੌਕੇ ਹਨ ਅਤੇ ਬਹੁਤ ਸਾਰੇ ਭਾਰਤੀ ਇੱਥੇ ਆ ਕੇ ਸਿੱਖਿਆ ਪ੍ਰਾਪਤ ਕਰ ਚੁੱਕੇ ਹਨ। ਉਨ੍ਹਾਂ ਵਿਚੋਂ ਬਹੁਤ ਸਾਰੇ ਇੱਥੇ ਕੁਝ ਸਮੇਂ ਲਈ ਆਏ ਹਨ ਅਤੇ ਬਹੁਤ ਸਫਲ ਰਹੇ ਹਨ।" ਰਿਪੋਰਟ ਅਨੁਸਾਰ ਮੁੱਖ ਤੌਰ 'ਤੇ ਗ੍ਰੈਜੂਏਸ਼ਨ ਵਿਚ 1,96,567 (19 ਪ੍ਰਤੀਸ਼ਤ ਹੋਰ) ਅਤੇ 97,556 ਵਿਕਲਪਿਕ ਪ੍ਰੈਕਟੀਕਲ ਸਿਖਲਾਈ (ਓ.ਪੀ.ਟੀ.) ਵਿਚ (41 ਪ੍ਰਤੀਸ਼ਤ ਹੋਰ) ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਧੀ ਹੈ। ਓ.ਪੀ.ਟੀ. ਕੰਮ ਕਰਨ ਲਈ ਇੱਕ ਅਸਥਾਈ ਪਰਮਿਟ ਹੈ ਜੋ ਐੱਫ-1 ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਅਧਿਐਨ ਦੇ ਖੇਤਰ ਨਾਲ ਸਬੰਧਤ ਵਿਹਾਰਕ ਅਨੁਭਵ ਹਾਸਲ ਕਰਨ ਦਾ ਮੌਕਾ ਦਿੰਦਾ ਹੈ।

ਇਲੀਨੋਇਸ ਟੈਕ ਦੇ ਪ੍ਰੈਜ਼ੀਡੈਂਟ ਰਾਜ ਏਚੰਬਦੀ ਅਨੁਸਾਰ ਇਸ ਦੇ ਦੋ ਮੁੱਖ ਕਾਰਨ ਹਨ। ਉਨ੍ਹਾਂ ਨੇ ਕਿਹਾ, "ਇੱਕ ਕਾਰਨ ਇਹ ਹੈ ਕਿ ਅਮਰੀਕੀ ਅਕਾਦਮਿਕ ਦ੍ਰਿਸ਼ਟੀਕੋਣ ਤੋਂ ਭਾਰਤੀ ਵਿਦਿਆਰਥੀਆਂ ਦੀ ਗੁਣਵੱਤਾ ਬਹੁਤ ਉੱਚੀ ਹੈ।" ਉਨ੍ਹਾਂ ਵਿਚੋਂ ਲਗਭਗ 60 ਪ੍ਰਤੀਸ਼ਤ, 3,30,000 ਵਿਚੋਂ ਦੋ ਲੱਖ ਵਿਦਿਆਰਥੀਆਂ ਨੇ ਅਮਰੀਕਾ ਵਿਚ ਗ੍ਰੈਜੂਏਟ ਕੋਰਸਾਂ ਵਿੱਚ ਦਾਖਲਾ ਲਿਆ ਹੈ।" ਏਚੰਬਦੀ ਨੇ ਇੱਕ ਇੰਟਰਵਿਊ ਵਿਚ ਕਿਹਾ ਕਿ ਦੂਜਾ ਕਾਰਨ ਅਮਰੀਕੀ ਦ੍ਰਿਸ਼ਟੀਕੋਣ ਹੈ। ਜੇਕਰ ਅਸੀਂ ਦੋ ਵੱਡੇ ਦੇਸ਼ਾਂ ਦੀ ਗੱਲ ਕਰੀਏ, ਤਾਂ ਉਹ ਚੀਨ ਅਤੇ ਭਾਰਤ ਹਨ। ਅਮਰੀਕਾ ਵਿਚ ਲਗਭਗ 60 ਪ੍ਰਤੀਸ਼ਤ ਅੰਤਰਰਾਸ਼ਟਰੀ ਵਿਦਿਆਰਥੀ ਇਨ੍ਹਾਂ ਦੋ ਦੇਸ਼ਾਂ ਤੋਂ ਆਉਂਦੇ ਹਨ। ਜ਼ਾਹਿਰ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਭਾਰਤ ਸਰਕਾਰ ਅਤੇ ਅਮਰੀਕੀ ਸਰਕਾਰ ਦਰਮਿਆਨ ਸਬੰਧ ਮਜ਼ਬੂਤ ਹੋਏ ਹਨ, ਜਦੋਂ ਕਿ ਉਸ ਨਾਲ (ਚੀਨ ਨਾਲ) ਸਬੰਧ ਪਹਿਲਾਂ ਵਰਗੇ ਨਹੀਂ ਰਹੇ ਹਨ। ਦਰਅਸਲ ਇਹ ਇਸ ਅੰਤਰ ਦਾ ਕਾਰਨ ਹੈ (ਚੀਨ ਦੇ ਮੁਕਾਬਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਚ ਵਾਧਾ)।" ਏਚੰਬਦੀ ਨੇ ਕਿਹਾ ਕਿ ਅਮਰੀਕਾ ਆਉਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਆਸਟ੍ਰੇਲੀਆ, ਬ੍ਰਿਟੇਨ ਅਤੇ ਕੈਨੇਡਾ ਨਾਲੋਂ ਤੇਜ਼ੀ ਨਾਲ ਵੱਧ ਰਹੀ ਹੈ।

# ਭਾਰਤੀ-ਅਮਰੀਕੀ ਲੋਕਾਂ ਵੱਲੋਂ ਹਿੰਦੂ-ਸਿੱਖ ਏਕਤਾ ਪ੍ਰੋਗਰਾਮ ਦਾ ਆਯੋਜਨ

**ਸਿਲੀਕਾਨ ਵੈਲੀ, (ਪੰਜਾਬ ਮੇਲ)**- ਕੈਨੇਡਾ ਵਿਚ ਇਕ ਹਿੰਦੂ ਮੰਦਰ 'ਤੇ ਕਥਿਤ ਵੱਖਵਾਦੀਆਂ ਦੁਆਰਾ ਹਮਲਾ ਕੀਤੇ ਜਾਣ ਤੋਂ ਕੁਝ ਦਿਨ ਬਾਅਦ ਸਿਲੀਕਾਨ ਵੈਲੀ ਵਿਚ ਭਾਰਤੀ-ਅਮਰੀਕੀਆਂ ਨੇ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਨੂੰ ਯਾਦ ਕਰਦੇ ਹੋਏ 'ਹਿੰਦੂ ਸਿੱਖ ਏਕਤਾ ਇੰਟਰਫੇਥ' ਸਮਾਗਮ ਦਾ ਆਯੋਜਨ ਕੀਤਾ। ਸਿਲੀਕਾਨ ਵੈਲੀ ਦੇ ਸੈਕਰਾਮੈਂਟੋ ਦੇ ਗੁਰਦੁਆਰਾ ਸੰਤ ਨਗਰ ਵੱਲੋਂ ਕਰਵਾਏ ਸਮਾਗਮ ਵਿਚ ਹਿੰਦੂ, ਸਿੱਖ ਅਤੇ ਹੋਰ ਭਾਈਚਾਰਿਆਂ ਦੇ 200 ਤੋਂ ਵੱਧ ਲੋਕਾਂ ਨੇ ਸ਼ਮੂਲੀਅਤ ਕੀਤੀ। ਇਸ ਸਮਾਗਮ ਵਿਚ ਐਲਕ ਗਰੋਵ ਦੇ ਮੇਅਰ ਬੌਬੀ ਸਿੰਘ-ਐਲਨ, ਐਲਕ ਗਰੋਵ ਸਿਟੀ ਕਮਿਸ਼ਨਰ ਭਾਵਿਨ ਪਾਰਿਖ, ਰੌਕਲਿਨ ਸਿਟੀ ਕੌਂਸਲ ਮੈਂਬਰ ਜਿਲ ਗੈਲਡੋ, ਐਲਕ ਗਰੋਵ ਦੇ ਵਾਈਸ ਮੇਅਰ ਰਾਡ ਬਰਿਊਅਰ ਅਤੇ ਸੈਕਰਾਮੈਂਟੋ ਇੰਟਰਫੇਥ ਕੌਂਸਲ ਮੈਂਬਰ ਅਕਰਮ ਕੇਵਲ ਹਾਜ਼ਰ ਸਨ।

ਮੇਅਰ ਬੌਬੀ ਸਿੰਘ ਐਲਨ ਨੇ ਪ੍ਰੋਗਰਾਮ ਦੌਰਾਨ ਕਿਹਾ, 'ਧਾਰਮਿਕ ਅਸਹਿਣਸ਼ੀਲਤਾ ਸਾਡੇ ਸਮਾਜ ਨੂੰ ਪਲੀਤ ਕਰ ਰਹੀ ਹੈ। ਕੁਝ ਲੋਕ ਸਾਨੂੰ ਵੰਡਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਸਾਨੂੰ ਅਜਿਹਾ ਨਹੀਂ ਹੋਣ ਦੇਣਾ ਚਾਹੀਦਾ। ਅਸੀਂ ਇੱਥੇ ਏਕਤਾ ਮਨਾਉਣ ਲਈ ਇਕੱਠੇ ਹੋਏ ਹਾਂ। ਇਹ ਤਾਂ ਸ਼ੁਰੂਆਤ ਹੈ, ਸਾਨੂੰ ਬਿਹਤਰ ਰਾਹ ਦਿਖਾਉਣਾ ਹੋਵੇਗਾ। ਇੱਕ 'ਤੇ ਹਮਲਾ ਸਾਡੇ ਸਾਰਿਆਂ 'ਤੇ ਹਮਲਾ ਹੈ।' ਸੰਤ ਨਗਰ ਗੁਰਦੁਆਰੇ ਦੇ ਪ੍ਰਧਾਨ ਨਰਿੰਦਰਪਾਲ ਹੁੰਦਲ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ 'ਸਾਨੂੰ ਸਾਰਿਆਂ ਨੂੰ ਏਕਤਾ ਦੇ ਸੰਦੇਸ਼ ਨੂੰ ਕਾਇਮ ਰੱਖਣਾ ਚਾਹੀਦਾ ਹੈ, ਜੋ ਗੁਰੂ ਤੇਗ ਬਹਾਦਰ ਸਾਹਿਬ ਨੇ ਧਰਮ ਦੀ ਰੱਖਿਆ ਲਈ ਆਪਣਾ ਬਲਿਦਾਨ ਦੇ ਕੇ ਦਿੱਤਾ ਸੀ ਅਤੇ ਉਨ੍ਹਾਂ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਆਪਸੀ ਭਾਈਚਾਰਕ ਸਾਂਝ ਅਤੇ ਪਿਆਰ ਨੂੰ ਕਾਇਮ ਰੱਖਣਾ ਚਾਹੀਦਾ ਹੈ ਅਤੇ ਇਸ ਮਿਸ਼ਨ ਨੂੰ ਅੱਗੇ ਲਿਜਾਣ ਲਈ ਯਤਨ ਕਰਨੇ ਚਾਹੀਦੇ ਹਨ।' ਸ਼੍ਰੀਨਗਰ ਵਿਚ ਜਨਮੇ ਅਤੇ ਅਮਰੀਕਾ ਵਿਚ ਰਹਿ ਰਹੇ ਕਸ਼ਮੀਰੀ ਪੰਡਿਤ ਰੀਵਾ ਕੌਲ ਦੱਸਦੇ ਹਨ ਕਿ ਕਿਵੇਂ ਗੁਰੂ ਤੇਗ ਬਹਾਦਰ ਦੀ ਕੁਰਬਾਨੀ ਨੇ ਕਸ਼ਮੀਰੀ ਪੰਡਤਾਂ ਅਤੇ ਹਿੰਦੂਆਂ ਦੀ ਧਾਰਮਿਕ ਆਜ਼ਾਦੀ ਦੀ ਰੱਖਿਆ ਕੀਤੀ, ਜਿਨ੍ਹਾਂ ਨੂੰ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਸ਼ਾਸਨ ਦੇ ਅਧੀਨ ਬੇਰਹਿਮੀ ਨਾਲ ਜ਼ੁਲਮ ਦਾ ਸਾਹਮਣਾ ਕਰਨਾ ਪਿਆ ਅਤੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਲਈ ਮਜਬੂਰ ਕੀਤਾ ਗਿਆ। ਉਨ੍ਹਾਂ ਹਾਜ਼ਰ ਲੋਕਾਂ ਨੂੰ ਇਕਜੁੱਟ ਰਹਿਣ ਦੀ ਅਪੀਲ ਕੀਤੀ।

# ਅਮਰੀਕਾ ਤੋਂ ਬਿਜਲੀ ਖ਼ਰੀਦ ਕੇ ਕੰਮ ਚਲਾ ਰਿਹਾ ਕੈਨੇਡਾ

**ਓਟਵਾ, (ਪੰਜਾਬ ਮੇਲ)**-ਆਪਣੇ ਗੁਆਂਢੀ ਮੁਲਕ ਨੂੰ ਵਾਧੂ ਪਣ-ਬਿਜਲੀ ਨਿਰਯਾਤ ਕਰਨ ਦੇ ਲਗਭਗ ਦੋ ਦਹਾਕਿਆਂ ਬਾਅਦ ਸੋਕੇ ਅਤੇ ਖ਼ਰਾਬ ਮੌਸਮ ਕਾਰਨ ਕੈਨੇਡਾ ਨੂੰ ਅਮਰੀਕਾ ਤੋਂ ਬਿਜਲੀ ਦਰਾਮਦ ਕਰਨ ਲਈ ਮਜਬੂਰ ਹੋਣਾ ਪਿਆ ਹੈ। ਪੱਛਮੀ ਕੈਨੇਡਾ 'ਚ ਭਿਆਨਕ ਸੋਕੇ ਕਾਰਨ ਦੋ ਹਾਈਡ੍ਰੋ-ਅਮੀਰ ਸੂਬਿਆਂ ਨੂੰ ਦੂਜੇ ਅਧਿਕਾਰ ਖੇਤਰਾਂ ਤੋਂ ਬਿਜਲੀ ਦਰਾਮਦ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਬੀ.ਸੀ. ਅਤੇ ਮੈਨੀਟੋਬਾ ਜਿੱਥੇ ਜ਼ਿਆਦਾਤਰ ਬਿਜਲੀ ਹਾਈਡ੍ਰੋਇਲੈਕਟ੍ਰਿਕ ਹੈ, ਵਿਚ ਪਾਣੀ ਦਾ ਪੱਧਰ ਹਰ ਘੱਟ ਹੋਣ ਕਾਰਨ ਇਸ ਨੇ ਪਤਝੜ ਅਤੇ ਸਰਦੀਆਂ ਵਿਚ ਬਿਜਲੀ ਉਤਪਾਦਨ ਨੂੰ ਨਕਾਰਾਤਮਕ ਤੌਰ 'ਤੇ ਪ੍ਰਭਾਵਿਤ ਕੀਤਾ ਹੈ ਪਰ ਕਿਸੇ ਵੀ ਸੂਬੇ ਵਿਚ ਲਾਈਟਾਂ ਦੇ ਜਲਦੀ ਬੰਦ ਹੋਣ ਦਾ ਕੋਈ ਖ਼ਤਰਾ ਨਹੀਂ ਹੈ।

ਵਿਗਿਆਨੀਆਂ ਦਾ ਕਹਿਣਾ ਹੈ ਕਿ ਜਲਵਾਯੂ ਤਬਦੀਲੀ ਸੋਕੇ ਨੂੰ ਆਮ ਅਤੇ ਵਧੇਰੇ ਗੰਭੀਰ ਬਣਾ ਰਹੀ ਹੈ, ਜਿਸ ਕਾਰਨ ਆਉਣ ਵਾਲੇ ਸਾਲਾਂ ਵਿਚ ਪਣ-ਬਿਜਲੀ ਉਤਪਾਦਕਾਂ 'ਤੇ ਵਧੇਰੇ ਦਬਾਅ ਪਵੇਗਾ।

ਇਸ ਵਾਰ ਕੈਨੇਡਾ ਦੇ ਕਈ ਇਲਾਕਿਆਂ 'ਚ ਦਰਮਿਆਨਾ ਜਾਂ ਭਾਰੀ ਸੋਕਾ ਪਿਆ, ਜਿਸ ਕਾਰਨ ਪਣ-ਬਿਜਲੀ ਪ੍ਰੋਜੈਕਟਾਂ ਦੀਆਂ ਝੀਲਾਂ ਤੱਕ ਲੋੜੀਂਦਾ ਪਾਣੀ ਨਾ ਪੁੱਜ ਸਕਿਆ। ਹਾਈਡਰੋ ਪਾਵਰ ਪੈਦਾ ਕਰਨ ਵਾਲੇ ਪ੍ਰਮੁੱਖ ਰਾਜਾਂ 'ਚ ਕਿਊਬਿਕ, ਬ੍ਰਿਟਿਸ਼ ਕੋਲੰਬੀਆ ਅਤੇ ਮੈਨੀਟੋਬਾ ਸ਼ਾਮਲ ਹਨ। ਅਤੀਤ 'ਚ ਇਨ੍ਹਾਂ ਰਾਜਾਂ ਕੋਲ ਵਾਧੂ ਬਿਜਲੀ ਹੁੰਦੀ ਸੀ, ਜੋ ਅਮਰੀਕਾ ਨੂੰ ਵੇਚ ਦਿੱਤੀ ਜਾਂਦੀ ਪਰ ਇਸ ਵਾਰ ਹਾਲਾਤ ਉਲਟੇ ਨਜ਼ਰ ਆ ਰਹੇ ਹਨ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com



# ਐਲੋਨ ਮਸਕ ਨੇ ਭਾਰਤ ਦੀ ਚੋਣ ਪ੍ਰਣਾਲੀ ’ਤੇ ਕੀਤੀ ਵੱਡੀ ਟਿੱਪਣੀ

**ਕਿਹਾ: ਭਾਰਤ ਨੇ ਇਕ ਦਿਨ ’ਚ 640 ਮਿਲੀਅਨ ਵੋਟਾਂ ਗਿਣੀਆਂ; ਪਰ ਕੈਲੀਫੋਰਨੀਆ ’ਚ ਵੋਟਾਂ ਦੀ ਗਿਣਤੀ ਅਜੇ ਵੀ ਜਾਰੀ**



ਵਾਸ਼ਿੰਗਟਨ, (ਪੰਜਾਬ ਮੇਲ)- ਸਪੇਸ ਐਕਸ ਅਤੇ ਟੇਸਲਾ ਦਾ ਸੀ.ਈ.ਓ. ਐਲੋਨ ਮਸਕ ਆਪਣੇ ਹੈਰਾਨੀਜਨਕ ਬਿਆਨਾਂ ਕਾਰਨ ਚਰਚਾ ’ਚ ਰਹਿੰਦੇ ਹਨ। ਹਾਲ ਹੀ ਵਿਚ ਵਿਸ਼ਵ ਦੇ ਸਭ ਤੋਂ ਅਮੀਰ ਉਦਯੋਗਪਤੀ ਅਤੇ ਟ੍ਰਿਲੀਅਨ ਐਲੋਨ ਮਸਕ ਨੇ ਭਾਰਤ ਦੀ ਚੋਣ ਪ੍ਰਣਾਲੀ ’ਤੇ ਵੱਡੀ ਟਿੱਪਣੀ ਕੀਤੀ ਹੈ। ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ਦੀਆਂ ਤੁਲਨਾ ਭਾਰਤ ਦੀਆਂ ਲੋਕ ਸਭਾ ਚੋਣਾਂ ਨਾਲ ਕਰਦਿਆਂ ਉਨ੍ਹਾਂ ਨੇ ਕਿਹਾ ਹੈ ਕਿ ਭਾਰਤ ਨੇ ਇਕ ਦਿਨ ਵਿਚ 640 ਮਿਲੀਅਨ ਵੋਟਾਂ ਮਤਲਬ 64 ਕਰੋੜ ਵੋਟਾਂ ਨੂੰ ਗਿਣਿਆ ਹੈ, ਪਰ ਯੂ.ਐੱਸ. ਸਟੇਟ ਕੈਲੀਫੋਰਨੀਆ ’ਚ ਵੋਟਾਂ ਦੀ ਗਿਣਤੀ ਅਜੇ ਵੀ ਜਾਰੀ ਹੈ।

ਸੋਸ਼ਲ ਮੀਡੀਆ ਸਾਈਟ ਐਕਸ ਦੇ ਮਾਲਕ ਐਲੇਨ ਮਸਕ ਨੇ ਆਪਣੀ ਸੋਸ਼ਲ ਮੀਡੀਆ ਸਾਈਟ ’ਤੇ ਆਪਣੀ ਰਾਏ ਦਿੱਤੀ ਹੈ। ਇਕ ਪੋਸਟ ’ਤੇ ਪ੍ਰਤੀਕਰਮ ਕਰਦਿਆਂ ਐਲੇਨ ਮਸਕ ਨੇ ਲਿਖਿਆ, “ਕੈਲੀਫੋਰਨੀਆ ਅਜੇ ਵੀ ਵੋਟਾਂ ਦੀ ਗਿਣਤੀ ਕਰ ਰਿਹਾ ਹੈ।” ਇੱਥੇ ਦੱਸ ਦਈਏ ਕਿ ਅਮਰੀਕਾ ਵਿਚ 5-6 ਨਵੰਬਰ ਨੂੰ ਵੋਟਾਂ ਪਾਈਆਂ ਸਨ। ਉਸ ਸਮੇਂ ਤੋਂ ਹੁਣ ਤੱਕ ਵੋਟਾਂ ਦੀ ਗਿਣਤੀ ਜਾਰੀ ਹੈ। ਕੈਲੀਫੋਰਨੀਆ ਇਨ੍ਹਾਂ ਰਾਜਾਂ ਵਿਚੋਂ ਇਕ ਹੈ। ਹਾਲਾਂਕਿ, ਦੂਜੇ ਰਾਜਾਂ ਵਿਚ ਵੋਟਾਂ ਦੀ ਗਿਣਤੀ ਮੁਕੰਮਲ ਹੋ ਗਈ ਹੈ ਅਤੇ ਚੋਣਾਂ ’ਚ ਡੋਨਾਲਡ ਟਰੰਪ ਨੂੰ ਜੇਤੂ ਐਲਾਨਿਆ ਗਿਆ ਹੈ। ਟਰੰਪ ਹੁਣ ਜਨਵਰੀ ’ਚ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕਣਗੇ।

ਹਾਲਾਂਕਿ ਭਾਰਤ ਅਤੇ ਅਮਰੀਕਾ ਦੀਆਂ ਚੋਣਾਂ ਵਿਚ ਵੱਡਾ ਫਰਕ ਇਹ ਹੈ ਕਿ ਅਮਰੀਕਾ ਵਿਚ ਹਾਲੇ ਵੀ ਬੈਲਟ ਪੇਪਰ ਜ਼ਰੀਏ ਵੋਟਿੰਗ ਹੁੰਦੀ ਹੈ, ਜਦਕਿ ਭਾਰਤ ਨੇ ਸਾਲਾਂ ਪਹਿਲਾਂ ਵੋਟਿੰਗ ਲਈ ਈ.ਵੀ.ਐੱਮ. ਚੁਣ ਲਿਆ ਹੈ। ਇਕ ਹੋਰ ਯੂਜ਼ਰ ਨੇ ਲਿਖਿਆ ਹੈ ਕਿ ਭਾਰਤ ਨੇ ਤਾਂ 640 ਮਿਲੀਅਨ ਵੋਟਾਂ ਇਕ ਹੀ ਦਿਨ ਵਿਚ ਗਿਣ ਲਈਆਂ ਪਰ ਕੈਲੀਫੋਰਨੀਆ 15 ਮਿਲੀਅਨ ਮਤਲਬ 1.5 ਕਰੋੜ ਵੋਟਾਂ ਹਾਲੇ ਗਿਣ ਹੀ ਰਿਹਾ ਹੈ ਅਤੇ ਵੋਟਿੰਗ ਖ਼ਤਮ ਹੋਏ 18 ਦਿਨ ਬੀਤ ਚੁੱਕੇ ਹਨ। ਐਲੋਨ ਮਸਕ ਨੇ ਪੋਸਟ ’ਤੇ ਪ੍ਰਤੀਕਿਰਿਆ ਦਿੰਦੇ ਹੋਏ ਲਿਖਿਆ ਕਿ ਉਹ ਦੁਖਦਾਈ ਹੈ।

ਇੱਥੇ ਦੱਸ ਦਈਏ ਕਿ ਸ਼ਨੀਵਾਰ ਨੂੰ ਭਾਰਤ ਦੇ ਦੋ ਰਾਜਾਂ ਮਹਾਰਾਸ਼ਟਰ ਅਤੇ ਝਾਰਖੰਡ ਦੇ ਚੋਣਾਂ ਦੇ ਨਤੀਜੇ ਆਏ। ਇੱਥੇ ਵੀ ਇਕ ਦਿਨ ਵਿਚ ਵੋਟਾਂ ਦੀ ਗਿਣਤੀ ਹੋਈ ਹੈ। ਤੀਬਰਤਾ ਲਈ ਭਾਰਤ ਦੀ ਚੋਣ ਪ੍ਰਣਾਲੀ ਦੀ ਪ੍ਰਸ਼ੰਸਾ ਕਰਨ ਵਾਲੇ ਮਸਕ ਨੇ ਇਸ ਸਾਲ ਜੁਲਾਈ ਵਿਚ ਈ.ਵੀ.ਐੱਮ. ਨੂੰ ‘ਖਤਰਨਾਕ’ ਕਿਹਾ ਸੀ। ਮਸਕ ਨੇ ਉਦੋਂ ਕਿਹਾ ਸੀ ਕਿ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਅਤੇ ਡਾਕ ਵੋਟ ‘ਬਹੁਤ ਖ਼ਤਰਨਾਕ’ ਹੋ ਸਕਦੀ ਹੈ ਅਤੇ ਇਸ ਨੂੰ ਬੈਲਟ ਪੇਪਰ ਵੋਟਿੰਗ ਅਤੇ ਸਿੱਧੇ ਵੋਟਿੰਗ ਦੁਆਰਾ ਬਦਲਿਆ ਜਾਣਾ ਚਾਹੀਦਾ ਹੈ। ਇਹ ਬਿਆਨ ਦੇਣ ਤੋਂ ਕੁਝ ਦਿਨ ਪਹਿਲਾਂ ਐਲੋਨ ਮਸਕ ਨੇ ਕਿਹਾ ਸੀ ਕਿ ਸਾਨੂੰ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ ਨੂੰ ਖ਼ਤਮ ਕਰਨਾ ਚਾਹੀਦਾ ਹੈ। ਇਸ ਨੂੰ ਮਨੁੱਖਾਂ ਜਾਂ ਏ.ਆਈ. ਦੁਆਰਾ ਹੈਕ ਕਰਨ ਦਾ ਛੋਟਾ ਖ਼ਤਰਾ ਹੈ, ਪਰ ਇਸ ਦਾ ਖਦਸ਼ਾ ਜ਼ਿਆਦਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com

## ਟਰੰਪ ਨੂੰ ਹਸ਼ ਮਨੀ ਕੇਸ ਨੂੰ ਖਾਰਜ ਕਰਨ ਸਬੰਧੀ ਅਪੀਲ ਪਾਉਣ ਦੀ ਇਜਾਜ਼ਤ ਮਿਲੀ

**ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਨੂੰ 34 ਸੰਗੀਨ ਮਾਮਲਿਆਂ ’ਚ ਠਹਿਰਾਇਆ ਗਿਆ ਸੀ ਦੋਸ਼ੀ**



ਨਿਊਯਾਰਕ, (ਪੰਜਾਬ ਮੇਲ)- ਨਿਊਯਾਰਕ ਦੇ ਇੱਕ ਜੱਜ ਨੇ ਡੋਨਲਡ ਟਰੰਪ ਨੂੰ ਉਸ ਅਪਰਾਧਿਕ ਕੇਸ ਨੂੰ ਖਾਰਜ ਕਰਨ ਸਬੰਧੀ ਅਪੀਲ ਪਾਉਣ ਦੀ ਇਜਾਜ਼ਤ ਦੇ ਦਿੱਤੀ ਹੈ, ਜਿਸ ਵਿਚ ਟਰੰਪ ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ’ਤੇ ਦੋਸ਼ ਲੱਗੇ ਸਨ ਕਿ ਉਸ ਨੇ ਇੱਕ ਪੋਰਨ ਸਟਾਰ ਨੂੰ ਰਾਸ਼ਟਰਪਤੀ ਚੋਣ ਦੌਰਾਨ ਚੁੱਪ ਰਹਿਣ ਲਈ ਵੱਡੀ ਰਕਮ ਦਾ ਭੁਗਤਾਨ ਕੀਤਾ ਸੀ। ਇਸ ਪੋਰਟ ਸਟਾਰ ਨੇ ਪਹਿਲਾਂ ਦੋਸ਼ ਲਾਏ ਸਨ ਕਿ ਡੋਨਲਡ ਟਰੰਪ ਨੇ ਉਸ ਨਾਲ ਸਬੰਧ ਬਣਾਏ ਸਨ, ਜਦਕਿ ਟਰੰਪ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਿਆ ਸੀ।

ਨਿਊਯਾਰਕ ਸਟੇਟ ਸੁਪਰੀਮ ਕੋਰਟ ਦੇ ਜਸਟਿਸ ਜੁਆਨ ਮਰਚਨ ਵਲੋਂ ਇਸ ਮਾਮਲੇ ਸਬੰਧੀ ਟਰੰਪ ਨੂੰ 26 ਨਵੰਬਰ ਨੂੰ ਸਜ਼ਾ ਸੁਣਾਈ ਜਾਣੀ ਸੀ। ਇਹ ਵੀ ਦੱਸਣਾ ਬਣਦਾ ਹੈ ਕਿ ਮੈਨਹਟਨ ਦੇ ਜ਼ਿਲ੍ਹਾ ਅਟਾਰਨੀ ਐਲਵਿਨ ਬ੍ਰੈਗ ਦੇ ਦਫ਼ਤਰ ਦੇ ਵਕੀਲਾਂ ਨੇ ਇਸ ਹਫ਼ਤੇ ਜਸਟਿਸ ਮਰਚਨ ਨੂੰ ਅਪੀਲ ਕੀਤੀ ਸੀ, ਉਹ 20 ਜਨਵਰੀ ਤੋਂ ਟਰੰਪ ਦੇ ਚਾਰ ਸਾਲ ਦੇ ਰਾਸ਼ਟਰਪਤੀ ਕਾਰਜਕਾਲ ਦੇ ਸ਼ੁਰੂ ਹੋਣ ਤੋਂ ਪਹਿਲਾਂ ਇਸ ਮਾਮਲੇ ਬਾਰੇ ਫੈਸਲਾ ਲੈਣ।

## ਸ਼ੋਕ ਸਮਾਚਾਰ

### ਫਰਿਜ਼ਨੋ ਨਿਵਾਸੀ ਅਨਿਲ ਕੁਮਾਰ ਬੱਧਣ ਦੇ ਅਕਾਲ ਚਲਾਣੇ ’ਤੇ ਸਮੂਹ ਬੱਧਣ ਪਰਿਵਾਰ ਨੂੰ ਭਾਰੀ ਸਦਮਾ



ਸਵ. ਅਨਿਲ ਕੁਮਾਰ ਬੱਧਣ।

ਫਰਿਜ਼ਨੋ, (ਪੰਜਾਬ ਮੇਲ)- ਫਰਿਜ਼ਨੋ ਨਿਵਾਸੀ ਅਨਿਲ ਕੁਮਾਰ ਬੱਧਣ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ 13 ਨਵੰਬਰ 2024 ਨੂੰ ਅਚਾਨਕ ਅਕਾਲ ਚਲਾਣਾ ਕਰ ਗਏ ਸਨ। ਇਸ ਸਮੇਂ ਉਨ੍ਹਾਂ ਦੀ ਉਮਰ 50 ਸਾਲ ਦੇ ਲਗਭਗ ਸੀ। ਸਵ. ਅਨਿਲ ਕੁਮਾਰ ਬੱਧਣ ਪਿਛਲੇ ਲੰਮੇ ਅਰਸੇ ਤੋਂ ਆਪਣੇ ਪਰਿਵਾਰ ਸਮੇਤ ਫਰਿਜ਼ਨੋ ਵਿਖੇ ਰਹਿ ਰਹੇ ਸਨ। ਇਸ ਸਮੇਂ ਪਰਿਵਾਰਕ ਨਜ਼ਦੀਕੀਆਂ ਵਿਚੋਂ ਬਾਈ ਸੁਰਜੀਤ ਸਿੰਘ ਮਾਛੀਵਾੜਾ ਨੇ ਦੁੱਖ ਪ੍ਰਗਟ ਕਰਦੇ ਹੋਏ ਦੱਸਿਆ ਕਿ ਉਹ ਬਹੁਤ ਚੰਗੇ ਮਿਹਨਤਕਸ਼ ਇਨਸਾਨ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ ਅਤੇ ਸ਼ਰਧਾਂਜਲੀਆਂ ਦੀ ਰਸਮ 27 ਨਵੰਬਰ 2024, ਦਿਨ ਬੁੱਧਵਾਰ ਨੂੰ “ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ” **4800 E Clayton Ave, Fowler CA-93625** ਵਿਖੇ ਸਵੇਰੇ 11 ਵਜੇ ਤੋਂ 1 ਵਜੇ ਹੋਵੇਗੀ। ਇਸ ਉਪਰੰਤ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ “ਸ੍ਰੀ ਗੁਰੂ ਰਵਿਦਾਸ ਸਭਾ” ਫਰਿਜ਼ਨੋ **5025 S. Cherry Ave., Fresno, CA 93706** ਵਿਖੇ ਬਾਅਦ ਦੁਪਹਿਰ 1:00 ਵਜੇ ਤੋਂ 4:00 ਵਜੇ ਤੱਕ ਹੋਵੇਗੀ। ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਭਰਾ ਸੁਨੀਲ ਬੱਧਣ (559) 400-5104 ਜਾਂ ਅਮਰ ਦੜੋਚ (559) 905-6217 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com




# ਟਰੰਪ-ਮਸਕ ਦੇ ਨਜ਼ਦੀਕੀ ਸਬੰਧਾਂ ਕਾਰਨ ਅਮਰੀਕੀ ਪੁਲਾੜ ਉਦਯੋਗ ਦੇ ਮੈਂਬਰਾਂ 'ਚ ਵਧੀ ਚਿੰਤਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਐਲੋਨ ਮਸਕ ਦੇ ਨਜ਼ਦੀਕੀ ਸਬੰਧਾਂ ਨੇ ਅਮਰੀਕੀ ਪੁਲਾੜ ਦੇ ਮੈਂਬਰਾਂ ਦੀ ਚਿੰਤਾ ਵਧਾ ਦਿੱਤੀ ਹੈ। ਅਮਰੀਕੀ ਅਖ਼ਬਾਰ ਨੇ ਐਤਵਾਰ ਨੂੰ ਦੱਸਿਆ ਕਿ ਪੁਲਾੜ ਉਦਯੋਗ ਦੇ ਮੈਂਬਰਾਂ ਦਾ ਮੰਨਣਾ ਹੈ ਕਿ ਅਰਬਪਤੀ ਉਦਯੋਗਪਤੀ ਦੇਸ਼ ਦੇ ਪੁਲਾੜ ਉਦਯੋਗ ਵਿਚ ਏਕਾਧਿਕਾਰ ਸਥਾਪਤ ਕਰ ਸਕਦਾ ਹੈ ਅਤੇ ਆਪਣੀ ਕੰਪਨੀ ਸਪੇਸਐਕਸ, ਪੋਲੀਟਿਕੋ ਲਈ ਅਰਬਾਂ ਡਾਲਰ ਸਰਕਾਰੀ ਫੰਡ ਪ੍ਰਾਪਤ ਕਰ ਸਕਦਾ ਹੈ।

ਐਮਾਜ਼ਾਨ ਦੇ ਸੰਸਥਾਪਕ ਜੈਫ ਬੇਜੋਸ ਦੀ ਏਰੋਸਪੇਸ ਨਿਰਮਾਤਾ ਬਲੂ ਓਰਿਜਿਨ ਨੂੰ ਸਪੇਸਐਕਸ ਦੇ ਸਭ ਤੋਂ ਨਜ਼ਦੀਕੀ ਵਿਰੋਧੀ ਵਜੋਂ ਦੇਖਿਆ ਜਾਂਦਾ ਹੈ। ਅਖਬਾਰ ਮੁਤਾਬਕ ਅਰਬਾਂ ਰੁਪਏ ਦੇ ਸਰਕਾਰੀ ਫੰਡਾਂ ਨੂੰ ਲੈ ਕੇ ਦੋਵਾਂ ਕੰਪਨੀਆਂ ਵਿਚਾਲੇ ਵਿਵਾਦਾਂ ਦਾ ਇਤਿਹਾਸ ਰਿਹਾ ਹੈ। ਇੱਕ ਪੁਲਾੜ ਉਦਯੋਗ ਲਾਬਿਸਟ ਨੇ ਪੋਲੀਟਿਕੋ ਨੂੰ ਦੱਸਿਆ, "ਲੋਕ ਇਸ ਬਾਰੇ ਚਿੰਤਤ ਹਨ ਕਿ ਇਸਨੂੰ ਰੋਕਣ ਲਈ ਕੀ ਕੀਤਾ ਜਾਵੇ। ਤੁਸੀਂ ਦੁਨੀਆਂ ਦੇ ਦੋ ਸਭ ਤੋਂ ਅਣਕਿਆਸੇ ਲੋਕਾਂ ਦੇ ਇਕੱਠੇ ਆਉਣ ਬਾਰੇ ਗੱਲ ਕਰ ਰਹੇ ਹੋ। ਇਹ ਚਾਕਲੇਟ ਅਤੇ ਪੀਨਟ ਬਟਰ ਵਰਗਾ ਨਹੀਂ ਹੈ, ਜਿੱਥੇ ਤੁਹਾਨੂੰ ਇੱਕ ਵਧੀਆ ਸੁਮੇਲ ਮਿਲਦਾ ਹੈ। ਤੁਸੀਂ ਵਿਸ਼ਵ ਦੇ ਦਬਦਬੇ ਬਾਰੇ ਗੱਲ ਕਰ ਰਹੇ ਹੋ।"

ਗੌਰਤਲਬ ਹੈ ਕਿ ਮਸਕ-ਟਰੰਪ ਦਾ ਰਿਸ਼ਤਾ ਨਿੱਜੀ ਪੁਲਾੜ ਖੋਜ ਦੇ ਅਗਲੇ ਪੜਾਅ ਨੂੰ ਰੂਪ ਦੇ ਸਕਦਾ ਹੈ ਅਤੇ ਪੁਲਾੜ ਉਦਯੋਗ ਇਹ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਸਪੇਸਐਕਸ ਦਾ ਮਾਲਕ ਕਿਵੇਂ ਪ੍ਰਤੀਯੋਗੀਆਂ ਨੂੰ ਰੋਕ ਸਕਦਾ ਹੈ ਜਾਂ ਆਪਣੇ ਸਹਿਯੋਗੀਆਂ ਨੂੰ ਨਾਸਾ ਦੇ ਮੁਖੀ ਸਮੇਤ ਪ੍ਰਭਾਵਸ਼ਾਲੀ ਸਰਕਾਰੀ ਅਹੁਦਿਆਂ 'ਤੇ ਰੱਖ ਸਕਦਾ ਹੈ। ਟਰੰਪ ਪਹਿਲਾਂ ਹੀ ਆਪਣੇ ਭਵਿੱਖ ਦੇ ਪ੍ਰਸ਼ਾਸਨ ਵਿਚ ਕਈ ਨਿਯੁਕਤੀਆਂ ਦਾ ਐਲਾਨ ਕਰ ਚੁੱਕੇ ਹਨ।

## ਅਮਰੀਕੀ ਸਕਿਉਰਿਟੀਜ਼ ਐਂਡ ਐਕਸਚੇਂਜ ਵੱਲੋਂ ਅਡਾਨੀ ਤੇ ਭਤੀਜੇ ਤੋਂ ਜਵਾਬ ਤਲਬ

ਨਿਊਯਾਰਕ, (ਪੰਜਾਬ ਮੇਲ)- ਅਡਾਨੀ ਗਰੁੱਪ ਦੇ ਬਾਨੀ ਤੇ ਚੇਅਰਮੈਨ ਗੌਤਮ ਅਡਾਨੀ ਅਤੇ ਉਨ੍ਹਾਂ ਦੇ ਭਤੀਜੇ ਸਾਗਰ ਨੂੰ ਅਮਰੀਕੀ ਸਕਿਉਰਿਟੀਜ਼ ਐਂਡ ਐਕਸਚੇਂਜ ਕਮਿਸ਼ਨ (ਐੱਸ.ਈ.ਸੀ.) ਨੇ ਤਲਬ ਕਰਕੇ ਸੂਰਜੀ ਊਰਜਾ ਠੇਕਿਆਂ 'ਚ 2200 ਕਰੋੜ ਰੁਪਏ ਦੀ ਰਿਸ਼ਵਤ ਦੇਣ ਦੇ ਲੱਗੇ ਦੋਸ਼ਾਂ ਬਾਰੇ ਆਪਣਾ ਪੱਖ ਰੱਖਣ ਲਈ ਕਿਹਾ ਹੈ। ਕਮਿਸ਼ਨ ਨੇ ਅਡਾਨੀ ਦੇ ਅਹਿਮਦਾਬਾਦ ਸਥਿਤ ਸ਼ਾਂਤੀਵਨ ਫਾਰਮ ਅਤੇ ਉਸ ਦੇ ਭਤੀਜੇ ਸਾਗਰ ਨੂੰ ਇਸੇ ਸ਼ਹਿਰ ਦੇ ਬੋਕਾਦੇਵ ਸਥਿਤ ਰਿਹਾਇਸ਼ 'ਤੇ ਸੰਮਨ ਭੇਜ ਕੇ 21 ਦਿਨਾਂ ਦੇ ਅੰਦਰ ਜਵਾਬ ਤਲਬ ਕੀਤਾ ਹੈ। ਨਿਊਯਾਰਕ ਪੂਰਬੀ ਜ਼ਿਲ੍ਹਾ ਅਦਾਲਤ ਰਾਹੀਂ 21 ਨਵੰਬਰ ਨੂੰ ਭੇਜੇ ਗਏ ਨੋਟਿਸ 'ਚ ਕਿਹਾ ਗਿਆ ਹੈ, "ਇਸ ਸੰਮਨ ਦੀ ਤਾਮੀਲ ਦੇ 21 ਦਿਨਾਂ ਦੇ ਅੰਦਰ (ਜਿਸ ਦਿਨ ਤੁਹਾਨੂੰ ਇਹ ਸੰਮਨ ਮਿਲੇਗਾ, ਉਸ ਨੂੰ ਛੱਡ ਕੇ) ਤੁਹਾਨੂੰ ਮੁੱਦਈ (ਐੱਸ.ਈ.ਸੀ.) ਨੂੰ ਸ਼ਿਕਾਇਤ ਦਾ ਜਵਾਬ ਦੇਣਾ ਹੋਵੇਗਾ ਜਾਂ ਸੰਘੀ ਸਿਵਲ ਪ੍ਰਕਿਰਿਆ ਦੇ ਨੇਮ 12 ਤਹਿਤ ਇਕ ਪ੍ਰਸਤਾਵ ਤਾਮੀਲ ਕਰਨਾ ਹੋਵੇਗਾ।" ਇਸ 'ਚ ਕਿਹਾ ਗਿਆ ਹੈ ਕਿ ਜੇ ਉਹ ਜਵਾਬ ਦੇਣ 'ਚ ਨਾਕਾਮ ਰਹਿੰਦੇ ਹਨ, ਤਾਂ ਸ਼ਿਕਾਇਤ ਮੁਤਾਬਕ ਉਨ੍ਹਾਂ ਖ਼ਿਲਾਫ਼ ਫ਼ੈਸਲਾ ਲਿਆ ਜਾਵੇਗਾ ਅਤੇ ਫਿਰ ਉਨ੍ਹਾਂ ਨੂੰ ਆਪਣਾ ਜਵਾਬ ਜਾਂ ਪ੍ਰਸਤਾਵ ਵੀ ਅਦਾਲਤ 'ਚ ਦਾਖ਼ਲ ਕਰਨਾ ਹੋਵੇਗਾ। ਗੌਤਮ ਅਡਾਨੀ ਅਤੇ ਸੱਤ ਹੋਰਾਂ ਖ਼ਿਲਾਫ਼ ਨਿਊਯਾਰਕ ਦੀ ਅਦਾਲਤ 'ਚ ਦੋਸ਼ ਪੱਤਰ ਦਾਖ਼ਲ ਕੀਤੇ ਗਏ ਸਨ। ਕੇਸ ਮੁਤਾਬਕ ਅਡਾਨੀ ਗਰੁੱਪ ਦੀ ਕੰਪਨੀ ਨੇ ਸੂਰਜੀ ਊਰਜਾ ਸਪਲਾਈ ਦਾ ਠੇਕਾ ਲੈਣ ਲਈ 2020 ਅਤੇ 2024 ਦਰਮਿਆਨ ਭਾਰਤੀ ਸਰਕਾਰੀ ਅਧਿਕਾਰੀਆਂ ਨੂੰ ਕਰੀਬ 26.5 ਕਰੋੜ ਡਾਲਰ ਦੀ ਰਿਸ਼ਵਤ ਦੇਣ 'ਤੇ ਸਹਿਮਤੀ ਜਤਾਈ ਸੀ।

# ਕੈਨੇਡਾ ਨਾਲ ਤਣਾਅ ਦੇ ਚੱਲਦਿਆਂ ਪੰਜਾਬੀਆਂ ਦੀ ਵਧੀ ਮੁਸ਼ਕਲ; ਇਮੀਗ੍ਰੇਸ਼ਨ ਬੈਕਲਾਗ ਵਧਿਆ

**ਟੋਰਾਂਟੋ, (ਪੰਜਾਬ ਮੇਲ)-** ਭਾਰਤ ਅਤੇ ਕੈਨੇਡਾ ਵਿਚਾਲੇ ਚੱਲ ਰਹੇ ਕੂਟਨੀਤਕ ਤਣਾਅ ਕਾਰਨ ਨਾਗਰਿਕ ਅਤੇ ਵਿਦਿਆਰਥੀ ਪ੍ਰਭਾਵਿਤ ਹੋ ਰਹੇ ਹਨ। ਤਣਾਅ ਦਰਮਿਆਨ ਇਮੀਗ੍ਰੇਸ਼ਨ ਬੈਕਲਾਗ ਦਾ ਅਸਰ ਭਾਰਤੀਆਂ 'ਤੇ ਸਭ ਤੋਂ ਵੱਧ ਦੇਖਣ ਨੂੰ ਮਿਲ ਰਿਹਾ ਹੈ। ਕੈਨੇਡਾ ਨੇ ਭਾਰਤ ਵਿਚ ਡਿਪਲੋਮੈਟਿਕ ਸਟਾਫ਼ ਘਟਾ ਦਿੱਤਾ ਹੈ, ਜਿਸ ਕਾਰਨ ਭਾਰਤੀਆਂ ਨੂੰ ਵੀਜ਼ਾ ਲੈਣ ਵਿਚ ਜ਼ਿਆਦਾ ਸਮਾਂ ਲੱਗ ਰਿਹਾ ਹੈ। ਘੱਟ ਡਿਪਲੋਮੈਟ ਹੋਣ ਦਾ ਮਤਲਬ ਹੈ ਭਾਰਤੀਆਂ ਲਈ ਲੰਬਾ ਇੰਤਜ਼ਾਰ। ਕੈਨੇਡਾ ਲੰਬੇ ਸਮੇਂ ਤੋਂ ਭਾਰਤੀ ਵਿਦਿਆਰਥੀਆਂ ਅਤੇ ਕਾਮਿਆਂ ਲਈ ਸਭ ਤੋਂ ਪਸੰਦੀਦਾ ਦੇਸ਼ ਮੰਨਿਆ ਜਾਂਦਾ ਰਿਹਾ ਹੈ। ਖਾਸ ਕਰਕੇ ਇਹ ਪੰਜਾਬ ਦੇ ਲੋਕਾਂ ਦੀ ਪਹਿਲੀ ਪਸੰਦ ਰਹੀ ਹੈ।

25 ਲੱਖ ਦੇ ਕਰੀਬ ਬਿਨੈਕਾਰਾਂ ਦਾ ਵੀਜ਼ਾ ਪੈਂਡਿੰਗ ਹੈ। ਪਰ 11 ਲੱਖ ਕੇਸ ਅਜਿਹੇ ਹਨ, ਜਿਨ੍ਹਾਂ ਵਿਚ ਦੇਰੀ ਹੋ ਰਹੀ ਹੈ। ਇਨ੍ਹਾਂ ਵਿਚ ਅਜਿਹੇ ਲੋਕ ਵੀ ਹਨ, ਜਿਨ੍ਹਾਂ ਨੂੰ ਪੰਜਾਬ ਤੋਂ ਕੈਨੇਡਾ ਸਿਰਫ਼ ਵਿਆਹ ਲਈ ਹੀ ਨਹੀਂ, ਸਗੋਂ ਕਾਰੋਬਾਰੀ ਕੰਮਾਂ ਲਈ ਵੀ ਜਾਣਾ ਪੈਂਦਾ ਹੈ ਪਰ ਵੀਜ਼ਾ ਨਾ ਮਿਲਣ ਕਾਰਨ ਇਹ ਸਿਸਟਮ ਵਿਗੜ ਗਿਆ ਹੈ। ਪਰਮਾਨੈਂਟ ਰੈਜ਼ੀਡੈਂਸੀ ਬਿਨੈਕਾਰ ਧਾਰਕ ਵੀ ਕੈਨੇਡਾ ਵਿਚ ਪੀ.ਆਰ. ਮਿਲਣ 'ਤੇ ਸਹੂਲਤਾਂ ਲੈਣ ਦੀ ਉਡੀਕ ਕਰ ਰਹੇ ਹਨ ਪਰ ਸਥਿਤੀ ਅਜਿਹੀ ਹੈ ਕਿ 3,05,200 ਅਰਜ਼ੀਆਂ ਬੈਕਲਾਗ ਵਿਚ ਪਈਆਂ ਹਨ। ਇਨ੍ਹਾਂ ਵਿਚ ਜ਼ਿਆਦਾਤਰ ਪੰਜਾਬੀ ਭਾਈਚਾਰੇ ਦੇ ਲੋਕ ਹਨ। ਅਸਥਾਈ ਰਿਹਾਇਸ਼ੀ 7,53,700 ਅਰਜ਼ੀਆਂ ਪੈਂਡਿੰਗ ਹਨ। ਵੀਜ਼ਾ ਪ੍ਰੋਸੈਸਿੰਗ ਸਮੇਂ ਵਿੱਚ ਵਾਧੇ ਕਾਰਨ ਭਾਰਤੀ ਵਿਦਿਆਰਥੀਆਂ ਨੂੰ ਸਮੇਂ ਸਿਰ ਆਪਣੀ ਪੜ੍ਹਾਈ ਸ਼ੁਰੂ ਕਰਨ ਵਿਚ ਮੁਸ਼ਕਲ ਹੋ ਰਹੀ ਹੈ।



ਕੈਨੇਡਾ ਦੇ ਭਾਰਤ 'ਚ ਡਿਪਲੋਮੈਟਿਕ ਸਟਾਫ ਘਟਾਉਣ ਨਾਲ ਭਾਰਤ ਨੂੰ ਵੀਜ਼ਾ ਲੈਣ ਵਿਚ ਲੱਗ ਰਿਹੈ ਵੱਧ ਸਮਾਂ

ਭਾਰਤੀ ਕਾਮੇ ਵੀ ਸਮੇਂ ਸਿਰ ਕੰਪਨੀਆਂ ਵਿਚ ਸ਼ਾਮਲ ਨਹੀਂ ਹੋ ਪਾ ਰਹੇ ਹਨ। ਕੈਨੇਡਾ ਜਾਣ ਦੀ ਸੋਚ ਰਹੇ ਭਾਰਤੀ ਇਮੀਗ੍ਰੇਸ਼ਨ ਬੈਕਲਾਗ ਕਾਰਨ ਕਾਫੀ ਪ੍ਰਭਾਵਿਤ ਹੋਏ ਹਨ। ਇਕ ਹੋਰ ਵੀਜ਼ਾ ਮਾਹਿਰ ਦਾ ਕਹਿਣਾ ਹੈ ਕਿ ਲੰਬੇ ਪ੍ਰੋਸੈਸਿੰਗ ਟਾਈਮ ਦਾ ਮਤਲਬ ਹੈ ਕਿ ਬਿਨੈਕਾਰ ਆਪਣੇ ਸਟੱਡੀ ਪਰਮਿਟ, ਵਰਕ ਵੀਜ਼ਾ ਅਤੇ ਸਥਾਈ ਨਿਵਾਸ ਅਰਜ਼ੀਆਂ 'ਤੇ ਫ਼ੈਸਲਿਆਂ ਦੀ ਉਡੀਕ ਕਰਨ ਲਈ ਲੰਬਾ ਸਮਾਂ ਲੈ ਰਹੇ ਹਨ। ਇਹ ਅਨਿਸ਼ਚਿਤਤਾ ਉਨ੍ਹਾਂ ਦੀ ਪੜ੍ਹਾਈ ਅਤੇ ਨੌਕਰੀ ਦੀਆਂ ਯੋਜਨਾਵਾਂ ਨੂੰ ਵਿਗਾੜ ਸਕਦੀ ਹੈ। ਕੈਨੇਡਾ ਅਤੇ ਭਾਰਤ ਵਿਚਕਾਰ ਕੂਟਨੀਤਕ ਵਿਵਾਦ ਕਾਰਨ ਚੁਣੌਤੀਆਂ ਹੋਰ ਵਧ ਗਈਆਂ ਹਨ। ਉਨ੍ਹਾਂ ਨੂੰ ਨਹੀਂ ਪਤਾ ਕਿ ਉਨ੍ਹਾਂ ਦੀਆਂ ਅਰਜ਼ੀਆਂ 'ਤੇ ਫ਼ੈਸਲਾ ਕਦੋਂ ਆਵੇਗਾ।

ਕੈਨੇਡਾ ਵਿਚ ਨਾਗਰਿਕਤਾ ਹਾਸਲ ਕਰਨ ਤੋਂ ਲੈ ਕੇ ਸਥਾਈ ਨਿਵਾਸ ਪ੍ਰਾਪਤ ਕਰਨ ਤੱਕ ਦਾ ਇੰਤਜ਼ਾਰ ਲੰਮਾ ਹੁੰਦਾ ਜਾ ਰਿਹਾ ਹੈ। ਇਨ੍ਹੀਂ ਦਿਨੀਂ ਕੈਨੇਡਾ ਵਿਚ ਇਮੀਗ੍ਰੇਸ਼ਨ ਲਈ ਅਰਜ਼ੀਆਂ ਦਾ ਵੱਡਾ ਢੇਰ ਲੱਗਾ ਹੋਇਆ ਹੈ। ਪੰਜਾਬ ਦੇ ਨੌਜਵਾਨ ਖਾਸ ਤੌਰ 'ਤੇ ਪ੍ਰਭਾਵਿਤ ਹਨ। ਕੈਨੇਡਾ ਦੇ ਐਡਮਿੰਟਨ ਵਿਚ ਕੰਮ ਕਰਨ ਵਾਲੇ ਇਕ ਵੀਜ਼ਾ ਮਾਹਿਰ ਦਾ ਕਹਿਣਾ ਹੈ ਕਿ ਇਮੀਗ੍ਰੇਸ਼ਨ, ਰਫਿਊਜੀ ਅਤੇ ਸਿਟੀਜ਼ਨਸ਼ਿਪ ਕੈਨੇਡਾ ਕੋਲ 10,97,000 ਅਰਜ਼ੀਆਂ ਹਨ, ਜੋ ਆਪਣੇ ਪ੍ਰੋਸੈਸਿੰਗ ਸਮੇਂ ਤੋਂ ਵੱਧ ਸਮੇਂ ਤੋਂ ਲੰਬਿਤ ਹਨ। 30 ਸਤੰਬਰ ਤੱਕ ਕੈਨੇਡਾ ਵਿਚ ਨਾਗਰਿਕਤਾ, ਸਥਾਈ ਨਾਗਰਿਕਤਾ ਅਤੇ ਅਸਥਾਈ ਨਾਗਰਿਕਤਾ ਲਈ ਕੁੱਲ 24,50,600 ਅਰਜ਼ੀਆਂ ਪ੍ਰਕਿਰਿਆ ਅਧੀਨ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਪੰਜਾਬੀਆਂ ਦੀ ਹਨ।




## ਗੈਰ ਕਾਨੂੰਨੀ ਢੰਗ ਨਾਲ ਪ੍ਰਵਾਸੀਆਂ ਨੂੰ ਅਮਰੀਕਾ 'ਚ ਦਾਖਲ ਕਰਵਾਉਣ ਦਾ ਮਾਮਲਾ

# ਅਦਾਲਤ ਵੱਲੋਂ ਗੁਜਰਾਤੀ ਪਰਿਵਾਰ ਦੀਆਂ ਮਨਫ਼ੀ ਤਾਪਮਾਨ 'ਚ ਹੋਈਆਂ ਮੌਤਾਂ ਦੇ ਮਾਮਲੇ 'ਚ ਇਕ ਭਾਰਤੀ ਤੇ ਇਕ ਅਮਰੀਕੀ ਦੋਸ਼ੀ ਕਰਾਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਇਕ ਜਿਊਰੀ ਨੇ ਮਨੁੱਖੀ ਤਸਕਰੀ ਨਾਲ ਸਬੰਧਤ ਇਕ ਮਾਮਲੇ, ਜਿਸ ਵਿਚ ਭਾਰਤ ਦੇ ਇਕ ਗੁਜਰਾਤੀ ਪਰਿਵਾਰ ਦੇ 2 ਬੱਚਿਆਂ ਸਮੇਤ 4 ਜੀਆਂ ਦੀ ਮਨਫ਼ੀ ਤਾਪਮਾਨ ਵਿਚ ਬਰਫ਼ੀਲੇ ਖੇਤਰ ਵਿਚ ਫਸਣ ਕਾਰਨ ਮੌਤ ਹੋ ਗਈ ਸੀ, ਵਿਚ ਦੋ ਵਿਅਕਤੀਆਂ ਨੂੰ ਦੋਸ਼ੀ ਠਹਿਰਾਇਆ ਹੈ। ਸਰਕਾਰੀ ਵਕੀਲ ਅਨੁਸਾਰ ਭਾਰਤੀ ਹਰਸ਼ਕੁਮਾਰ ਰਮਨਲਾਲ ਪਟੇਲ (29) ਜਿਸ ਨੂੰ "ਡਰਟੀ ਹੈਰੀ" ਦੇ ਨਾਂ ਨਾਲ ਜਾਣਿਆ ਜਾਂਦਾ ਹੈ ਤੇ ਫਲੋਰਿਡਾ ਵਾਸੀ ਅਮਰੀਕੀ ਨਾਗਰਕ ਸਟੀਵ ਸ਼ੈਂਡ (50) ਪ੍ਰਵਾਸੀਆਂ ਨੂੰ ਅਮਰੀਕਾ ਵਿਚ ਦਾਖਲ ਕਰਵਾਉਣ ਵਾਲੇ ਉਸ ਗੈਰ ਕਾਨੂੰਨੀ ਆਪਰੇਸ਼ਨ ਦਾ ਹਿੱਸਾ ਸਨ, ਜਿਸ ਕਾਰਨ ਭਾਰਤੀ ਪਰਿਵਾਰ ਦੀ ਮੌਤ ਹੋਈ ਤੇ ਇਨ੍ਹਾਂ ਕਾਰਨ ਅਮਰੀਕਾ ਵਿਚ ਗੈਰ ਕਾਨੂੰਨੀ ਭਾਰਤੀਆਂ ਦੀ ਗਿਣਤੀ ਵਧੀ ਹੈ। ਇਨ੍ਹਾਂ ਦੋਨਾਂ ਨੂੰ ਅਮਰੀਕਾ ਵਿਚ ਗੈਰ ਕਾਨੂੰਨੀ ਢੰਗ ਨਾਲ ਪ੍ਰਵਾਸੀਆਂ ਨੂੰ ਲਿਆਉਣ ਲਈ ਸਾਜ਼ਿਸ਼ ਰਚਣ ਸਮੇਤ ਮਨੁੱਖੀ ਤਸਕਰੀ ਨਾਲ ਸਬੰਧਤ 4 ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ ਹੈ। ਮਿਨੀਸੋਟਾ ਯੂ.ਐੱਸ. ਅਟਾਰਨੀ ਐਂਡੀ ਲੂਗਰ ਨੇ ਕਿਹਾ ਹੈ ਕਿ ਇਸ ਮਾਮਲੇ ਨੇ ਮਨੁੱਖੀ ਤਸਕਰੀ ਨਾਲ ਜੁੜੀ ਕਲਪਨਾ ਤੋਂ ਪਰੇ ਬੇਰਹਿਮੀ ਤੇ ਅਪਰਾਧੀ ਸੰਗਠਨ ਦਾ ਪਰਦਾਫਾਸ਼



ਕੀਤਾ ਹੈ, ਜਿਨ੍ਹਾਂ ਨੇ ਮੁਨਾਫ਼ਾ ਕਮਾਉਣ ਲਈ ਮਨੁੱਖਤਾ ਦਾ ਘਾਣ ਕੀਤਾ ਹੈ। ਲੂਗਰ ਨੇ ਕਿਹਾ ਹੈ ਕਿ "ਕੁਝ ਹਜ਼ਾਰ ਡਾਲਰਾਂ ਖਾਤਰ ਇਨ੍ਹਾਂ ਤਸਕਰਾਂ ਨੇ ਇਕ ਪਰਿਵਾਰ ਦੇ 4 ਜੀਆਂ ਨੂੰ ਅਸਾਧਾਰਨ ਬਿਪਤਾ ਵਿਚ ਧੱਕ ਦਿੱਤਾ, ਜਿਸ ਕਾਰਨ ਅਮਰੀਕਾ ਕੈਨੇਡਾ ਸਰਹੱਦ ਨੇੜੇ ਉਨ੍ਹਾਂ ਦੀ ਦੁੱਖਦਾਈ ਮੌਤ ਹੋ ਗਈ। ਇਸ ਮਾਮਲੇ 'ਚ ਬਚਾਅ ਪੱਖ ਦੇ ਵਕੀਲ ਆਪਸ ਵਿਚ ਹੀ ਉਲਝ ਗਏ ਹਨ। ਸ਼ੈਂਡ ਦੇ ਵਕੀਲਾਂ ਨੇ ਸੁਣਵਾਈ ਦੌਰਾਨ ਦਲੀਲ ਦਿੱਤੀ ਕਿ ਉਸ ਨੂੰ ਪਟੇਲ ਦੁਆਰਾ ਬਣਾਈ ਯੋਜਨਾ ਵਿਚ ਅਣਜਾਣੇ 'ਚ ਫਸਾਇਆ ਗਿਆ ਹੈ। ਦੂਸਰੇ ਪਾਸੇ ਪਟੇਲ ਦੇ ਵਕੀਲਾਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਮੁਵੱਕਿਲ ਗਲਤ ਪਹਿਚਾਣ ਦਾ ਸ਼ਿਕਾਰ ਹੋਇਆ ਹੈ। ਉਨ੍ਹਾਂ ਕਿਹਾ ਕਿ ਪਟੇਲ ਦਾ ਕਥਿਤ ਛੋਟਾ ਨਾਂ "ਡਰਟੀ ਹੈਰੀ" ਸ਼ੈਂਡ ਦੇ ਫੋਨ ਵਿਚੋਂ ਮਿਲਿਆ ਸੀ, ਜੋ ਕਿ ਵੱਖਰਾ ਵਿਅਕਤੀ ਹੈ, ਉਹ ਪਟੇਲ ਨਹੀਂ ਹੈ। ਸਰਕਾਰੀ ਧਿਰ ਅਨੁਸਾਰ ਪਟੇਲ ਦੀ ਯੋਜਨਾ ਅਨੁਸਾਰ ਸ਼ੈਂਡ ਜੋ ਕਿ ਇਕ ਡਰਾਈਵਰ ਹੈ, ਨੇ 11 ਭਾਰਤੀ ਪ੍ਰਵਾਸੀਆਂ ਨੂੰ ਸਰਹੱਦ ਤੋਂ ਮਿਨੀਸੋਟਾ ਵਾਲੇ ਪਾਸੇ ਲਿਆਉਣਾ ਸੀ, ਜਿਨ੍ਹਾਂ ਵਿਚੋਂ ਬਚੇ 7 ਹੀ ਪੈਦਲ ਸਰਹੱਦ ਤੱਕ ਪਹੁੰਚ ਸਕੇ, ਜਦਕਿ ਗੁਜਰਾਤੀ ਪਰਿਵਾਰ ਨੂੰ ਉਸੇ ਦਿਨ ਸਵੇਰ ਵੇਲੇ ਕੈਨੇਡਾ ਦੇ ਅਧਿਕਾਰੀਆਂ ਨੇ ਮ੍ਰਿਤਕ ਹਾਲਤ ਵਿਚ ਪਾਇਆ ਸੀ। ਸੁਣਵਾਈ ਸ਼ੁਰੂ ਹੋਣ ਤੋਂ ਪਹਿਲਾਂ ਯੂ.ਐੱਸ. ਅਟਾਰਨੀ ਦੇ ਦਫਤਰ ਨੇ ਕਿਹਾ ਸੀ ਕਿ ਬਹੁਤ ਹੀ ਗੰਭੀਰ ਦੋਸ਼ਾਂ ਵਾਲੇ ਇਸ ਮਾਮਲੇ ਵਿਚ 20 ਸਾਲ ਤੱਕ ਸਜ਼ਾ ਹੋ ਸਕਦੀ ਹੈ। ਲੂਗਰ ਨੇ ਹੋਰ ਕਿਹਾ ਹੈ ਕਿ ਸਰਕਾਰੀ ਵਕੀਲਾਂ ਦੁਆਰਾ ਸਜ਼ਾ ਦੀ ਸਿਫਾਰਿਸ਼ ਕਰਨ ਤੋਂ ਪਹਿਲਾਂ ਮਾਮਲੇ ਨਾਲ ਜੁੜੇ ਵੱਖ-ਵੱਖ ਤੱਥਾਂ ਨੂੰ ਧਿਆਨ ਵਿਚ ਰੱਖਿਆ ਜਾਵੇਗਾ।

## ਕੈਨੇਡਾ ਵੱਲੋਂ ਭਾਰਤ ਜਾਂਦੇ ਯਾਤਰੀਆਂ ਦੀ ਵਿਸ਼ੇਸ਼ ਜਾਂਚ ਬੰਦ

**ਵੈਨਕੂਵਰ, (ਪੰਜਾਬ ਮੇਲ)**- ਕੈਨੇਡਾ ਤੋਂ ਦਿੱਲੀ ਲਈ ਜਾਂਦੀਆਂ ਉਡਾਣਾਂ ਦੇ ਯਾਤਰੀਆਂ ਦੀ ਵਿਸ਼ੇਸ਼ ਜਾਂਚ ਕਰਨ ਦੇ ਹੁਕਮ ਵਾਪਸ ਲੈ ਲਏ ਗਏ ਹਨ। ਕੈਨੇਡਾ ਦੇ ਸਰਕਾਰੀ ਮੀਡੀਆ ਅਦਾਰੇ ਕੈਨੇਡਾ ਬ੍ਰਾਡਕਾਸਟਿੰਗ ਕਾਰਪੋਰੇਸ਼ਨ (ਸੀ.ਬੀ.ਸੀ.) ਨੇ ਟਰਾਂਸਪੋਰਟ ਮੰਤਰੀ ਦਫਤਰ ਦੇ ਹਵਾਲੇ ਨਾਲ ਦੱਸਿਆ ਹੈ ਕਿ ਸੋਮਵਾਰ ਤੋਂ ਸ਼ੁਰੂ ਹੋਈ ਜਾਂਚ ਵਾਪਸ ਲੈ ਲਈ ਗਈ ਹੈ ਤੇ ਹੁਣ ਭਾਰਤ ਜਾਣ ਵਾਲੇ ਯਾਤਰੀਆਂ ਨੂੰ ਵਿਸ਼ੇਸ਼ ਜਾਂਚ ਪ੍ਰੀਕਿਰਿਆ ਵਿਚੋਂ ਨਹੀਂ ਲੰਘਣਾ ਪਏਗਾ। ਮੀਡੀਆ ਅਦਾਰਿਆਂ ਵਲੋਂ ਵਿਸ਼ੇਸ਼ ਜਾਂਚ ਦੇ ਹੁਕਮਾਂ ਉੱਤੇ ਵਿਚਾਰ ਪੇਸ਼ ਕਰਕੇ ਕਾਰਨ ਗਿਣਾਏ ਜਾ ਰਹੇ ਸਨ।

# ਕੈਨੇਡਾ 'ਚ ਹਰਜਿੰਦਰ ਸਿੱਧੂ ਡੈਲਟਾ ਪੁਲਿਸ ਦਾ ਮੁਖੀ ਨਿਯੁਕਤ


**ਵੈਨਕੂਵਰ, (ਪੰਜਾਬ ਮੇਲ)**- ਹਰਜਿੰਦਰ ਸਿੰਘ ਸਿੱਧੂ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਡੈਲਟਾ ਦਾ



ਪੁਲਿਸ ਮੁਖੀ ਨਿਯੁਕਤ ਕੀਤਾ ਗਿਆ ਹੈ। ਡੈਲਟਾ ਪੁਲਿਸ ਦੀ ਹੋਂਦ ਤੋਂ ਬਾਅਦ ਪਹਿਲੀ ਵਾਰ ਕੋਈ ਪੰਜਾਬੀ ਇਸ ਅਹੁਦੇ 'ਤੇ ਤਾਇਨਾਤ ਹੋਇਆ ਹੈ। ਹਰਜ ਸਿੱਧੂ ਦੇ ਨਾਂ ਨਾਲ ਜਾਣਿਆ ਜਾਂਦਾ ਹਰਜਿੰਦਰ ਸਿੱਧੂ 1993 ਵਿਚ ਡੈਲਟਾ ਪੁਲਿਸ 'ਚ ਸਿਪਾਹੀ ਭਰਤੀ ਹੋਇਆ ਤੇ ਹਰ ਜ਼ਿੰਮੇਵਾਰੀ ਨੂੰ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਂਦਿਆਂ ਮੁਖੀ ਦੇ ਅਹੁਦੇ ਤੱਕ ਪਹੁੰਚਿਆ ਹੈ। ਕੈਨੇਡਾ ਦੇ ਪੱਛਮੀ ਤੱਟ ਦੀ ਬੰਦਰਗਾਹ ਡੈਲਟਾ ਵਿਚ ਹੋਣ ਕਰਕੇ ਇੱਥੋਂ ਦੀ ਪੁਲਿਸ ਨੂੰ ਕਈ ਵੱਡੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਪੈਂਦੀਆਂ ਹਨ। ਵਿਦੇਸ਼ਾਂ ਤੋਂ ਆਯਾਤ ਹੁੰਦੇ ਤੇ ਬਾਹਰ ਭੇਜੇ ਜਾਂਦੇ ਸਾਮਾਨ 'ਤੇ ਨਜ਼ਰ ਰੱਖਣ ਦੀ ਜ਼ਿੰਮੇਵਾਰੀ ਡੈਲਟਾ ਪੁਲਿਸ ਨਿਭਾਉਂਦੀ ਹੈ। ਪੁਲਿਸ ਬੋਰਡ ਦੇ ਚੇਅਰਮੈਨ ਇਆਨ ਟੈਟ ਨੇ ਹਰਜਿੰਦਰ ਸਿੱਧੂ ਦੀ ਨਿਯੁਕਤੀ ਦਾ ਐਲਾਨ ਕਰਦਿਆਂ ਉਸ ਦੀ ਦੂਰਅੰਦੇਸ਼ੀ ਸੋਚ ਅਤੇ ਵੱਖ-ਵੱਖ ਤਜ਼ਰਬਿਆਂ ਦਾ ਵਿਸ਼ੇਸ਼ ਜ਼ਿਕਰ ਕੀਤਾ।

# ਅਮਰੀਕਾ 'ਚ ਭਾਰਤੀ ਨਾਗਰਿਕ ਨੂੰ ਹੋ ਸਕਦੀ ਹੈ 20 ਸਾਲ ਦੀ ਜੇਲ੍ਹ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ 'ਚ ਇਕ ਭਾਰਤੀ ਨਾਗਰਿਕ ਨੂੰ ਰੂਸ ਦੀਆਂ ਕੰਪਨੀਆਂ ਨੂੰ ਗੈਰ-ਕਾਨੂੰਨੀ ਹਵਾਬਾਜ਼ੀ ਸਮੱਗਰੀ ਦੀ ਸਪਲਾਈ ਕਰਨ ਦੇ ਦੋਸ਼ 'ਚ ਐਕਸਪੋਰਟ ਕੰਟਰੋਲ ਕਾਨੂੰਨ ਦੀ ਉਲੰਘਣਾ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਨਿਆਂ



ਵਿਭਾਗ ਨੇ ਸ਼ੁੱਕਰਵਾਰ ਨੂੰ ਇੱਕ ਪ੍ਰੈੱਸ ਬਿਆਨ ਵਿਚ ਕਿਹਾ ਕਿ ਨਵੀਂ ਦਿੱਲੀ ਸਥਿਤ ਏਅਰ ਚਾਰਟਰ ਸੇਵਾ ਪ੍ਰਦਾਤਾ 'ਅਰੇਜ਼ੋ ਏਵੀਏਸ਼ਨ' ਦੇ ਮੈਨੇਜਿੰਗ ਪਾਰਟਨਰ ਸੰਜੇ ਕੌਸ਼ਿਕ ਨੂੰ 17 ਅਕਤੂਬਰ ਨੂੰ ਮਿਆਮੀ ਵਿਚ ਉਸ ਸਮੇਂ ਗ੍ਰਿਫਤਾਰ ਕੀਤਾ ਗਿਆ, ਜਦੋਂ ਉਹ ਇੱਕ ਅਧਿਕਾਰਤ ਦੌਰੇ 'ਤੇ ਭਾਰਤ ਤੋਂ ਪਰਤਿਆ ਸੀ।

ਕੰਪਨੀ ਦੀ ਵੈੱਬਸਾਈਟ ਦੇ ਅਨੁਸਾਰ, 'ਅਰੇਜ਼ੋ ਐਵੀਏਸ਼ਨ' ਦਿੱਲੀ ਕੈਂਟ ਦੇ ਮਹਿਰਮ ਨਗਰ ਵਿਚ ਸਥਿਤ ਹੈ, ਜੋ ਚਾਰਟਰ ਜਹਾਜ਼, ਏਅਰ ਐਂਬੂਲੈਂਸ ਦੇ ਖੇਤਰ ਵਿਚ ਕੰਮ ਕਰਦੀ ਹੈ, ਨਾਲ ਹੀ ਵਪਾਰਕ, ਜਨਰਲ ਅਤੇ ਕਾਰਪੋਰੇਟ ਜਹਾਜ਼ਾਂ ਦੇ ਸਪੇਅਰ ਪਾਰਟਸ ਅਤੇ ਪਾਇਲਟ ਮੁਹੱਈਆ ਕਰਾਉਂਦੀ ਹੈ। ਫਿਲਹਾਲ ਓਰੇਗਨ ਜੇਲ੍ਹ ਵਿਚ ਬੰਦ ਕੌਸ਼ਿਕ ਨੇ ਆਪਣੀ ਰਿਹਾਈ ਲਈ ਅਪੀਲ ਨਹੀਂ ਕੀਤੀ ਹੈ। ਅਮਰੀਕੀ ਮੈਜਿਸਟ੍ਰੇਟ ਜੱਜ ਸਟੇਸੀ ਐੱਫ. ਬੇਕਰਮੈਨ ਨੇ ਸ਼ੁੱਕਰਵਾਰ ਨੂੰ ਕੌਸ਼ਿਕ ਦੇ ਫਰਾਰ ਹੋਣ ਦੀ ਸੰਭਾਵਨਾ ਨੂੰ ਦੇਖਦੇ ਹੋਏ ਉਸ ਨੂੰ ਹਿਰਾਸਤ 'ਚ ਲੈਣ ਦਾ ਹੁਕਮ ਦਿੱਤਾ।

ਜੇਕਰ ਉਹ ਦੋਸ਼ੀ ਪਾਇਆ ਜਾਂਦਾ ਹੈ, ਤਾਂ ਉਸਨੂੰ ਵੱਧ ਤੋਂ ਵੱਧ 20 ਸਾਲ ਦੀ ਜੇਲ੍ਹ ਹੋ ਸਕਦੀ ਹੈ ਅਤੇ ਦੋਸ਼ਾਂ ਲਈ ਪ੍ਰਤੀ ਮਾਮਲੇ ਵਿਚ 10 ਲੱਖ ਅਮਰੀਕੀ ਡਾਲਰ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਸੰਘੀ ਵਕੀਲਾਂ ਨੇ ਅਦਾਲਤ ਵਿਚ ਕਿਹਾ, "ਕੌਸ਼ਿਕ ਗੈਰ-ਕਾਨੂੰਨੀ ਖਰੀਦ ਕਰਨ ਵਾਲੇ ਗਿਰੋਹ ਦਾ ਮੈਂਬਰ ਹੈ, ਜੋ ਰੂਸੀ ਕੰਪਨੀਆਂ ਲਈ ਅਮਰੀਕਾ ਤੋਂ ਗੈਰ-ਕਾਨੂੰਨੀ ਤੌਰ 'ਤੇ ਹਵਾਬਾਜ਼ੀ ਦਾ ਸਮਾਨ ਅਤੇ ਤਕਨਾਲੋਜੀ ਪ੍ਰਾਪਤ ਕਰਦਾ ਹੈ।"




# ਟਰੰਪ ਅਮਰੀਕੀ ਫੌਜ ’ਚੋਂ ਟਰਾਂਸਜੈਂਡਰਾਂ ਨੂੰ ਦਿਖਾਉਣਗੇ ਬਾਹਰ ਦਾ ਰਸਤਾ

**ਨਵੀਂ ਦਿੱਲੀ, (ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਕਥਿਤ ਤੌਰ ’ਤੇ ਕਾਰਜਕਾਰੀ ਆਦੇਸ਼ ਦੀ ਯੋਜਨਾ ਬਣਾ ਰਹੇ ਹਨ, ਜਿਸ ਤਹਿਤ ਸਾਰੇ ਟਰਾਂਸਜੈਂਡਰ ਮੈਂਬਰਾਂ ਨੂੰ ਅਮਰੀਕੀ ਫੌਜ ਤੋਂ ਹਟਾ ਦਿੱਤਾ ਜਾਵੇਗਾ। ਰਿਪੋਰਟ ਅਨੁਸਾਰ ਟਰਾਂਸਜੈਂਡਰਾਂ ਨੂੰ ਡਾਕਟਰੀ ਤੌਰ ’ਤੇ ਛੁੱਟੀ ਦੇ ਦਿੱਤੀ ਜਾਵੇਗੀ, ਜਿਸ ਦਾ ਮਤਲਬ ਹੈ ਕਿ ਉਹ ਸੇਵਾ ਕਰਨ ਲਈ ‘ਅਯੋਗ’ ਹੋਣਗੇ।



78 ਸਾਲਾ ਆਗੂ ਨੇ ਅਮਰੀਕੀ ਰਾਸ਼ਟਰਪਤੀ ਵਜੋਂ ਆਪਣੇ ਪਹਿਲੇ ਕਾਰਜਕਾਲ ਦੌਰਾਨ ਵੀ ਅਜਿਹਾ ਹੀ ਹੁਕਮ ਲਾਗੂ ਕੀਤਾ ਸੀ। ਉਸ ਨੇ ਟਰਾਂਸਜੈਂਡਰ ਲੋਕਾਂ ਨੂੰ ਹਥਿਆਰਬੰਦ ਬਲਾਂ ਵਿਚ ਸ਼ਾਮਲ ਹੋਣ ਤੋਂ ਰੋਕ ਦਿੱਤਾ ਸੀ ਪਰ ਉਨ੍ਹਾਂ ਨੂੰ ਇਜਾਜ਼ਤ ਦਿੱਤੀ, ਜੋ ਪਹਿਲਾਂ ਹੀ ਆਪਣੀਆਂ ਨੌਕਰੀਆਂ ਕਰ ਰਹੇ ਸਨ। ਹੁਣ ਰਿਪੋਰਟ ਮੁਤਾਬਿਕ ਇਸ ਵਾਰ ਉਨ੍ਹਾਂ ਸਾਰੇ ਟਰਾਂਸਜੈਂਡਰਾਂ ਨੂੰ ਵੀ ਹਟਾ ਦਿੱਤਾ ਜਾਵੇਗਾ, ਜੋ ਫਿਲਹਾਲ ਸਮੇਂ ਸੇਵਾ ਵਿਚ ਹਨ।

ਕਾਰਜਕਾਰੀ ਆਦੇਸ਼ ਅਗਲੇ ਸਾਲ 20 ਜਨਵਰੀ ਨੂੰ ਰਾਸ਼ਟਰਪਤੀ ਵਜੋਂ ਉਨ੍ਹਾਂ ਦੇ ਪਹਿਲੇ ਦਿਨ ਆਵੇਗਾ। ਲਗਭਗ 15,000 ਟਰਾਂਸਜੈਂਡਰ ਅਮਰੀਕੀ ਫੌਜ ਵਿਚ ਸਰਗਰਮੀ ਨਾਲ ਸੇਵਾ ਕਰ ਰਹੇ ਹਨ। ਰਿਪੋਰਟ ’ਚ ਕਿਹਾ ਗਿਆ ਹੈ ਕਿ ਜਦੋਂ ਰਾਸ਼ਟਰਪਤੀ ਜੋਅ ਬਾਇਡਨ ਨੇ ਫੌਜ ਵਿਚ ਟ੍ਰਾਂਸਜੈਂਡਰਾਂ ’ਤੇ ਟਰੰਪ ਦੇ ਬੈਨ ਨੂੰ ਹਟਾ ਦਿੱਤਾ, ਤਾਂ ਲਗਭਗ 2,200 ਸੇਵਾ ਕਰਮਚਾਰੀਆਂ ’ਚ ਲਿੰਗ ਡਿਸਫੋਰੀਆ ਦਾ ਹੱਲ ਕੀਤਾ ਸੀ ਅਤੇ ਬਹੁਤ ਸਾਰੇ ਹੋਰ ਕਰਮਚਾਰੀਆਂ ਦੀ ਪਛਾਣ ਉਨ੍ਹਾਂ ਦੇ ਜਨਮ ਦੇ ਅਲੱਗ ਲਿੰਗ ਵਜੋਂ ਕੀਤੀ ਗਈ ਸੀ।

ਟਰੰਪ ਦਾ ਮੁੱਖ ਦ੍ਰਿਸ਼ਟੀਕੋਣ ਅਮਰੀਕਾ ਨੂੰ ਕਥਿਤ ਜਾਗਰੂਕਤਾ ਤੇ ਖੱਬੇਪੱਖੀ ਵਿਚਾਰਧਾਰਾ ਤੋਂ ਛੁਟਕਾਰਾ ਦਿਵਾਉਣਾ ਹੈ। ਉਹ ਟਰਾਂਸਜੈਂਡਰ ਐਥਲੀਟਾਂ ਨੂੰ ਲੜਕੀਆਂ ਦੀਆਂ ਖੇਡਾਂ ਤੋਂ ਦੂਰ ਰੱਖਣਾ ਚਾਹੁੰਦਾ ਹੈ ਤੇ ਲਿੰਗ ਪਛਾਣ ’ਤੇ ਕਲਾਸਰੂਮ ਦੇ ਪਾਠਾਂ ’ਤੇ ਪਾਬੰਦੀ ਲਗਾਉਣਾ ਚਾਹੁੰਦੇ ਹਨ।

ਟਰੰਪ ਦੇ ਬਚਾਅ ਪੱਖ ’ਚ ਚੁਣੇ ਗਏ ਪੀਟ ਹੇਗਸੇਥ, ਜੋ ਅਮਰੀਕੀ ਫੌਜ ਦੇ ਇੰਚਾਰਜ ਹੋਣਗੇ, ਉਸ ਦੇ ਟਰਾਂਸਜੈਂਡਰਾਂ ਪ੍ਰਤੀ ਨਾਂਹ-ਪੱਖੀ ਵਿਚਾਰ ਹਨ। ਵਾਸ਼ਿੰਗਟਨ ਪੋਸਟ ਦੀ ਰਿਪੋਰਟ ਅਨੁਸਾਰ ਉਸ ਨੇ ਜ਼ੋਰਦਾਰ ਤਰਕ ਦਿੱਤਾ ਹੈ ਕਿ ਫ਼ੌਜ ’ਚ ਔਰਤਾਂ ਤੇ ਟਰਾਂਸਜੈਂਡਰ ਕਰਮਚਾਰੀਆਂ ਨੂੰ ਸ਼ਾਮਲ ਕਰਨ ਦੇ ਕਦਮ ਅਮਰੀਕੀ ਸੁਰੱਖਿਆ ਨੂੰ ਕਮਜ਼ੋਰ ਕਰ ਰਹੇ ਹਨ ।

# ਸੁਖਬੀਰ ਅਤੇ ਹੋਰ ਆਗੂ 2 ਦਸੰਬਰ ਨੂੰ ਅਕਾਲ ਤਖ਼ਤ ’ਤੇ ਤਲਬ

**ਅੰਮ੍ਰਿਤਸਰ, (ਪੰਜਾਬ ਮੇਲ)-** ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਮਾਮਲੇ ’ਚ ਅਗਲੇਰੀ ਕਾਰਵਾਈ ਤਹਿਤ ਸੁਖਬੀਰ ਸਿੰਘ ਬਾਦਲ ਅਤੇ ਹੋਰ ਆਗੂਆਂ ਨੂੰ 2 ਦਸੰਬਰ ਨੂੰ ਅਕਾਲ ਤਖ਼ਤ ਸਾਹਿਬ ’ਤੇ ਤਲਬ ਕੀਤਾ ਹੈ। ਉਨ੍ਹਾਂ ਇਸ ਸਬੰਧੀ ਜ਼ਰੂਰੀ ਵਿਚਾਰ-ਵਟਾਂਦਰਾ ਕਰਨ ਵਾਸਤੇ 2 ਦਸੰਬਰ ਸੋਮਵਾਰ ਨੂੰ ਬਾਅਦ ਦੁਪਹਿਰ ਇਕ ਵਜੇ ਅਕਾਲ ਤਖ਼ਤ ਸਾਹਿਬ ’ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਬੁਲਾਈ ਹੈ।

■ **ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਮਾਮਲੇ ’ਤੇ ਪੰਜ ਸਿੰਘ ਸਾਹਿਬਾਨ ਲੈ ਸਕਦੇ ਨੇ ਕੋਈ ਫ਼ੈਸਲਾ**



ਅਕਾਲ ਤਖ਼ਤ ਸਕੱਤਰੇਤ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਲ 2007 ਤੋਂ 2017 ਵਾਲੀ ਅਕਾਲੀ ਸਰਕਾਰ ਦੀ ਸਮੁੱਚੀ ਸਿੱਖ ਕੈਬਨਿਟ, ਸ਼੍ਰੋਮਣੀ ਅਕਾਲੀ ਦਲ ਦੀ ਤਤਕਾਲੀ ਕੋਰ ਕਮੇਟੀ ਅਤੇ 2015 ਵੇਲੇ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੂੰ 2 ਦਸੰਬਰ ਨੂੰ ਤਲਬ ਕੀਤਾ ਗਿਆ ਹੈ। ਸਕੱਤਰੇਤ ਵੱਲੋਂ ਸਬੰਧਤ ਆਗੂਆਂ ਨੂੰ ਪੱਤਰ ਜਾਰੀ ਕਰ ਦਿੱਤੇ ਗਏ ਹਨ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਵੀ ਸਮੁੱਚੇ ਸਕੱਤਰਾਂ ਸਮੇਤ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਮੌਜੂਦ ਰਹਿਣ ਲਈ ਕਿਹਾ ਗਿਆ ਹੈ। ਇਸ ਦੌਰਾਨ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਕੋਲੋਂ ਵੀ ਸਪੱਸ਼ਟੀਕਰਨ ਮੰਗਿਆ ਗਿਆ ਹੈ।

**ਰੋਜ਼ਾਨਾ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ ’ਤੇ ਕਲਿੱਕ ਕਰੋ :**
**www.punjabmailusa.com**

# ਅਮਨ ਅਰੋੜਾ ਬਣੇ ਪੰਜਾਬ ‘ਆਪ’ ਦੇ ਪ੍ਰਧਾਨ



**ਚੰਡੀਗੜ੍ਹ, (ਪੰਜਾਬ ਮੇਲ)-** ਆਮ ਆਦਮੀ ਪਾਰਟੀ ਨੇ ਪੰਜਾਬ ਦਾ ਪ੍ਰਧਾਨ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਥਾਪ ਦਿੱਤਾ ਹੈ। ਇਸ ਦੀ ਜਾਣਕਾਰੀ ਖੁਦ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਤੀ ਹੈ। ਮੁੱਖ ਮੰਤਰੀ ਨੇ ਆਖਿਆ ਹੈ ਕਿ ਮੈਂ ਪਾਰਟੀ ਪ੍ਰਧਾਨ ਦੀ ਜ਼ਿੰਮੇਵਾਰੀ ਆਪਣੇ ਦੋ ਕਰੀਬੀ ਸਾਥੀਆਂ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੂੰ ਸੌਂਪ ਦਿੱਤੀ ਹੈ। ਪਾਰਟੀ ਨੇ ਫ਼ੈਸਲਾ ਕੀਤਾ ਹੈ ਕਿ ਅਮਨ ਅਰੋੜਾ ਪਾਰਟੀ ਪ੍ਰਧਾਨ ਅਤੇ ਸ਼ੈਰੀ ਕਲਸੀ ਉੱਪ ਪ੍ਰਧਾਨ ਦੇ ਤੌਰ ’ਤੇ ਕੰਮ ਕਰਨਗੇ।

ਮਾਨ ਨੇ ਕਿਹਾ ਕਿ ਮੈਨੂੰ ਆਪਣੇ ਦੋਵਾਂ ਸਾਥੀਆਂ ’ਤੇ ਪੂਰਾ ਭਰੋਸਾ ਹੈ ਕਿ ਉਹ ਆਉਣ ਵਾਲੇ ਸਮੇਂ ’ਚ ਪਾਰਟੀ ਅਤੇ ਸੰਗਠਨ ਨੂੰ ਪੰਜਾਬ ’ਚ ਹੋਰ ਮਜ਼ਬੂਤ ਕਰਨਗੇ ਅਤੇ ਨਵੀਆਂ ਬੁਲੰਦੀਆਂ ’ਤੇ ਲੈ ਕੇ ਜਾਣਗੇ। ਇਥੇ ਇਹ ਦੱਸਣਯੋਗ ਹੈ ਕਿ ਪਿਛਲੇ ਕਈ ਦਿਨਾਂ ਤੋਂ ਇਸ ਦੀ ਚਰਚਾ ਚੱਲ




# ਬੇਅੰਤ ਸਿੰਘ ਕਤਲ: ਸੁਪਰੀਮ ਕੋਰਟ ਵੱਲੋਂ ਰਾਜੋਆਣਾ ਦੇ ਮਾਮਲੇ ’ਤੇ ਸੁਣਵਾਈ 4 ਹਫ਼ਤਿਆਂ ਲਈ ਮੁਲਤਵੀ

**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੀ 1995 ਵਿਚ ਕੀਤੀ ਹੱਤਿਆ ਦੇ ਮਾਮਲੇ ਵਿਚ ਫਾਂਸੀ ਦੀ ਸਜ਼ਾ ਯਾਫ਼ਤਾ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਵਿਚ ਤਬਦੀਲੀ ਕਰਨ ਦੀ ਮੰਗ ਕਰਨ ਵਾਲੀ ਪਟੀਸ਼ਨ ਨੂੰ ਚਾਰ ਹਫ਼ਤਿਆਂ ਲਈ ਮੁਲਤਵੀ ਕਰ ਦਿੱਤਾ ਹੈ।

ਜਸਟਿਸ ਬੀ.ਆਰ. ਗਵੱਈ, ਪ੍ਰਸ਼ਾਂਤ ਕੁਮਾਰ ਮਿਸ਼ਰਾ ਅਤੇ ਕੇ.ਵੀ. ਵਿਸ਼ਵਨਾਥਨ ਦੇ ਬੈਂਚ ਨੇ ਕੇਂਦਰ ਸਰਕਾਰ ਦੇ ਕਹਿਣ ਤੋਂ ਬਾਅਦ ਸੁਣਵਾਈ ਮੁਲਤਵੀ ਕਰ ਦਿੱਤੀ। ਇਸ ਤੋਂ ਪਹਿਲਾਂ ਕੇਂਦਰ ਨੇ ਅਦਾਲਤ ਨੂੰ ਦੱਸਿਆ ਕਿ ਇਹ ਮਾਮਲਾ ਸੰਵੇਦਨਸ਼ੀਲ ਹੈ ਅਤੇ ਹੋਰ ਏਜੰਸੀਆਂ ਤੋਂ ਜਾਣਕਾਰੀ ਹਾਸਲ ਕਰਨ ਦੀ ਲੋੜ ਹੈ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਉਹ ਕੇਂਦਰ ਸਰਕਾਰ ਅਤੇ ਪੰਜਾਬ ਰਾਜ ਦਾ ਪੱਖ ਸੁਣਨ ਤੋਂ ਬਾਅਦ ਹੀ ਰਾਜੋਆਣਾ ਦੀ ਰਿਹਾਈ ਦੀ ਪਟੀਸ਼ਨ ’ਤੇ ਵਿਚਾਰ ਕਰਨਗੇ। ਬੱਬਰ ਖਾਲਸਾ ਜਥੇਬੰਦੀ ਦੇ ਸਹਿਯੋਗੀ ਰਾਜੋਆਣਾ ਨੇ ਬੇਅੰਤ ਸਿੰਘ ਦੇ ਕਤਲ ਮਾਮਲੇ ਵਿੱਚ ਆਪਣੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦੀ ਮੰਗ ਕੀਤੀ ਹੈ।

ਰਾਜੋਆਣਾ ਵਲੋਂ ਕੇਸ ਲੜ ਰਹੇ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੂੰ ਉਸ ਦੀ ਅਸਥਾਈ ਰਿਹਾਈ ਦੀ ਅਪੀਲ ਕਰਦਿਆਂ ਕਿਹਾ ਸੀ ਕਿ ਉਹ ਲਗਪਗ 29 ਸਾਲਾਂ ਤੋਂ ਜੇਲ੍ਹ ਵਿਚ ਨਜ਼ਰਬੰਦ ਹੈ। ਪਟੀਸ਼ਨ ਵਿਚ ਇਸ ਆਧਾਰ ’ਤੇ ਰਿਹਾਈ ਦੀ ਮੰਗ ਕੀਤੀ ਗਈ ਸੀ ਕਿ ਉਸ ਨੇ ਹਾਲੇ ਤੱਕ ਕੁੱਲ 28 ਸਾਲ ਅਤੇ ਅੱਠ ਮਹੀਨੇ ਦੀ ਸਜ਼ਾ ਕੱਟੀ ਲਈ ਹੈ।

**■ ਕੇਂਦਰ ਦੀ ਅਪੀਲ ’ਤੇ ਸੁਣਵਾਈ ਕੀਤੀ ਮੁਲਤਵੀ; ਇਹ ਮਾਮਲਾ ਸੰਵੇਦਨਸ਼ੀਲ ਤੇ ਹੋਰ ਏਜੰਸੀਆਂ ਤੋਂ ਜਾਣਕਾਰੀ ਹਾਸਲ ਕਰਨ ਦੀ ਲੋੜ: ਕੇਂਦਰ**



ਗ਼ੌਰਤਲਬ ਹੈ ਕਿ ਸੁਪਰੀਮ ਕੋਰਟ ਨੇ 25 ਸਤੰਬਰ ਨੂੰ ਰਾਜੋਆਣਾ ਦੀ ਪਟੀਸ਼ਨ ’ਤੇ ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਨ ਤੋਂ ਜਵਾਬ ਮੰਗਿਆ ਸੀ। ਦੱਸਣਯੋਗ ਹੈ ਕਿ 31 ਅਗਸਤ, 1995 ਨੂੰ ਚੰਡੀਗੜ੍ਹ ਸਥਿਤ ਪੰਜਾਬ ਸਿਵਲ ਸਕੱਤਰੇਤ ਦੇ ਮੁੱਖ ਦਰਵਾਜ਼ੇ ’ਤੇ ਹੋਏ ਧਮਾਕੇ ਵਿਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਅਤੇ 16 ਹੋਰਾਂ ਦੀ ਮੌਤ ਹੋ ਗਈ ਸੀ। ਇੱਕ ਵਿਸ਼ੇਸ਼ ਅਦਾਲਤ ਨੇ ਜੁਲਾਈ 2007 ਵਿਚ ਰਾਜੋਆਣਾ ਨੂੰ ਇਸ ਮਾਮਲੇ ਵਿਚ ਮੌਤ ਦੀ ਸਜ਼ਾ ਸੁਣਾਈ ਸੀ। ਇਸ ਤੋਂ ਪਹਿਲਾਂ ਰਾਜੋਆਣਾ ਨੇ ਕਿਹਾ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਦੀ ਤਰਫ਼ੋਂ ਮਾਰਚ 2012 ਵਿਚ ਸੰਵਿਧਾਨ ਦੀ ਧਾਰਾ 72 ਤਹਿਤ ਰਹਿਮ ਦੀ ਅਪੀਲ ਦਾਇਰ ਕੀਤੀ ਗਈ ਸੀ। ਪਿਛਲੇ ਸਾਲ 3 ਮਈ ਨੂੰ ਸੁਪਰੀਮ ਕੋਰਟ ਨੇ ਉਸ ਦੀ ਮੌਤ ਦੀ ਸਜ਼ਾ ਨੂੰ ਘਟਾਉਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਕਿਹਾ ਸੀ ਕਿ ਉਸਦੀ ਰਹਿਮ ਦੀ ਅਪੀਲ ਨਾਲ ਸਮਰੱਥ ਅਥਾਰਟੀ ਵੱਲੋਂ ਨਜਿੱਠਿਆ ਜਾ ਸਕਦਾ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :**
**www.punjabmailusa.com**

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ 255 ਲੋੜਵੰਦ ਲੋਕਾਂ ਨੂੰ ਦਿੱਤੀ ਮਹੀਨਾਵਾਰ ਸਹਾਇਤਾ ਰਾਸ਼ੀ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ’ਤੇ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਖੇ 255 ਲੋੜਵੰਦ ਲੋਕਾਂ ਨੂੰ ਸ. ਅਵਤਾਰ ਸਿੰਘ ਵਣਵਾਲਾ ਸਾਬਕਾ ਓ.ਐੱਸ.ਡੀ. ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਰਹਿਨੁਮਾਈ ਹੇਠ ਤਕਸੀਮ ਕੀਤੇ ਗਏ। ਓ.ਐੱਸ.ਡੀ. ਸਾਹਿਬ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਇਹ ਲੋਕ ਕੰਮ ਕਰਨ ਤੋਂ ਅਸਮਰਥ, ਬਜ਼ੁਰਗ, ਬੇਸਹਾਰਾ ਹਨ ਅਤੇ ਇਹ ਲੜੀ ਪਿਛਲੇ 8 ਸਾਲਾਂ ਤੋਂ ਲਗਾਤਾਰ ਜਾਰੀ ਹੈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦ ਲੋਕਾਂ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾਕਟਰ ਓਬਰਾਏ ਦੇ ਇਸ ਉਪਰਾਲੇ ਨਾਲ ਅਸੀਂ ਆਪਣੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਲਈ ਸਮਰੱਥ ਹੋਏ ਹਾਂ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਮਾਲਵਾ ਖੇਤਰ ਨੇ ਕਿਹਾ ਕਿ ਟਰੱਸਟ ਦੀ ਕੋਈ ਵੀ ਰਸੀਦ ਬੁੱਕ ਨਹੀਂ ਹੈ। ਇਹ ਰਾਸ਼ੀ ਡਾਕਟਰ ਓਬਰਾਏ ਵਲੋਂ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ। ਇਸ ਮੌਕੇ ਜਸਪਾਲ ਸਿੰਘ ਸੀਨੀਅਰ ਮੀਤ ਪ੍ਰਧਾਨ ਰਿਟਾ. ਲੈਕਚਰਾਰ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ ਸਕੱਤਰ, ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਮੀਤ ਪ੍ਰਧਾਨ ਰਿਟਾਇਰਡ ਬੈਂਕ ਮੈਨੇਜਰ, ਜਤਿੰਦਰ ਸਿੰਘ ਕੈਂਥ, ਬਲਜੀਤ ਸਿੰਘ ਮਾਨ ਰਿਟਾਇਰਡ ਪ੍ਰਿੰਸੀਪਲ, ਅਸ਼ੋਕ ਕੁਮਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਜਸਬੀਰ ਸਿੰਘ ਰਿਟਾਇਰਡ ਏ.ਐੱਸ.ਆਈ., ਗੁਰਚਰਨ ਸਿੰਘ ਭੋਣ, ਗੁਰਜੀਤ ਸਿੰਘ ਜੀਤਾ, ਜਸਵਿੰਦਰ ਸਿੰਘ ਮਣਕੂ ਆਦਿ ਹਾਜ਼ਰ ਸਨ।



# ਅਮਰੀਕਾ 'ਚ ਹੋਈ ਵਰਲਡ ਪਾਵਰਲਿਫਟਿੰਗ ਚੈਂਪਿਅਨਸ਼ਿਪ 2024 'ਚ ਜਲੰਧਰ ਦੇ ਮੋਹਿਤ ਦੁੱਗ ਨੇ ਜਿੱਤਿਆ ਸਿਲਵਰ ਮੈਡਲ

**ਜਲੰਧਰ, (ਪੰਜਾਬ ਮੇਲ)-** ਪੂਡਾ ਦੇ ਜੂਨੀਅਰ ਇੰਜੀਨੀਅਰ ਅਤੇ ਮਾਹਰ ਪਾਵਰਲਿਫਟਰ ਮੋਹਿਤ ਦੂੱਗ ਨੇ ਇਕ ਵਾਰ ਫਿਰ ਜਲੰਧਰ ਅਤੇ ਭਾਰਤ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਨੇ ਵਰਲਡ ਪਾਵਰਲਿਫਟਿੰਗ ਚੈਂਪਿਅਨਸ਼ਿਪ 2024 ਵਿਚ ਸਿਲਵਰ ਮੈਡਲ ਜਿੱਤ ਕੇ ਦੇਸ਼ ਨੂੰ ਮਾਣ ਮਹਿਸੂਸ ਕਰਵਾਇਆ। ਇਹ ਚੈਂਪਿਅਨਸ਼ਿਪ 14 ਤੋਂ 17 ਨਵੰਬਰ 2024 ਤੱਕ ਸ਼ਿਕਾਗੋ, ਅਮਰੀਕਾ ਵਿਚ ਹੋਈ, ਜਿਸ ਵਿਚ ਅਮਰੀਕਾ, ਕੈਨੇਡਾ, ਆਸਟ੍ਰੇਲੀਆ ਅਤੇ ਇੰਗਲੈਂਡ ਸਮੇਤ 18 ਦੇਸ਼ਾਂ ਦੇ ਸਿਖਰ ਦੇ ਐਥਲੀਟਾਂ ਨੇ ਹਿੱਸਾ ਲਿਆ।



83 ਕਿਲੋ ਦੀ ਭਾਰ ਵਰਗ 'ਚ ਮੁਕਾਬਲਾ ਕਰਦਿਆਂ ਮੋਹਿਤ ਨੇ 165 ਕਿਲੋ ਦੀ ਸ਼ਾਨਦਾਰ ਬੈਂਚ ਪ੍ਰੈੱਸ ਨਾਲ ਦੂਜਾ ਸਥਾਨ ਹਾਸਲ ਕੀਤਾ। ਇਹ ਉਨ੍ਹਾਂ ਦੀ ਪੱਕੀ ਸਮਰਪਣ ਅਤੇ ਕੌਸ਼ਲ ਦਾ ਸਬੂਤ ਹੈ। ਲਗਾਤਾਰ ਦੂਜੀ ਵਾਰ ਵਰਲਡ ਚੈਂਪਿਅਨਸ਼ਿਪ ਵਿਚ ਆਪਣੀ ਜਗ੍ਹਾ ਬਣਾਉਣਾ ਉਨ੍ਹਾਂ ਲਈ ਇਕ ਹੋਰ ਵੱਡਾ ਕਦਮ ਹੈ। ਇਸ ਤੋਂ ਪਹਿਲਾਂ 2023 'ਚ ਮੋਹਿਤ ਨੇ ਮੈਨਚੇਸਟਰ, ਇੰਗਲੈਂਡ ਵਿਚ ਸੋਨੇ ਦਾ ਮੈਡਲ ਜਿੱਤ ਕੇ ਵਰਲਡ ਚੈਂਪਿਅਨ ਬਣਨ ਦਾ ਗੌਰਵ ਪ੍ਰਾਪਤ ਕੀਤਾ ਸੀ। 2013 'ਚ ਆਪਣੀ ਫਿਟਨੈੱਸ ਯਾਤਰਾ ਸ਼ੁਰੂ ਕਰਨ ਵਾਲੇ ਮੋਹਿਤ ਨੇ ਪਰਸਨਲ ਟ੍ਰੇਨਰ, ਸਪਲੀਮੈਂਟੇਸ਼ਨ ਕੋਚ ਅਤੇ ਨਿਊਟ੍ਰਿਸ਼ਨ ਕੋਚ ਵਜੋਂ ਪ੍ਰਮਾਣ ਪੱਤਰ ਪ੍ਰਾਪਤ ਕੀਤਾ ਹੈ। ਉਹ 50 ਤੋਂ ਵੱਧ ਵਿਦਿਆਰਥੀਆਂ ਨੂੰ ਮੁਫ਼ਤ ਆਨਲਾਈਨ ਕੋਚਿੰਗ ਪ੍ਰਦਾਨ ਕਰਦੇ ਹਨ। ਉਨ੍ਹਾਂ ਦਾ ਮਕਸਦ ਦੇਸ਼ ਦੇ ਨੌਜਵਾਨਾਂ ਨੂੰ ਸਿਹਤਮੰਦ ਅਤੇ ਮਜ਼ਬੂਤ ਬਣਾਉਣਾ ਹੈ।

ਮੋਹਿਤ ਦੀ ਪਾਵਰਲਿਫਟਿੰਗ ਯਾਤਰਾ ਦਸੰਬਰ 2022 'ਚ ਅੰਬਾਲਾ ਵਿਚ ਹੋਈ ਪਹਿਲੀ ਮੁਕਾਬਲੇ ਤੋਂ ਸ਼ੁਰੂ ਹੋਈ, ਜਿੱਥੇ ਉਨ੍ਹਾਂ ਨੇ ਕਾਂਸੀ ਦਾ ਮੈਡਲ ਜਿੱਤਿਆ। ਇਸ ਤੋਂ ਬਾਅਦ ਉਨ੍ਹਾਂ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਕਈ ਮੈਡਲ ਜਿੱਤੇ। ਪੇਸ਼ੇਵਰ ਜ਼ਿੰਦਗੀ ਅਤੇ ਐਥਲੈਟਿਕ ਕੋਸ਼ਿਸ਼ਾਂ ਦਾ ਸੰਤੁਲਨ ਬਣਾਉਂਦੇ ਹੋਏ ਮੋਹਿਤ ਮਕਸੂਦਾਂ ਵਿਚ ਆਪਣੇ ਫਿਟ ਲਾਈਫ ਜਿਮ ਵਿਚ ਨਵੇਂ ਐਥਲੀਟਾਂ ਨੂੰ ਪ੍ਰਸ਼ਿਕਸ਼ਿਤ ਕਰਦੇ ਹਨ। ਆਪਣੀ ਸਫਲਤਾ 'ਤੇ ਵਿਚਾਰ ਕਰਦੇ ਹੋਏ, ਉਨ੍ਹਾਂ ਨੇ ਆਪਣੇ ਮਾਤਾ-ਪਿਤਾ ਦਾ ਆਸ਼ੀਰਵਾਦ ਅਤੇ ਰੋਜ਼ਾਨਾ ਜ਼ਿੰਦਗੀ ਵਿਚ ਫਿਟਨੈਸ ਨੂੰ ਸ਼ਾਮਲ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**

**www.punjabmailusa.com**

## ਕਾਂਗਰਸ 'ਚ ਸ਼ਾਮਲ ਹੋ ਸਕਦੇ ਨੇ ਆਦੇਸ਼ ਪ੍ਰਤਾਪ ਸਿੰਘ ਕੈਰੋਂ!

**ਪੱਟੀ, (ਪੰਜਾਬ ਮੇਲ)-** ਸਾਬਕਾ ਕੈਬਨਿਟ ਮੰਤਰੀ ਗੁਰਚੇਤ ਸਿੰਘ ਭੁੱਲਰ ਦੇ ਪੋਤਰੇ ਦੇ ਵਿਆਹ 'ਤੇ ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਵਿਆਹ ਦੌਰਾਨ ਸਾਬਕਾ ਕੈਬਨਿਟ ਮੰਤਰੀ ਆਦੇਸ਼ਪ੍ਰਤਾਪ ਸਿੰਘ ਨਾਲ ਇਕੱਠਿਆਂ ਖਿੱਚੀ ਗਈ ਫੋਟੋ ਨੂੰ ਆਪਣੇ ਨਿੱਜੀ ਪੇਜ 'ਤੇ ਸਾਂਝੀ ਕਰਨ ਤੋਂ ਬਾਅਦ ਜਿਥੇ ਬਾਜਵਾ ਅਤੇ ਕੈਰੋਂ ਦਰਮਿਆਨ ਵਧੀਆਂ ਨਜ਼ਦੀਕੀਆਂ ਤੋਂ ਬਾਅਦ ਕੈਰੋਂ ਵਲੋਂ ਕਾਂਗਰਸ ਪਾਰਟੀ ਵਿਚ ਜਾਣ ਦੀਆਂ ਕਿਆਸ-ਅਰਾਈਆਂ ਦਾ ਬਾਜ਼ਾਰ ਤਰਨ ਤਾਰਨ ਜ਼ਿਲ੍ਹੇ ਵਿਚ ਗਰਮ ਚੱਲ ਰਿਹਾ ਸੀ, ਉਥੇ ਹੀ ਵਿਧਾਨ ਸਭਾ ਹਲਕਾ ਪੱਟੀ ਤੋਂ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ ਨੇ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਕੈਰੋਂ ਪਰਿਵਾਰ ਦੀ ਸਿਆਸਤ 'ਤੇ ਸਵਾਲੀਆ ਨਿਸ਼ਾਨ ਲਗਾਉਂਦਿਆਂ ਆਪਣੇ ਹਲਕੇ ਦੇ ਵੋਟਰਾਂ ਨੂੰ ਸੁਚੇਤ ਕੀਤਾ। ਜ਼ਿਕਰਯੋਗ ਹੈ ਕਿ ਸਾਬਕਾ ਵਿਧਾਇਕ ਗਿੱਲ ਜੋ ਪਿਛਲੇ ਦਿਨਾਂ ਤੋਂ ਕੈਰੋਂ ਪਰਿਵਾਰ ਨੂੰ ਕਾਂਗਰਸ ਪਾਰਟੀ ਵਿਚ ਸ਼ਾਮਿਲ ਨਾ ਕਰਨ ਦੇ ਬਿਆਨ ਦੇ ਰਹੇ ਹਨ, ਉਥੇ ਹੀ ਮੁੜ ਸੋਸ਼ਲ ਮੀਡੀਆ ਰਾਹੀਂ ਜੋਸ਼ ਤੇ ਭਾਵੁਕ ਲਹਿਜੇ ਵਿਚ ਗਿੱਲ ਵੱਲੋਂ ਕੈਰੋਂ ਪਰਿਵਾਰ ਵਿਰੁੱਧ ਦਿੱਤੇ ਗਏ ਬਿਆਨ 'ਤੇ ਸ਼ਬਦੀ ਜੰਗ ਤੋਂ ਇਹ ਤਾਂ ਸਪੱਸ਼ਟ ਹੋ ਰਿਹਾ ਹੈ ਕਿ ਕੈਰੋਂ ਨੂੰ ਅਕਾਲੀ ਦਲ ਵਿਚੋਂ ਲੋਕ ਸਭਾ ਚੋਣਾਂ ਦੌਰਾਨ ਪ੍ਰੋ. ਵਿਰਸਾ ਸਿੰਘ ਸਿੰਘ ਵਲਟੋਹਾ ਦੇ ਹੱਕ 'ਚ ਪ੍ਰਚਾਰ ਨਾ ਕਰਨ ਦੇ ਵਿਰੋਧ ਵਿਚ ਬਰਖਾਸਤ ਕਰਨ ਤੋਂ ਬਾਅਦ ਕੈਰੋਂ ਵਲੋਂ ਸਿਆਸਤ ਵਿਚ ਖਾਮੋਸ਼ ਰਹਿਣ ਤੋਂ ਬਾਅਦ ਜਾਂ ਪਹਿਲਾਂ ਕਾਂਗਰਸ ਹਾਈਕਮਾਨ ਅਤੇ ਕੈਰੋਂ ਪਰਿਵਾਰ ਵਿਚਕਾਰ ਨਜ਼ਦੀਕੀਆਂ ਜ਼ਰੂਰ ਵੱਧ ਚੁੱਕੀਆਂ ਹਨ ਤੇ ਹਲਕੇ ਪੱਟੀ ਵਿਚ ਕਾਂਗਰਸ ਅਤੇ ਕੈਰੋਂ ਪਰਿਵਾਰ ਦੇ ਸਮਰਥਕਾਂ ਵਿਚ ਇਹ ਵੀ ਚਰਚਾ ਚੱਲ ਰਹੀ ਹੈ ਕਿ ਕੈਰੋਂ ਪਰਿਵਾਰ ਆਪਣੀ ਪੁਰਖਿਆਂ ਦੀ ਪਾਰਟੀ ਕਾਂਗਰਸ ਵਿਚ ਕਿਸੇ ਵੇਲੇ ਵੀ ਵਾਪਸੀ ਕਰ ਸਕਦੇ ਹਨ।

# ਜਲੰਧਰ 'ਚ ਪਾਸਪੋਰਟ ਜਾਰੀ ਕਰਨ ਦੀ ਰਫਤਾਰ ਹੋਈ ਤੇਜ਼

**■ ਰੋਜ਼ਾਨਾ ਜਾਰੀ ਕੀਤੇ ਜਾ ਰਹੇ ਨੇ 900 ਤੋਂ 1200 ਨਵੇਂ ਪਾਸਪੋਰਟ**

**ਜਲੰਧਰ, (ਪੰਜਾਬ ਮੇਲ)-** ਜਲੰਧਰ ਪਾਸਪੋਰਟ ਦਫ਼ਤਰ ਵੱਲੋਂ ਲੋਕਾਂ ਨੂੰ ਪਾਸਪੋਰਟ ਜਾਰੀ ਕਰਨ ਦੀ ਰਫ਼ਤਾਰ ਤੇਜ਼ ਕਰ ਦਿੱਤੀ ਗਈ ਹੈ ਅਤੇ ਹੁਣ ਦਫ਼ਤਰ ਵੱਲੋਂ ਪੁਲਸ ਦੀ ਰਿਪੋਰਟ ਮਿਲਦੇ ਸਾਰ ਅਗਲੇ ਦਿਨ ਹੀ ਬਿਨੈਕਾਰਾਂ ਨੂੰ ਪਾਸਪੋਰਟ ਭੇਜੇ ਜਾ ਰਹੇ ਹਨ। ਪਾਸਪੋਰਟ ਅਧਿਕਾਰੀ ਯਸ਼ਪਾਲ ਨੇ ਦੱਸਿਆ ਕਿ ਰੋਜ਼ਾਨਾ 900 ਤੋਂ 1200 ਨਵੇਂ ਪਾਸਪੋਰਟ ਜਾਰੀ ਕੀਤੇ ਜਾ ਰਹੇ ਹਨ। ਜੇਕਰ ਇਸ ਤੋਂ ਵੱਧ ਪੁਲਿਸ ਰਿਪੋਰਟਾਂ ਮਿਲਦੀਆਂ ਹਨ, ਤਾਂ ਪਾਸਪੋਰਟ ਦਫ਼ਤਰ ਉਸ ਲਈ ਵੀ ਤਿਆਰ ਹੈ, ਕਿਉਂਕਿ ਖੇਤਰੀ ਪਾਸਪੋਰਟ ਦਫ਼ਤਰ ਕੋਲ ਰੋਜ਼ਾਨਾ 2000 ਨਵੇਂ ਪਾਸਪੋਰਟ ਤਿਆਰ ਕਰਨ ਦੀ ਸਮਰੱਥਾ ਹੈ।

ਉਨ੍ਹਾਂ ਕਿਹਾ ਕਿ ਪਹਿਲਾਂ ਤਾਂ ਬਿਨੈਕਾਰਾਂ ਨੂੰ ਅਪੁਆਇੰਟਮੈਂਟ ਲੈਣ ਲਈ 2 ਤੋਂ 3 ਮਹੀਨੇ ਤਕ ਇੰਤਜ਼ਾਰ ਕਰਨਾ ਪੈਂਦਾ ਸੀ ਪਰ ਹੁਣ ਇਹ ਉਡੀਕ ਸੂਚੀ ਖ਼ਤਮ ਕਰ ਦਿੱਤੀ ਗਈ ਹੈ। ਹੁਣ ਬਿਨੈਕਾਰ ਵਲੋਂ ਆਨਲਾਈਨ ਫਾਰਮ ਭਰਨ ਤੋਂ ਬਾਅਦ ਅਗਲੇ ਹੀ ਦਿਨ ਉਸ ਨੂੰ ਅਪੁਆਇੰਟਮੈਂਟ ਮਿਲ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਸਮੇਂ ਦੋਵਾਂ ਪਾਸਪੋਰਟ ਸੇਵਾ ਕੇਂਦਰਾਂ ਵਿਚ ਰੋਜ਼ਾਨਾ ਔਸਤਨ 1200 ਅਪੁਆਇੰਟਮੈਂਟਸ ਦਿੱਤੀਆਂ ਜਾ ਰਹੀਆਂ ਹਨ।




ਉਨ੍ਹਾਂ ਨੇ ਪਾਸਪੋਰਟ ਮੇਲਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਹੁਣ ਲੋਕਾਂ ਨੂੰ ਇਨ੍ਹਾਂ ਵਿਚ ਉਤਸ਼ਾਹ ਨਾਲ ਹਿੱਸਾ ਲੈਣ ਦੀ ਲੋੜ ਹੈ ਕਿਉਂਕਿ ਇਨ੍ਹਾਂ ਮੇਲਿਆਂ ਵਿਚ ਸ਼ਿਕਾਇਤਾਂ ਦਾ ਮੌਕੇ 'ਤੇ ਹੀ ਨਿਪਟਾਰਾ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵਿਚੋਲਿਆਂ ਤੋਂ ਸੁਚੇਤ ਰਹਿਣ ਅਤੇ ਪਾਸਪੋਰਟ ਸਬੰਧੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਹੋਣ 'ਤੇ ਸਿੱਧੇ ਪਾਸਪੋਰਟ ਦਫ਼ਤਰ ਆਉਣ।



# ਐਲੋਨ ਮਸਕ ਬਣੇ ਇਤਿਹਾਸ ਦੇ ਸਭ ਤੋਂ ਅਮੀਰ ਵਿਅਕਤੀ

■ 5 ਨਵੰਬਰ ਤੋਂ ਬਾਅਦ ਬਦਲ ਗਈ ਕਿਸਮਤ

**ਨਵੀਂ ਦਿੱਲੀ, (ਪੰਜਾਬ ਮੇਲ)-** ਡੋਨਾਲਡ ਟਰੰਪ ਦੀ ਅਮਰੀਕਾ ਵਾਪਸੀ ਐਕਸ ਦੇ ਮਾਲਕ ਐਲੋਨ ਮਸਕ ਲਈ ਸਭ ਤੋਂ ਵੱਧ ਫਾਇਦੇਮੰਦ ਸਾਬਤ ਹੋ ਰਹੀ ਹੈ। ਡੋਨਾਲਡ ਟਰੰਪ ਦੀ ਜਿੱਤ ਤੋਂ ਬਾਅਦ, ਉਨ੍ਹਾਂ ਦੀ ਕੁੱਲ ਜਾਇਦਾਦ 70 ਬਿਲੀਅਨ ਡਾਲਰ ਵਧ ਗਈ ਹੈ, ਜਿਸ ਤੋਂ ਬਾਅਦ ਉਹ ਅਧਿਕਾਰਤ ਤੌਰ 'ਤੇ ਹੁਣ ਤੱਕ ਦੇ ਸਭ ਤੋਂ ਅਮੀਰ ਵਿਅਕਤੀ ਬਣ ਗਏ ਹਨ।

ਟੇਸਲਾ ਦਾ ਸਟਾਕ ਅਸਮਾਨ ਛੂਹ ਰਿਹਾ ਹੈ, ਉਸਦੀ ਏ.ਆਈ. ਕੰਪਨੀ xAI ਵੀ ਅਸਮਾਨ ਛੂਹ ਰਹੀ ਹੈ ਅਤੇ ਅਰਬਪਤੀਆਂ ਦੀ ਜਾਇਦਾਦ, ਜਿਸ ਵਿਚ ਉਸਦੀ ਬਹੁਤ ਸਾਰੀਆਂ ਕੰਪਨੀਆਂ ਵੀ ਸ਼ਾਮਲ ਹਨ, ਉਸਦੇ ਵੱਧ ਰਹੇ ਰਾਜਨੀਤਿਕ ਪ੍ਰਭਾਵ ਕਾਰਨ ਵਧ ਰਹੀਆਂ ਹਨ। ਬਲੂਮਬਰਗ ਬਿਲੀਨੇਅਰਸ ਇੰਡੈਕਸ ਅਨੁਸਾਰ, 22 ਨਵੰਬਰ ਦੀਆਂ ਰਿਪੋਰਟਾਂ ਨੇ ਖੁਲਾਸਾ ਕੀਤਾ ਕਿ ਉਸਦੀ ਕੁੱਲ ਜਾਇਦਾਦ 340 ਬਿਲੀਅਨ ਡਾਲਰ ਤੋਂ ਜ਼ਿਆਦਾ ਹੋ ਗਈ ਹੈ।



5 ਨਵੰਬਰ ਨੂੰ ਅਮਰੀਕੀ ਰਾਸ਼ਟਰਪਤੀ ਚੋਣ ਵਿਚ ਟਰੰਪ ਦੀ ਜਿੱਤ ਤੋਂ ਬਾਅਦ ਐਲੋਨ ਮਸਕ ਦੀ ਕਿਸਮਤ ਖੁੱਲ੍ਹ ਗਈ ਹੈ। ਚੋਣਾਂ ਤੋਂ ਬਾਅਦ ਦੇ ਦਿਨਾਂ ਵਿਚ, ਨਿਵੇਸ਼ਕਾਂ ਨੇ ਐਲਨ ਵਿਚ ਭਰੋਸਾ ਪ੍ਰਗਟਾਇਆ ਅਤੇ ਟੇਸਲਾ ਦੇ ਸ਼ੇਅਰਾਂ ਦੀ ਕੀਮਤ ਵਿਚ 40 ਪ੍ਰਤੀਸ਼ਤ ਦੀ ਛਾਲ ਦੇਖਣ ਨੂੰ ਮਿਲੀ। ਸ਼ੁੱਕਰਵਾਰ ਨੂੰ ਬਾਜ਼ਾਰ ਬੰਦ ਹੋਣ 'ਤੇ, ਮਸਕ ਦੀ ਕੁੱਲ ਜਾਇਦਾਦ 321.7 ਬਿਲੀਅਨ ਡਾਲਰ ਦੇ ਰਿਕਾਰਡ 'ਤੇ ਪਹੁੰਚ ਗਈ, ਜੋ 3.5 ਸਾਲਾਂ ਵਿਚ ਸਭ ਤੋਂ ਉੱਚੇ ਪੱਧਰ ਹੈ। ਉਸ ਦੀ ਮੌਜੂਦਾ ਕੁੱਲ ਜਾਇਦਾਦ ਰਿਕਾਰਡ 347.8 ਬਿਲੀਅਨ ਡਾਲਰ ਹੋਣ ਦਾ ਅਨੁਮਾਨ ਹੈ।

ਦਿ ਵਾਲ ਸਟਰੀਟ ਜਰਨਲ ਅਨੁਸਾਰ, ਐਲੋਨ ਮਸਕ ਦੀ ਏ.ਆਈ. ਕੰਪਨੀ xAI ਦੀ ਕੀਮਤ ਹਾਲ ਹੀ ਦੇ ਹਫ਼ਤਿਆਂ ਵਿਚ ਦੁੱਗਣੀ ਤੋਂ ਵੱਧ ਕੇ 50 ਬਿਲੀਅਨ ਡਾਲਰ ਹੋ ਗਈ ਹੈ। ਕੰਪਨੀ ਵਿਚ ਮਸਕ ਦੀ 60 ਪ੍ਰਤੀਸ਼ਤ ਹਿੱਸੇਦਾਰੀ ਨੇ ਉਸਦੀ ਦੌਲਤ ਵਿਚ 13 ਬਿਲੀਅਨ ਡਾਲਰ ਹੋਰ ਜੁੜ ਗਿਆ ਹੈ। ਚੋਣਾਂ ਤੋਂ ਬਾਅਦ ਇਸ ਕੰਪਨੀ ਵਿਚ 70 ਬਿਲੀਅਨ ਡਾਲਰ ਦਾ ਵਾਧਾ ਹੋਇਆ ਹੈ।

ਐਲੋਨ ਮਸਕ ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਡੋਨਾਲਡ ਟਰੰਪ ਦੇ ਸਭ ਤੋਂ ਵੱਡੇ ਡੋਨਰ ਰਹੇ ਹਨ। ਚੰਦਾ ਦੇਣ ਦੇ ਨਾਲ-ਨਾਲ ਉਨ੍ਹਾਂ ਨੇ ਟਰੰਪ ਦੀ ਚੋਣ ਮੁਹਿੰਮ 'ਚ ਵੀ ਮਦਦ ਕੀਤੀ ਹੈ। ਜਿੱਤ ਤੋਂ ਬਾਅਦ ਉਹ ਟਰੰਪ ਪ੍ਰਸ਼ਾਸਨ ਦਾ ਵੀ ਅਹਿਮ ਹਿੱਸਾ ਬਣਨ ਜਾ ਰਿਹਾ ਹੈ। ਇਸ ਤੋਂ ਇਲਾਵਾ ਮੈਂ ਆਪਣੇ ਸੋਸ਼ਲ ਮੀਡੀਆ ਰਾਹੀਂ ਵੀ ਟਰੰਪ ਦਾ ਸਮਰਥਨ ਕਰਦਾ ਰਹਿੰਦਾ ਹਾਂ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਟਰੂਡੋ ਵੱਲੋਂ ਰਾਸ਼ਟਰੀ ਸੁਰੱਖਿਆ ਏਜੰਸੀਆਂ ਦੇ ਅਧਿਕਾਰੀਆਂ ਦੀ ਸਖਤ ਆਲੋਚਨਾ

### -'ਅਪਰਾਧੀ' ਕਰਾਰ ਦਿੱਤਾ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਸੁਰ ਅਚਾਨਕ ਬਦਲ ਗਏ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹਾਲ ਹੀ ਵਿਚ ਆਪਣੀਆਂ ਰਾਸ਼ਟਰੀ ਸੁਰੱਖਿਆ ਏਜੰਸੀਆਂ ਦੇ ਅਧਿਕਾਰੀਆਂ ਦੀ ਸਖ਼ਤ ਆਲੋਚਨਾ ਕੀਤੀ ਹੈ ਅਤੇ ਉਨ੍ਹਾਂ ਨੂੰ "ਅਪਰਾਧੀ" ਕਰਾਰ ਦਿੱਤਾ ਹੈ। ਟਰੂਡੋ ਨੇ ਕਿਹਾ ਕਿ ਇਨ੍ਹਾਂ ਅਧਿਕਾਰੀਆਂ ਨੇ ਮੀਡੀਆ ਨੂੰ ਗੁਪਤ ਸੂਚਨਾਵਾਂ ਲੀਕ ਕੀਤੀਆਂ, ਜਿਸ ਕਾਰਨ ਕਈ ਵਾਰ ਖ਼ਬਰਾਂ ਗ਼ਲਤ ਸਾਬਤ ਹੋਈਆਂ। ਟਰੂਡੋ ਦਾ ਇਹ ਬਿਆਨ ਉਸ ਸਮੇਂ ਆਇਆ ਹੈ, ਜਦੋਂ ਇੱਕ ਕੈਨੇਡੀਅਨ ਅਖ਼ਬਾਰ ਵੱਲੋਂ ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨਾਲ ਜੁੜੀ ਇੱਕ ਰਿਪੋਰਟ ਵਿਚ ਭਾਰਤੀ ਨੇਤਾਵਾਂ ਦੇ ਨਾਮ ਸ਼ਾਮਲ ਕੀਤਾ ਗਿਆ। ਇਸ ਮਗਰੋਂ ਪਹਿਲਾਂ ਤੋਂ ਹੀ ਤਣਾਅਪੂਰਨ ਭਾਰਤ-ਕੈਨੇਡਾ ਸਬੰਧਾਂ ਵਿਚ ਤਣਾਅ ਹੋਰ ਵਧ ਗਿਆ।



ਪ੍ਰਧਾਨ ਮੰਤਰੀ ਟਰੂਡੋ ਨੇ ਸ਼ੁੱਕਰਵਾਰ ਨੂੰ ਬਰੈਂਪਟਨ ਵਿਚ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ, "ਅਸੀਂ ਦੇਖਿਆ ਹੈ ਕਿ ਮੀਡੀਆ ਨੂੰ ਗੁਪਤ ਤੱਥਾਂ ਨੂੰ ਲੀਕ ਕਰਨ ਵਾਲੇ ਅਪਰਾਧੀਆਂ ਨੇ ਲਗਾਤਾਰ ਗ਼ਲਤ ਜਾਣਕਾਰੀ ਪ੍ਰਦਾਨ ਕੀਤੀ ਹੈ।"

# ਯੂ.ਕੇ. 'ਚ ਆਯੁਰਵੈਦਿਕ ਡਾਕਟਰਾਂ ਦੀ ਹੋਵੇਗੀ ਭਰਤੀ

■ ਐੱਨ.ਐੱਚ.ਐੱਸ. 'ਚ ਆਯੁਰਵੇਦ ਨੂੰ ਰਸਮੀ ਤੌਰ 'ਤੇ ਸ਼ਾਮਲ ਕਰਨ ਦੀ ਪ੍ਰਕਿਰਿਆ ਸ਼ੁਰੂ

■ ਇਹ ਕਦਮ ਭਾਰਤੀ ਡਾਕਟਰਾਂ ਅਤੇ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਮੌਕੇ ਵੀ ਪ੍ਰਦਾਨ ਕਰੇਗਾ

**ਲੰਡਨ, (ਪੰਜਾਬ ਮੇਲ)-** ਯੂ.ਕੇ. ਤੋਂ ਭਾਰਤੀ ਵਿਦਿਆਰਥੀਆਂ ਅਤੇ ਡਾਕਟਰਾਂ ਲਈ ਵੱਡੀ ਖ਼ਬਰ ਹੈ। ਇੱਥੇ ਆਯੁਰਵੈਦਿਕ ਦਵਾਈ ਤੇਜ਼ੀ ਨਾਲ ਲੋਕਪ੍ਰਿਅ ਹੁੰਦੀ ਜਾ ਰਹੀ ਹੈ। ਯੂ.ਕੇ. ਦੀ ਨੈਸ਼ਨਲ ਹੈਲਥ ਸਰਵਿਸ (ਐੱਨ.ਐੱਚ.ਐੱਸ.) ਵਿਚ ਆਯੁਰਵੇਦ ਨੂੰ ਰਸਮੀ ਤੌਰ 'ਤੇ ਸ਼ਾਮਲ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਯੂ.ਕੇ. ਦੀ ਸਰਬ ਪਾਰਟੀ ਸੰਸਦੀ ਕਮੇਟੀ ਨੇ ਆਯੁਰਵੇਦ ਨੂੰ ਇੱਕ ਪ੍ਰਭਾਵਸ਼ਾਲੀ ਅਤੇ ਬਿਹਤਰ ਮੈਡੀਕਲ ਪ੍ਰਣਾਲੀ ਮੰਨਦੇ ਹੋਏ ਇਸ ਨੂੰ ਸਿਹਤ ਸੰਭਾਲ ਵਿਚ ਅਪਣਾਉਣ ਦੀ ਸਿਫਾਰਿਸ਼ ਕੀਤੀ ਹੈ। ਇਸ ਪਹਿਲਕਦਮੀ ਤਹਿਤ ਅਗਲੇ ਪੰਜ ਸਾਲਾਂ ਵਿਚ ਯੂ.ਕੇ. ਵਿਚ ਲਗਭਗ 10,000 ਆਯੁਰਵੈਦਿਕ ਡਾਕਟਰਾਂ ਦੀ ਭਰਤੀ ਕੀਤੀ ਜਾਵੇਗੀ। ਇਹ ਭਾਰਤੀ ਆਯੁਰਵੈਦਿਕ ਡਾਕਟਰਾਂ ਲਈ ਇੱਕ ਵੱਡਾ ਮੌਕਾ ਸਾਬਤ ਹੋ ਸਕਦਾ ਹੈ। ਯੂ.ਕੇ. ਵਿਚ ਆਯੁਰਵੇਦ ਆਧਾਰਿਤ ਸੁੰਦਰਤਾ, ਵਿਦਿਅਕ ਅਤੇ ਸਿਹਤ ਸੇਵਾਵਾਂ ਸੰਸਥਾਵਾਂ ਦੀ ਗਿਣਤੀ ਵੀ ਅਗਲੇ ਪੰਜ ਸਾਲਾਂ ਵਿਚ 100 ਤੋਂ 500 ਤੱਕ ਵਧਣ ਦੀ ਸੰਭਾਵਨਾ ਹੈ।

ਆਯੁਰਵੈਦਿਕ ਡਾਕਟਰਾਂ ਦੀ ਭਰਤੀ ਲਈ ਭਾਰਤੀ ਡਿਗਰੀਆਂ ਨੂੰ ਮਾਨਤਾ ਦਿੱਤੀ ਜਾਵੇਗੀ, ਬਸ਼ਰਤੇ ਉਹ ਸਰਕਾਰੀ ਮਾਨਤਾ ਪ੍ਰਾਪਤ ਸੰਸਥਾਵਾਂ ਤੋਂ ਪ੍ਰਾਪਤ ਕੀਤੀਆਂ ਹੋਣ। ਯੂ.ਕੇ. ਵਿਚ ਹਰ 10 ਵਿਚੋਂ ਛੇ ਲੋਕਾਂ ਨੇ ਆਪਣੀ ਜ਼ਿੰਦਗੀ ਵਿਚ ਘੱਟੋ-ਘੱਟ ਇੱਕ ਵਾਰ ਆਯੁਰਵੈਦਿਕ ਇਲਾਜ ਦਾ ਸਹਾਰਾ ਲਿਆ ਹੈ। "ਆਯੁਰਵੇਦ ਸੈਂਟਰ ਫਾਰ ਐਕਸੀਲੈਂਸ" (ਏ.ਸੀ.ਈ.) ਦੀ ਰਿਪੋਰਟ ਅਨੁਸਾਰ ਪਿਛਲੇ ਇੱਕ ਸਾਲ ਵਿਚ ਆਯੁਰਵੇਦ ਨਾਲ ਸਬੰਧਤ ਗੂਗਲ ਸਰਚਜ਼ ਵਿਚ 380% ਦਾ ਵਾਧਾ ਹੋਇਆ ਹੈ। ਚਮੜੀ ਅਤੇ ਵਾਲਾਂ ਦੀ ਦੇਖਭਾਲ ਲਈ ਆਯੁਰਵੈਦਿਕ ਇਲਾਜ ਸਭ ਤੋਂ ਵੱਧ ਖੋਜੇ ਗਏ, ਜਦੋਂ ਕਿ ਢਿੱਡ ਨਾਲ ਸਬੰਧਤ ਬਿਮਾਰੀਆਂ ਤੀਜੇ ਸਥਾਨ 'ਤੇ ਆਈਆਂ।

ਬ੍ਰਿਟਿਸ਼ ਕਾਲਜ ਫਾਰ ਆਯੁਰਵੇਦ ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿਚ ਇਸ ਸਾਲ 70% ਦਾ ਵਾਧਾ ਹੋਇਆ ਹੈ। ਇਨ੍ਹਾਂ ਵਿਚ ਬ੍ਰਿਟਿਸ਼ ਵਿਦਿਆਰਥੀਆਂ ਤੋਂ ਬਾਅਦ ਫਰਾਂਸ ਅਤੇ ਜਰਮਨੀ ਦੇ ਵਿਦਿਆਰਥੀ ਦੂਜੇ ਅਤੇ ਤੀਜੇ ਸਥਾਨ 'ਤੇ ਹਨ। ਯੂ.ਕੇ. ਵਿਚ ਸਰਕਾਰੀ ਖੇਤਰ ਦੇ ਨਾਲ-ਨਾਲ ਨਿੱਜੀ ਖੇਤਰ ਵੀ ਆਯੁਰਵੇਦ ਨੂੰ ਉਤਸ਼ਾਹਿਤ ਕਰਨ ਵਿਚ ਸਰਗਰਮ ਭੂਮਿਕਾ ਨਿਭਾ ਰਿਹਾ ਹੈ।






# ਪਾਕਿਸਤਾਨ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਮੌਕੇ ਵਿਸ਼ੇਸ਼ ਯਾਦਗਾਰੀ ਸਿੱਕਾ ਜਾਰੀ

ਲਾਹੌਰ, (ਪੰਜਾਬ ਮੇਲ)- ਪਾਕਿਸਤਾਨ ਨੇ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਮੌਕੇ ਇਕ ਯਾਦਗਾਰੀ ਸਿੱਕਾ ਜਾਰੀ ਕੀਤਾ ਹੈ। ਇਸ ਵਿਸ਼ੇਸ਼ ਮੌਕੇ 'ਤੇ ਆਯੋਜਿਤ ਪ੍ਰੋਗਰਾਮ 'ਚ ਹਿੱਸਾ ਲੈਣ ਆਏ 2500 ਤੋਂ ਵੱਧ ਭਾਰਤੀ ਸਿੱਖ ਸ਼ਰਧਾਲੂ ਸ਼ਨੀਵਾਰ ਨੂੰ ਆਪਣੇ ਘਰਾਂ ਨੂੰ ਰਵਾਨਾ ਹੋ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ 14 ਨਵੰਬਰ ਨੂੰ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਸ਼ੁਰੂ ਹੋਇਆ ਸੀ, ਜਿੱਥੇ ਸਿੱਖ ਧਰਮ ਦੇ ਬਾਨੀ ਦਾ ਜਨਮ ਹੋਇਆ ਸੀ। ਇੱਥੋਂ ਕਰੀਬ 100 ਕਿਲੋਮੀਟਰ ਦੂਰ ਸਥਿਤ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਗਏ ਧਾਰਮਿਕ ਸਮਾਗਮ ਵਿਚ ਭਾਰਤ ਸਮੇਤ ਦੁਨੀਆਂ ਭਰ ਦੇ ਸਿੱਖ ਸ਼ਰਧਾਲੂਆਂ ਨੇ ਸ਼ਿਰਕਤ ਕੀਤੀ। ਪਾਕਿਸਤਾਨੀ ਰੁਪਏ ਦੇ 55




ਮੁੱਲ ਵਰਗ ਦੇ ਵਿਸ਼ੇਸ਼ ਯਾਦਗਾਰੀ ਸਿੱਕੇ ਦੇ ਇਕ ਪਾਸੇ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦਾ ਚਿੱਤਰ ਹੈ ਅਤੇ ਇਸ ਦੇ ਉੱਪਰ ਅਤੇ ਹੇਠਾਂ ਕ੍ਰਮਵਾਰ '555ਵਾਂ ਪ੍ਰਕਾਸ਼ ਪੁਰਬ' ਅਤੇ 'ਸ੍ਰੀ ਗੁਰੂ ਨਾਨਕ ਦੇਵ ਜੀ 1469-2024' ਲਿਖਿਆ ਹੋਇਆ ਹੈ।

ਸਿੱਕੇ ਦੇ ਉਲਟ ਪਾਸੇ, ਉੱਤਰ-ਪੱਛਮ ਦਿਸ਼ਾ ਵਿਚ ਇੱਕ ਚੜ੍ਹਦਾ ਹੋਇਆ ਅੱਧਾ ਚੰਦਰਮਾ ਅਤੇ ਪੰਜ-ਕੋਣ ਵਾਲਾ ਤਾਰਾ ਬਣਿਆ ਹੋਇਆ ਹੈ। ਉਪਰਲੇ ਹਿੱਸੇ 'ਤੇ ਘੇਰੇ 'ਤੇ ਉਰਦੂ ਵਿਚ 'ਇਸਲਾਮੀ ਜਮਹੂਰੀਆ ਪਾਕਿਸਤਾਨ' (ਇਸਲਾਮਿਕ ਰੀਪਬਲਿਕ ਆਫ਼ ਪਾਕਿਸਤਾਨ) ਲਿਖਿਆ ਹੋਇਆ ਹੈ ਅਤੇ ਚੰਦਰਮਾ ਦੇ ਹੇਠਾਂ ਕਣਕ ਦੇ 2 ਪੌਦੇ ਹਨ। ਸਟੇਟ ਬੈਂਕ ਆਫ਼ ਪਾਕਿਸਤਾਨ ਦੇ ਅਨੁਸਾਰ, ਸ਼ੁੱਕਰਵਾਰ ਨੂੰ ਜਾਰੀ ਕੀਤੇ ਗਏ ਇਸ ਸਿੱਕੇ ਵਿਚ 79 ਫ਼ੀਸਦੀ ਪਿੱਤਲ, 20 ਫ਼ੀਸਦੀ ਜ਼ਿੰਕ ਅਤੇ 1 ਫ਼ੀਸਦੀ ਧਾਤੂ ਹੈ; ਇਸ ਦਾ ਵਿਆਸ 30 ਮਿਲੀਮੀਟਰ ਅਤੇ ਭਾਰ 13.5 ਗ੍ਰਾਮ ਹੈ। ਬੈਂਕ ਨੇ ਕਿਹਾ ਕਿ ਇਹ ਯਾਦਗਾਰੀ ਸਿੱਕਾ ਸਟੇਟ ਬੈਂਕ ਆਫ਼ ਪਾਕਿਸਤਾਨ ਦੀਆਂ ਸਾਰੀਆਂ ਸ਼ਾਖਾਵਾਂ ਦੇ ਐਕਸਚੇਂਜ ਕਾਊਂਟਰਾਂ 'ਤੇ ਉਪਲਬਧ ਹੋਵੇਗਾ। ਇਸ ਦੌਰਾਨ, ਪੰਜਾਬ ਦੇ ਪਹਿਲੇ ਸਿੱਖ ਮੰਤਰੀ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਅਤੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਵਧੀਕ ਸਕੱਤਰ ਸੈਫੁੱਲਾ ਖੋਖਰ ਨੇ ਸ਼ਨੀਵਾਰ ਨੂੰ ਵਾਹਗਾ ਸਰਹੱਦ 'ਤੇ ਭਾਰਤੀ ਸਿੱਖ ਸ਼ਰਧਾਲੂਆਂ ਨੂੰ ਵਿਦਾਈ ਦਿੱਤੀ। ਪਾਕਿਸਤਾਨ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਅਜਿਹਾ ਹੀ ਇੱਕ ਸਿੱਕਾ ਜਾਰੀ ਕੀਤਾ ਸੀ।

# ਯੂਨੀਵਰਸਿਟੀ ਆਫ ਦੀ ਪੰਜਾਬ, ਲਾਹੌਰ 'ਚ ਗੁਰੂ ਗ੍ਰੰਥ ਸਾਹਿਬ ਪੜ੍ਹਾਇਆ ਜਾਏਗਾ



**ਲਾਹੌਰ, (ਜਸਵਿੰਦਰ ਸਿੰਘ ਰੁਪਾਲ/ਪੰਜਾਬ ਮੇਲ)**- ਸਿੱਖ ਕੌਮ ਲਈ ਖ਼ੁਸ਼ੀ ਅਤੇ ਮਾਣ ਵਾਲੀ ਖਬਰ ਹੈ ਕਿ ਪਾਕਿਸਤਾਨ ਦੇ ਸਭ ਤੋਂ ਵੱਡੇ ਵਿਦਿਅਕ ਅਦਾਰੇ ਯੂਨੀਵਰਸਿਟੀ ਆਫ਼ ਦੀ ਪੰਜਾਬ, ਲਾਹੌਰ ਵਿਚ ਹੁਣ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿਲੇਬਸ ਵਿਚ ਪੜ੍ਹਾਇਆ ਜਾਏਗਾ। ਸ. ਪ੍ਰਸ਼ਾਂਤ ਸਿੰਘ ਜੀ ਦੇ ਹਵਾਲੇ ਨਾਲ ਲਿਖ ਰਹੇ ਹਾਂ, ਜਿਹੜੇ ਇਸ ਯੂਨੀਵਰਸਿਟੀ ਵਿਚ ਅਸਿਸਟੈਂਟ ਰਜਿਸਟਰਾਰ ਵਜੋਂ ਸੇਵਾ ਨਿਭਾ ਰਹੇ ਹਨ। ਉਹ ਨਾ ਕੇਵਲ, 1947 ਦੀ ਵੰਡ ਪਿੱਛੋਂ ਸਭ ਤੋਂ ਵੱਡੇ ਅਦਾਰੇ ਦੇ ਪਹਿਲੇ ਸਿੱਖ ਅਫ਼ਸਰ ਹੀ ਹਨ, ਇਸ ਦੇ ਨਾਲ-ਨਾਲ ਉਹ ਪਾਕਿਸਤਾਨ ਵਿਚ ਧਾਰਮਿਕ ਵਿਦਿਅਕ ਸਿਲੇਬਸ ਨਿਰਧਾਰਨ ਕਮੇਟੀ ਦੇ ਮੈਂਬਰ ਵੀ ਹਨ। ਉਨ੍ਹਾਂ ਨੇ ਹੀ ਗੁਰੂ ਗੰਥ ਸਾਹਿਬ ਜੀ ਦਾ ਸਲੇਬਸ ਸਿੱਖ ਵਿਦਿਆਰਥੀਆਂ ਲਈ ਤਿਆਰ ਕੀਤਾ ਹੈ। ਪਾਕਿਸਤਾਨੀ ਪੰਜਾਬ ਦੇ ਵਿਦਿਅਕ ਅਦਾਰਿਆਂ ਵਿਚ ਬੀ.ਐੱਸ. (+2 ਤੋਂ ਬਾਅਦ 4 ਸਾਲ ਦੀ ਡਿਗਰੀ) ਦੇ ਮੁਸਲਿਮ ਵਿਦਿਆਰਥੀਆਂ ਲਈ ਜਿੱਥੇ ਕੁਰਾਨ ਦੀ ਪੜ੍ਹਾਈ ਜ਼ਰੂਰੀ ਹੈ, ਉੱਥੇ ਗੈਰ-ਮੁਸਲਿਮ ਵਿਦਿਆਰਥੀਆਂ ਲਈ ਨੈਤਿਕਤਾ ਦੇ ਨਾਂ ਅਧੀਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਗੁਰਮਤਿ ਫਿਲਾਸਫੀ ਪੜ੍ਹਾਈ ਜਾਏਗੀ। ਯੂਨੀਵਰਸਿਟੀ ਦੀ ਵਿਦਿਅਕ ਕੌਂਸਲ ਨੇ ਉਹੀ ਸਿਲੇਬਸ ਨੂੰ ਪ੍ਰਵਾਨ ਕਰ ਲਿਆ ਹੈ, ਜੋ ਪ੍ਰਸ਼ਾਂਤ ਸਿੰਘ ਜੀ ਵਲੋਂ ਤਿਆਰ ਕਰਕੇ ਭੇਜਿਆ ਗਿਆ ਸੀ। ਯੂਨਿਵਰਸਿਟੀ ਦੇ ਗੈਰ ਮੁਸਲਿਮ ਵਿਦਿਆਰਥੀਆਂ ਲਈ ਇਹ ਬੜਾ ਵੱਡਾ ਕਦਮ ਹੈ, ਜਿਸ ਨਾਲ ਇੱਕ ਪਾਸੇ ਪੰਜਾਬੀ ਭਾਸ਼ਾ ਦਾ ਪ੍ਰਸਾਰ ਹੋਏਗਾ, ਉਥੇ ਦੂਜੇ ਪਾਸੇ ਗੁਰੂ ਗ੍ਰੰਥ ਸਾਹਿਬ ਜੀ ਦਾ ਸਰਬ ਸਾਂਝੀਵਾਲਤਾ ਦਾ ਸੰਦੇਸ਼ ਵੀ ਫੈਲੇਗਾ। ਯਾਦ ਕਰਵਾ ਦੇਈਏ ਕਿ ਸਰਦਾਰ ਪ੍ਰਸ਼ਾਂਤ ਸਿੰਘ ਜੀ ਪਾਕਿਸਤਾਨ ਸਰਕਾਰ ਦੀ ਮਨਿਸਟਰੀ ਆਫ ਫੈਡਰਲ ਐਜੂਕੇਸ਼ਨ ਐਂਡ ਪ੍ਰੋਫੈਸ਼ਨਲ ਟਰੇਨਿੰਗ ਦੇ ਰਾਸ਼ਟਰੀ ਪਾਠਕ੍ਰਮ ਵਿਚ ਸਿੱਖ ਸਿਲੇਬਸ ਲਿਖਣ ਵਾਲੇ ਇੱਕਲੇ ਸਿੱਖ ਲੇਖਕ ਹਨ। ਇਸ ਦੇ ਨਾਲ ਹੀ ਉਹ ਐਥਿਕਸ ਰੀਵਿਊ ਕਮੇਟੀ ਅਤੇ ਪੰਜਾਬ ਪਾਠਕ੍ਰਮ ਅਤੇ ਟੈਕਸਟ ਬੁੱਕ ਬੋਰਡ ਦੀ ਰੀਵਿਊ ਕਮੇਟੀ ਦੇ ਮੈਂਬਰ ਵੀ ਹਨ। ਸਰਦਾਰ ਪ੍ਰਸ਼ਾਂਤ ਸਿੰਘ ਦੇ ਇਨ੍ਹਾਂ ਯਤਨਾਂ ਨਾਲ ਸਿੱਖ ਕੌਮ ਦਾ ਸਿਰ ਮਾਣ ਨਾਲ ਹੋਰ ਉੱਚਾ ਹੋਇਆ ਹੈ। ਵਧੇਰੇ ਜਾਣਕਾਰੀ ਲਈ ਸ. ਪ੍ਰਸ਼ਾਂਤ ਸਿੰਘ ਜੀ ਨੂੰ ਮੋਬ: : +92-313-3455343 ਅਤੇ ਈ-ਮੇਲ ਆਈ.ਡੀ. : parshan-thaswani@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

# ਕੈਂਸਰ ਦੇ ਫੈਲਣ ਨੂੰ ਰੋਕ ਸਕਦੈ ਕੋਵਿਡ ਇਨਫੈਕਸ਼ਨ!



**ਲੰਡਨ, (ਪੰਜਾਬ ਮੇਲ)**- ਜਰਨਲ ਕਲੀਨਿਕਲ ਇਨਵੈਸਟੀਗੇਸ਼ਨ ਵਿਚ ਪ੍ਰਕਾਸ਼ਿਤ ਖੋਜ ਵਿਚ ਦੱਸਿਆ ਗਿਆ ਹੈ ਕਿ ਗੰਭੀਰ ਕੋਵਿਡ ਸੰਕਰਮਣ ਦਾ ਇੱਕ ਸੰਭਾਵੀ ਲਾਭ ਇਹ ਹੈ ਕਿ ਇਹ ਕੈਂਸਰ ਪ੍ਰਭਾਵਿਤ ਸੈੱਲਾਂ ਨੂੰ ਫੈਲਣ ਤੋਂ ਰੋਕਣ ਵਿਚ ਮਦਦ ਕਰ ਸਕਦਾ ਹੈ। ਚੂਹਿਆਂ 'ਤੇ ਕੀਤੀ ਖੋਜ ਤੋਂ ਮਿਲੀ ਇਸ ਹੈਰਾਨੀਜਨਕ ਜਾਣਕਾਰੀ ਨਾਲ ਕੈਂਸਰ ਦੇ ਇਲਾਜ ਲਈ ਨਵੇਂ ਰਾਹ ਖੁੱਲ੍ਹ ਸਕਦੇ ਹਨ। ਖੋਜ ਵਿਚ ਇਮਿਊਨ ਸਿਸਟਮ ਅਤੇ ਕੈਂਸਰ ਸੈੱਲਾਂ ਵਿਚਕਾਰ ਇੱਕ ਗੁੰਝਲਦਾਰ ਸਬੰਧ ਦਾ ਜ਼ਿਕਰ ਕੀਤਾ ਗਿਆ ਹੈ, ਹਾਲਾਂਕਿ ਇਸਦਾ ਮਤਲਬ ਇਹ ਨਹੀਂ ਹੈ ਕਿ ਲੋਕ ਇਹ ਮੰਨ ਲੈਣ ਕਿ ਕੋਵਿਡ ਕੈਂਸਰ ਤੋਂ ਬਚਾਅ ਸਕਦਾ ਹੈ। ਖੋਜ 'ਮੋਨੋਸਾਈਟਸ' ਨਾਮਕ ਇਕ ਤਰ੍ਹਾਂ ਦੇ ਖੂਨ ਦੇ ਸੈੱਲ (ਰੈੱਡ ਬਲੱਡ ਸੈੱਲ) 'ਤੇ ਕੇਂਦਰਿਤ ਸੀ। ਇਹ ਇਮਿਊਨ ਸੈੱਲ ਸਰੀਰ ਨੂੰ ਇਨਫੈਕਸ਼ਨ ਅਤੇ ਹੋਰ ਖਤਰਿਆਂ ਤੋਂ ਬਚਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਹਾਲਾਂਕਿ, ਕੈਂਸਰ ਦੇ ਮਰੀਜ਼ਾਂ ਵਿਚ, ਕਦੇ-ਕਦੇ ਟਿਊਮਰ ਸੈੱਲ ਮੋਨੋਸਾਈਟ ਸੈੱਲਾਂ ਨੂੰ ਆਪਣੀ ਲਪੇਟ ਲੈ ਕੇ ਉਨ੍ਹਾਂ ਨੂੰ ਕੈਂਸਰ ਦੇ ਵਿਕਾਸ ਲਈ ਅਨੁਕੂਲ ਬਣਾ ਦਿੰਦੇ ਹਨ। ਫਿਰ ਇਹ ਸੈੱਲ ਟਿਊਮਰ ਨੂੰ ਇਮਿਊਨ ਸਿਸਟਮ ਤੋਂ ਬਚਾਉਂਦੇ ਹਨ, ਜਿਸ ਕਾਰਨ ਟਿਊਮਰ ਫੈਲਣਾ ਸ਼ੁਰੂ ਹੋ ਜਾਂਦਾ ਹੈ। ਖੋਜਕਰਤਾਵਾਂ ਨੇ ਪਾਇਆ ਕਿ ਗੰਭੀਰ ਕੋਵਿਡ ਸੰਕਰਮਣ ਕਾਰਨ ਸਰੀਰ ਵਿਚ ਇੱਕ ਵਿਸ਼ੇਸ਼ ਕਿਸਮ ਦੇ ਮੋਨੋਸਾਈਟ ਸੈੱਲ ਬਣਦੇ ਹਨ, ਜਿਨ੍ਹਾਂ ਵਿਚ ਕੈਂਸਰ ਨਾਲ ਲੜਨ ਦੀ ਸਮਰੱਥਾ ਹੁੰਦੀ ਹੈ। ਇਹ ਮੋਨੋਸਾਈਟ ਸੈੱਲ ਵਿਸ਼ੇਸ਼ ਤੌਰ 'ਤੇ ਵਾਇਰਸਾਂ ਨਾਲ ਲੜਨ ਦੇ ਸਮਰੱਥ ਹੁੰਦੇ ਹਨ, ਅਤੇ ਇਨ੍ਹਾਂ ਵਿਚ ਕੈਂਸਰ ਸੈੱਲਾਂ ਨਾਲ ਲੜਨ ਦੀ ਤਾਕਤ ਵੀ ਹੁੰਦੀ ਹੈ। ਖੋਜਕਰਤਾਵਾਂ ਨੇ ਪਾਇਆ ਕਿ ਇਨ੍ਹਾਂ ਮੋਨੋਸਾਈਟਸ ਵਿਚ ਇੱਕ ਵਿਸ਼ੇਸ਼ 'ਰੀਸੈਪਟਰ' ਹੁੰਦਾ ਹੈ, ਜੋ ਕੋਵਿਡ ਆਰ.ਐੱਨ.ਏ. ਦੇ ਇੱਕ ਖਾਸ ਕ੍ਰਮ ਨਾਲ ਚੰਗੀ ਤਰ੍ਹਾਂ ਜੁੜਿਆ ਹੁੰਦਾ ਹੈ। ਸ਼ਿਕਾਗੋ ਦੀ ਨਾਰਥਵੈਸਟਰਨ ਯੂਨੀਵਰਸਿਟੀ ਦੀ ਇਸ ਖੋਜ ਵਿਚ ਸ਼ਾਮਲ ਵਿਗਿਆਨੀਆਂ ਵਿਚੋਂ ਇੱਕ ਅੰਕਿਤ ਭਾਰਤ ਨੇ ਇੱਕ ਤਾਲਾ-ਚਾਬੀ ਦੀ ਉਦਾਹਰਣ ਦੇ ਕੇ ਇਸ ਸਬੰਧ ਦੀ ਵਿਆਖਿਆ ਕੀਤੀ ਅਤੇ ਕਿਹਾ ਕਿ ਜੇਕਰ ਮੋਨੋਸਾਈਟ ਨੂੰ ਇੱਕ ਤਾਲਾ ਮੰਨਿਆ ਜਾਵੇ, ਤਾਂ ਉਸ ਨੂੰ ਬੰਦ ਕਰਨ ਲਈ ਕੋਵਿਡ ਆਰ.ਐੱਨ.ਏ. ਸਭ ਤੋਂ ਵਧੀਆ ਚਾਬੀ ਹੋਵੇਗੀ। ਉਨ੍ਹਾਂ ਦੀ ਥਿਊਰੀ ਨੂੰ ਪਰਖਣ ਲਈ, ਖੋਜ ਟੀਮ ਨੇ ਮੇਲਾਨੋਮਾ (ਚਮੜੀ), ਫੇਫੜਿਆਂ, ਛਾਤੀ ਅਤੇ ਅੰਤੜੀਆਂ ਦੇ ਕੈਂਸਰ ਸਮੇਤ ਕਈ ਤਰ੍ਹਾਂ ਦੇ ਕੈਂਸਰਾਂ ਤੋਂ ਪੀੜਤ ਚੂਹਿਆਂ 'ਤੇ ਪ੍ਰਯੋਗ ਕੀਤੇ। ਉਨ੍ਹਾਂ ਨੇ ਚੂਹਿਆਂ ਨੂੰ ਇੱਕ ਅਜਿਹੀ ਦਵਾਈ ਦਿੱਤੀ, ਜਿਸ ਨਾਲ ਵਿਸ਼ੇਸ਼ ਕਿਸਮ ਦੇ ਮੋਨੋਸਾਈਟਸ ਪੈਦਾ ਹੋਏ। ਇਸ ਪ੍ਰਯੋਗ ਦੇ ਨਤੀਜੇ ਸ਼ਾਨਦਾਰ ਰਹੇ ਅਤੇ ਕੈਂਸਰ ਦੇ ਚਾਰੇ ਪੜਾਵਾਂ ਤੋਂ ਪੀੜਤ ਚੂਹਿਆਂ ਦੇ ਟਿਊਮਰ ਸੁੰਗੜਨ ਲੱਗੇ। ਟਿਊਮਰ ਦੁਆਰਾ ਕੈਂਸਰ-ਅਨੁਕੂਲ ਸੈੱਲਾਂ ਵਿਚ ਬਦਲ ਗਏ ਆਮ ਮੋਨੋਸਾਈਟਸ ਦੇ ਉਲਟ ਇਨ੍ਹਾਂ ਵਿਸ਼ੇਸ਼ ਮੋਨੋਸਾਈਟਸ ਦੇ ਕੈਂਸਰ ਨਾਲ ਲੜਨ ਵਾਲੇ ਗੁਣ ਬਰਕਰਾਰ ਰਹੇ। ਵਿਸ਼ੇਸ਼ ਮੋਨੋਸਾਈਟਸ ਟਿਊਮਰ ਵਾਲੀਆਂ ਥਾਵਾਂ ਤੱਕ ਪਹੁੰਚਣ ਦੇ ਯੋਗ ਸਨ, ਜਿੱਥੇ ਜ਼ਿਆਦਾਤਰ ਇਮਿਊਨ ਸੈੱਲ ਨਹੀਂ ਪਹੁੰਚ ਪਾਉਂਦੇ। ਵਿਸ਼ੇਸ਼ ਮੋਨੋਸਾਈਟਸ ਨੇ ਉਥੇ ਪਹੁੰਚਣ ਤੋਂ ਬਾਅਦ ਕੈਂਸਰ ਨੂੰ ਰੋਕਣ ਵਾਲੇ ਕੁਦਰਤੀ ਸੈੱਲਾਂ ਨੂੰ ਸਰਗਰਮ ਕੀਤਾ। ਇਸ ਤੋਂ ਬਾਅਦ ਇਨ੍ਹਾਂ ਕੁਦਰਤੀ ਸੈੱਲਾਂ ਨੇ ਕੈਂਸਰ ਸੈੱਲਾਂ 'ਤੇ ਹਮਲਾ ਕਰਦੇ ਹਨ, ਜਿਸ ਨਾਲ ਟਿਊਮਰ ਫੈਲਣ ਤੋਂ ਰੁੱਕ ਗਿਆ।

# ਰੂਸੀ ਹਮਲੇ ਦੇ ਖ਼ਤਰੇ ਕਾਰਨ ਯੂਕਰੇਨ ਵਿਚਲਾ ਅਮਰੀਕੀ ਦੂਤਾਵਾਸ ਬੰਦ

**ਕੀਵ, (ਪੰਜਾਬ ਮੇਲ)**- ਯੂਕਰੇਨ ਦੀ ਰਾਜਧਾਨੀ ਕੀਵ ਸਥਿਤ ਅਮਰੀਕੀ ਸਫ਼ਾਰਤਖ਼ਾਨੇ ਨੇ ਕਿਹਾ ਕਿ ਉਸ ਨੂੰ ਰੂਸ ਦੇ ਸੰਭਾਵਿਤ ਹਵਾਈ ਹਮਲੇ ਦੀ 'ਅਹਿਮ' ਚਿਤਾਵਨੀ ਮਿਲੀ ਹੈ ਅਤੇ ਇਸ ਕਾਰਨ ਅਹਿਤਿਆਤ ਵਜੋਂ ਸਫ਼ਾਰਤਖ਼ਾਨਾ ਬੰਦ ਕੀਤਾ ਜਾ ਰਿਹਾ ਹੈ। ਦੂਤਾਵਾਸ ਨੇ ਇਕ ਬਿਆਨ ਵਿਚ ਆਪਣੇ ਮੁਲਾਜ਼ਮਾਂ ਨੂੰ ਵੱਖ-ਵੱਖ ਥਾਈਂ ਸੁਰੱਖਿਅਤ ਪਨਾਹ ਲੈ ਲੈਣ ਲਈ ਵੀ ਕਿਹਾ ਹੈ। ਨਾਲ ਹੀ ਅਮਰੀਕੀ ਨਾਗਰਿਕਾਂ ਨੂੰ ਹਵਾਈ ਚਿਤਾਵਨੀ ਦੀ ਸਥਿਤੀ ਵਿਚ ਤੁਰੰਤ ਸੁਰੱਖਿਅਤ ਥਾਵਾਂ ਉਤੇ




ਪੁੱਜਣ ਲਈ ਤਿਆਰ ਰਹਿਣ ਵਾਸਤੇ ਵੀ ਕਿਹਾ ਗਿਆ ਹੈ।

ਗ਼ੌਰਤਲਬ ਹੈ ਕਿ ਯੂਕਰੇਨ 'ਚ ਰੂਸ ਦੇ ਹਮਲੇ ਆਮ ਗੱਲ ਹਨ, ਪਰ ਇਸ ਸਬੰਧੀ ਅਮਰੀਕੀ ਸਫ਼ਾਰਤਖ਼ਾਨੇ ਨੇ ਪ੍ਰਤੀਕਿਰਿਆ ਦਿੱਤੀ ਹੈ, ਉਹ ਇਸ ਨੂੰ ਗ਼ੈਰ-ਮਾਮੂਲੀ ਬਣਾਉਂਦੇ ਹਨ। ਇਹ ਵੀ ਦੱਸਣਯੋਗ ਹੈ ਕਿ ਮਾਸਕੋ ਨੇ ਕਿਹਾ ਸੀ ਕਿ ਯੂਕਰੇਨ ਵੱਲੋਂ ਰੂਸ ਉਤੇ ਕੀਤੇ ਗਏ ਇਕ ਹਮਲੇ ਵਿਚ ਅਮਰੀਕਾ ਵਿਚ ਬਣੀਆਂ ਹੋਈਆਂ ਲੰਬੀ ਦੂਰੀ ਦੀਆਂ ਮਿਜ਼ਾਈਲਾਂ ਦੀ ਵਰਤੋਂ ਕੀਤੀ ਗਈ ਹੈ, ਜਿਸ ਦੀ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਯੂਕਰੇਨ ਨੂੰ ਇਜਾਜ਼ਤ ਦਿੱਤੀ ਸੀ। ਇਸ ਇਜਾਜ਼ਤ ਤੋਂ ਬਾਅਦ ਯੂਕਰੇਨ ਵੱਲੋਂ ਇਨ੍ਹਾਂ ਲੰਬੀ ਦੂਰੀ ਦੀਆਂ ਮਿਜ਼ਾਈਲਾਂ ਰਾਹੀਂ ਰੂਸ ਦੇ ਬ੍ਰਾਇੰਸਕ ਖੇਤਰ ਵਿਚ ਇਕ ਅਸਲਾਖ਼ਾਨੇ ਨੂੰ ਨਿਸ਼ਾਨਾ ਬਣਾਇਆ ਗਿਆ।



# 15 ਫ਼ੀਸਦੀ ਪੰਜਾਬੀ ਸ਼ੂਗਰ ਦੀ ਬਿਮਾਰੀ ਤੋਂ ਹਨ ਪੀੜਤ

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਪੰਜਾਬ ਭਰ 'ਚ ਸ਼ੂਗਰ ਦੀ ਬਿਮਾਰੀ ਇਕ ਵੱਡੀ ਸਿਹਤ ਸਮੱਸਿਆ ਵਜੋਂ ਉੱਭਰ ਕੇ ਸਾਹਮਣੇ ਆ ਰਹੀ ਹੈ। ਇਸ ਦਾ ਮੁੱਖ ਕਾਰਨ ਜਿਥੇ ਜੈਨੇਟਿਕਸ ਜੀਨਸ ਹਨ, ਉੱਥੇ ਪਿਛਲੇ ਸਮੇਂ ਦੌਰਾਨ ਲੋਕਾਂ ਦਾ ਰਹਿਣ-ਸਹਿਣ ਅਤੇ ਖਾਣ-ਪੀਣ ਦਾ ਬਦਲਿਆ ਢੰਗ-ਤਰੀਕਾ ਹੈ। ਸ਼ੂਗਰ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਜਾਣ ਵਾਲੀ ਬਿਮਾਰੀ ਹੈ। ਪੰਜਾਬ ਵਿਚ ਪਿਛਲੇ ਦੋ ਦਹਾਕਿਆਂ ਤੋਂ ਇਹ ਬਿਮਾਰੀ ਵਧ ਰਹੀ ਹੈ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਮੁਤਾਬਕ




ਦੁਨੀਆਂ ਭਰ ਵਿਚ ਕਰੋੜਾਂ ਲੋਕ ਸ਼ੂਗਰ ਦੀ ਸਮੱਸਿਆ ਤੋਂ ਪੀੜਤ ਹਨ। ਸ਼ੂਗਰ ਇਕ ਅਜਿਹੀ ਬਿਮਾਰੀ ਹੈ, ਜਿਸ ਨੇ ਛੋਟੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਨੂੰ ਵੀ ਆਪਣੇ ਘੇਰੇ ਵਿਚ ਲਿਆ ਹੋਇਆ ਹੈ।

ਕੌਮੀ ਪਰਿਵਾਰ ਸਿਹਤ ਸਰਵੇਖਣ ਦੀ ਇਕ ਤਾਜ਼ਾ ਰਿਪੋਰਟ ਅਨੁਸਾਰ ਲਗਪਗ 15 ਫ਼ੀਸਦੀ ਪੰਜਾਬੀ ਸ਼ੂਗਰ ਦੀ ਬਿਮਾਰੀ ਤੋਂ ਇਸ ਵੇਲੇ ਪੀੜਤ ਹਨ ਤੇ ਦਵਾਈਆਂ ਦੇ ਸਹਾਰੇ ਆਪਣੀ ਜ਼ਿੰਦਗੀ ਦੀ ਗੱਡੀ ਰੇੜ ਰਹੇ ਹਨ। ਚੰਡੀਗੜ੍ਹੀਆਂ ਵਿਚੋਂ 19 ਫ਼ੀਸਦੀ ਔਰਤਾਂ ਅਤੇ ਪੰਜਾਬ ਦੀਆਂ 16.6 ਫ਼ੀਸਦੀ ਔਰਤਾਂ ਸ਼ੱਕਰ ਰੋਗ ਦਾ ਕਸ਼ਟ ਭੋਗ ਰਹੀਆਂ ਹਨ। ਇੰਟਰਨੈਸ਼ਨਲ ਡਾਇਬਟੀਜ਼ ਫੈੱਡਰੇਸ਼ਨ ਨੇ ਪੰਜਾਬੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਹਾਲੇ ਵੀ ਸੁਚੇਤ ਨਾ ਹੋਏ ਤਾਂ ਸਖ਼ਤ ਨਤੀਜੇ ਭੁਗਤਣੇ ਪੈ ਸਕਦੇ ਹਨ। ਤਣਾਅ ਸ਼ੂਗਰ ਦਾ ਪੱਧਰ ਉੱਪਰ ਲੈ ਜਾਂਦਾ ਹੈ। ਸ਼ੱਕਰ ਰੋਗ ਦੀ ਬਿਮਾਰੀ ਨੂੰ ਸੈਰ, ਕਸਰਤ ਜਾਂ ਖਾਣ-ਪੀਣ 'ਤੇ ਕਾਬੂ ਰੱਖਣ ਨਾਲ ਕੰਟਰੋਲ ਕੀਤਾ ਜਾ ਸਕਦਾ ਹੈ। ਵਿਸ਼ਵ ਸਿਹਤ ਸੰਗਠਨ (ਡਬਲਯੂ.ਐੱਚ.ਓ.) ਅਨੁਸਾਰ ਵਿਸ਼ਵ ਵਿਚ 42.2 ਕਰੋੜ ਲੋਕ ਸ਼ੂਗਰ ਤੋਂ ਪੀੜਤ ਹਨ। ਹਰ ਸਾਲ 16 ਲੱਖ ਲੋਕ ਸ਼ੂਗਰ ਕਾਰਨ ਮਰਦੇ ਹਨ। ਅੰਕੜਿਆਂ ਅਨੁਸਾਰ ਜਣੇਪੇ ਦੀ ਉਮਰ ਦੀਆਂ ਲਗਪਗ 6 ਕਰੋੜ ਅਜਿਹੀਆਂ ਔਰਤਾਂ ਹਨ ਜੋ ਸ਼ੂਗਰ ਤੋਂ ਪੀੜਤ ਹਨ। ਸ਼ੂਗਰ ਦੇ ਮਰੀਜ਼ ਦਿਲ ਦੇ ਰੋਗਾਂ ਦਾ ਸ਼ਿਕਾਰ ਹੁੰਦੇ ਹਨ।

# ਰੂਸ ਨੂੰ ਹਵਾਬਾਜ਼ੀ ਸਮੱਗਰੀ ਭੇਜਣ ਦੇ ਦੋਸ਼ 'ਚ ਭਾਰਤੀ ਨਾਗਰਿਕ ਗ੍ਰਿਫ਼ਤਾਰ

**■ ਦੋਸ਼ੀ ਠਹਿਰਾਏ ਜਾਣ 'ਤੇ ਹੋ ਸਕਦੀ ਹੈ 20 ਸਾਲ ਦੀ ਕੈਦ ਅਤੇ ਪ੍ਰਤੀ ਕੇਸ 10 ਲੱਖ ਅਮਰੀਕੀ ਡਾਲਰ ਦਾ ਜੁਰਮਾਨਾ**

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ 'ਚ ਇਕ ਭਾਰਤੀ ਨਾਗਰਿਕ ਨੂੰ ਐਕਸਪੋਰਟ ਕੰਟਰੋਲ ਐਕਟ ਦੀ ਉਲੰਘਣਾ ਕਰਦੇ ਹੋਏ ਰੂਸੀ ਕੰਪਨੀਆਂ ਲਈ ਹਵਾਬਾਜ਼ੀ ਸਮੱਗਰੀ ਖਰੀਦਣ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਨਿਆਂ ਵਿਭਾਗ ਨੇ ਸ਼ੁੱਕਰਵਾਰ ਨੂੰ ਇੱਕ ਪ੍ਰੈੱਸ ਬਿਆਨ ਵਿਚ ਕਿਹਾ ਕਿ ਨਵੀਂ ਦਿੱਲੀ ਸਥਿਤ ਏਅਰ ਚਾਰਟਰ ਸੇਵਾ ਪ੍ਰਦਾਤਾ ਅਰੇਜ਼ੋ ਏਵੀਏਸ਼ਨ ਦੇ ਮੈਨੇਜਿੰਗ ਪਾਰਟਨਰ ਸੰਜੇ ਕੌਸ਼ਿਕ ਨੂੰ 17 ਅਕਤੂਬਰ ਨੂੰ ਮਿਆਮੀ ਵਿਚ ਗ੍ਰਿਫ਼ਤਾਰ ਕੀਤਾ ਗਿਆ, ਜਦੋਂ ਉਹ ਇੱਕ ਅਧਿਕਾਰਤ ਦੌਰੇ ਤੋਂ ਭਾਰਤ ਪਰਤਿਆ ਸੀ।

ਕੰਪਨੀ ਦੀ ਵੈੱਬਸਾਈਟ ਅਨੁਸਾਰ, 'ਅਰੇਜ਼ੋ ਐਵੀਏਸ਼ਨ' ਦਿੱਲੀ ਕੈਂਟ ਦੇ ਮਹਿਰਮ ਨਗਰ ਵਿਚ ਸਥਿਤ ਹੈ ਅਤੇ ਇੱਕ ਹਵਾਬਾਜ਼ੀ ਸੇਵਾ ਕੰਪਨੀ ਹੈ, ਜੋ ਚਾਰਟਰ ਏਅਰਕ੍ਰਾਫਟ, ਏਅਰ ਐਂਬੂਲੈਂਸ ਦੇ ਨਾਲ-ਨਾਲ ਵਪਾਰਕ, ਜਨਰਲ ਅਤੇ ਕਾਰਪੋਰੇਟ ਜਹਾਜ਼ਾਂ ਦੇ ਸਪੇਅਰ ਪਾਰਟਸ ਅਤੇ ਪਾਇਲਟਾਂ ਮੁਹੱਈਆ ਕਰਾਉਂਦੀ ਹੈ। ਕੌਸ਼ਿਕ, ਜੋ ਇਸ ਸਮੇਂ ਓਰੇਗਨ ਜੇਲ੍ਹ ਵਿਚ ਬੰਦ ਹੈ, ਨੇ ਆਪਣੀ ਰਿਹਾਈ ਲਈ ਅਪੀਲ ਨਹੀਂ ਕੀਤੀ ਹੈ।

ਅਮਰੀਕੀ ਮੈਜਿਸਟ੍ਰੇਟ ਜੱਜ ਸਟੇਸੀ ਐੱਫ਼ ਬੇਕਰਮੈਨ ਨੇ ਸ਼ੁੱਕਰਵਾਰ ਨੂੰ ਕੌਸ਼ਿਕ ਦੇ ਫਰਾਰ ਹੋਣ ਦੀ ਸੰਭਾਵਨਾ ਨੂੰ ਦੇਖਦੇ ਹੋਏ ਉਸ ਨੂੰ ਹਿਰਾਸਤ 'ਚ ਲੈਣ ਦਾ ਹੁਕਮ ਦਿੱਤਾ।

# ਕੈਨੇਡਾ ਦਾ ਵਰਕ ਵੀਜ਼ਾ ਦਿਵਾਉਣ ਦੇ ਨਾਂ 'ਤੇ 2.66 ਲੱਖ ਦੀ ਠੱਗੀ

**ਚੰਡੀਗੜ੍ਹ, (ਪੰਜਾਬ ਮੇਲ)**- ਇਕ ਜੋੜੇ ਨੂੰ ਕੈਨੇਡਾ ਦਾ ਵਰਕ ਵੀਜ਼ਾ ਦਿਵਾਉਣ ਦੇ ਨਾਂ 'ਤੇ ਸੈਕਟਰ-34 ਸਥਿਤ ਫਲਾਈਵੇਅ ਕੰਸਲਟੈਂਸੀ ਇਮੀਗ੍ਰੇਸ਼ਨ ਕੰਪਨੀ ਨੇ 2 ਲੱਖ 66 ਹਜ਼ਾਰ ਰੁਪਏ ਦੀ ਠੱਗੀ ਮਾਰ ਲਈ। ਪੈਸੇ ਲੈਣ ਤੋਂ ਬਾਅਦ ਨਾ ਤਾਂ ਵਰਕ ਵੀਜ਼ਾ ਲਗਵਾਇਆ ਤੇ ਨਾ ਹੀ ਪੈਸੇ ਵਾਪਸ ਕੀਤੇ। ਸ਼ੁਭਮ ਨੇ ਮਾਮਲੇ ਦੀ ਸ਼ਿਕਾਇਤ ਪੁਲਿਸ ਨੂੰ ਦਿੱਤੀ। ਸੈਕਟਰ-34 ਥਾਣਾ ਪੁਲਿਸ ਨੇ ਫਲਾਈਵੇਅ ਕੰਸਲਟੈਂਸੀ ਇਮੀਗ੍ਰੇਸ਼ਨ ਕੰਪਨੀ ਦੇ ਮਾਲਕ ਗੁਰਵਿੰਦਰ ਤੇ ਮੁਲਾਜ਼ਮ ਅਮਿਤ ਤੇ ਰੂਬੀ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਮੁਲਜ਼ਮਾਂ ਦੀ ਭਾਲ ਕਰ ਰਹੀ ਹੈ।

ਸ਼ਿਕਾਇਤਕਰਤਾ ਮਦਨ ਕੁਮਾਰ ਨੇ ਸ਼ਿਕਾਇਤ 'ਚ ਦੱਸਿਆ ਕਿ ਉਹ ਬੇਟੇ ਸ਼ੁਭਮ ਰੰਗਾ ਨਾਲ 23 ਸਤੰਬਰ 2023 ਨੂੰ ਸੈਕਟਰ-34 ਫਲਾਈਵੇਅ ਕੰਸਲਟੈਂਸੀ ਇਮੀਗ੍ਰੇਸ਼ਨ ਕੰਪਨੀ 'ਚ ਗਿਆ ਸੀ। ਉਸਦਾ ਬੇਟਾ ਵਰਕ ਪਰਮਿਟ 'ਤੇ ਕੈਨੇਡਾ ਜਾਣਾ ਚਾਹੁੰਦਾ ਸੀ। ਉਨ੍ਹਾਂ ਦੀ ਮੁਲਾਕਾਤ ਅਮਿਤ ਸ਼ਰਮਾ ਨਾਲ ਹੋਈ। ਉਸ ਨੇ ਭਰੋਸਾ ਦਿੱਤਾ ਕਿ ਉਹ ਸ਼ੁਭਮ ਤੇ ਪਤਨੀ ਪੂਨਮ ਲਈ ਇਕ ਮਹੀਨੇ 'ਚ ਕੈਨੇਡਾ ਲਈ ਵਰਕ ਪਰਮਿਟ ਦਿਵਾ ਦੇਣਗੇ। ਇਸ ਲਈ ਉਨ੍ਹਾਂ ਨੇ 20 ਲੱਖ ਰੁਪਏ ਦੀ ਮੰਗ ਕੀਤੀ ਤੇ ਰਜਿਸਟ੍ਰੇਸ਼ਨ ਫੀਸ ਵਜੋਂ 5 ਹਜ਼ਾਰ ਰੁਪਏ ਜਮ੍ਹਾਂ ਕਰਵਾਉਣ ਲਈ ਕਿਹਾ, ਜੋ ਉਨ੍ਹਾਂ ਆਨਲਾਈਨ ਅਦਾ ਕਰ ਦਿੱਤੇ।

ਇਕ ਹਫ਼ਤੇ ਬਾਅਦ ਦੁਬਾਰਾ ਉਸ ਨੂੰ 5 ਹਜ਼ਾਰ ਰੁਪਏ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ। ਉਸ ਨੇ 7 ਅਕਤੂਬਰ 2023 ਨੂੰ ਪੈਸੇ ਨਕਦ ਦੇ ਦਿੱਤੇ। ਇਮੀਗ੍ਰੇਸ਼ਨ ਕੰਪਨੀ ਮਾਲਕ ਨੇ 50 ਹਜ਼ਾਰ ਰੁਪਏ ਜਮ੍ਹਾਂ ਕਰਵਾਉਣ ਲਈ ਕਿਹਾ, ਜਿਸ ਤੋਂ ਬਾਅਦ ਦੁਬਾਰਾ 1 ਲੱਖ 15 ਹਜ਼ਾਰ ਰੁਪਏ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ। ਜੋ ਉਸ ਨੇ ਉਕਤ ਵਿਅਕਤੀਆਂ ਵੱਲੋਂ ਦਿੱਤੇ ਆਈ.ਸੀ.ਆਈ.ਸੀ.ਆਈ. ਬੈਂਕ ਖਾਤੇ 'ਚ ਜਮ੍ਹਾਂ ਕਰਵਾ ਦਿੱਤੇ। ਇਸ ਤੋਂ ਬਾਅਦ ਮੁਲਜ਼ਮਾਂ ਨੇ ਉਸ ਨੂੰ ਨੂੰਹ ਦੀ ਰਜਿਸਟ੍ਰੇਸ਼ਨ ਫੀਸ ਜਮ੍ਹਾਂ ਕਰਵਾਉਣ ਲਈ ਕਿਹਾ, ਜਿਸ 'ਤੇ ਪੀੜਤ ਨੇ 29 ਦਸੰਬਰ 2023 ਨੂੰ ਗੂਗਲ-ਪੇਅ ਰਾਹੀਂ 5 ਹਜ਼ਾਰ ਰੁਪਏ ਜਮ੍ਹਾਂ ਕਰਵਾ ਦਿੱਤੇ।

6 ਜਨਵਰੀ 2024 ਨੂੰ ਸ਼ਿਕਾਇਤਕਰਤਾ ਨੇ ਆਰ.ਟੀ.ਜੀ.ਐੱਸ. ਜਰੀਏ ਉਪਰੋਕਤ ਬੈਂਕ ਖਾਤੇ 'ਚ 1 ਲੱਖ 15 ਹਜ਼ਾਰ ਰੁਪਏ ਦਾ ਭੁਗਤਾਨ ਕੀਤਾ। ਬੇਟੇ ਤੇ ਨੂੰਹ ਦੇ ਮੈਡੀਕਲ ਲਈ 22 ਹਜ਼ਾਰ ਰੁਪਏ ਜਮ੍ਹਾਂ ਕਰਵਾਏ। ਸ਼ਿਕਾਇਤਕਰਤਾ ਨੇ ਫਲਾਈਵੇਅ ਕੰਸਲਟੈਂਸੀ ਨੂੰ ਕੁੱਲ 3 ਲੱਖ 12 ਹਜ਼ਾਰ ਰੁਪਏ ਜਮ੍ਹਾਂ ਕਰਵਾ ਦਿੱਤੇ। ਇਸ ਤੋਂ ਬਾਅਦ ਕੰਪਨੀ ਮੁਲਾਜ਼ਮਾਂ ਨੇ ਉਸਦਾ ਫੋਨ ਚੁੱਕਣਾ ਬੰਦ ਕਰ ਦਿੱਤਾ। ਗੁਰਵਿੰਦਰ ਸਿੰਘ ਦੇ ਮੋਬਾਈਲ 'ਤੇ ਕਈ ਵਾਰ ਕਾਲ ਕੀਤੀ ਤੇ ਵਾਰ-ਵਾਰ ਬੇਨਤੀ ਕਰਨ 'ਤੇ ਉਸ ਨੇ 26 ਜੁਲਾਈ ਨੂੰ ਵਾਅਦਾ ਕੀਤਾ ਕਿ ਉਹ ਇਕ ਮਹੀਨੇ ਅੰਦਰ-ਅੰਦਰ ਸਾਰੇ ਪੈਸੇ ਵਾਪਸ ਕਰ ਦੇਵੇਗਾ। 26 ਜੁਲਾਈ ਨੂੰ ਵੀ ਸ਼ਿਕਾਇਤਕਰਤਾ ਨੂੰ 45 ਹਜ਼ਾਰ 500 ਰੁਪਏ ਦੇ ਦਿੱਤੇ ਗਏ ਸਨ ਪਰ ਬਾਕੀ 2 ਲੱਖ 66 ਹਜ਼ਾਰ 500 ਰੁਪਏ ਦੀ ਅਦਾਇਗੀ ਨਹੀਂ ਕੀਤੀ ਗਈ। ਉਸ ਨੇ ਮਾਮਲੇ ਦੀ ਸ਼ਿਕਾਇਤ ਪੁਲਿਸ ਨੂੰ ਦਿੱਤੀ।

# ਅਮਰੀਕਾ ਭੇਜਣ ਦੇ ਨਾਂ 'ਤੇ 16 ਲੱਖ ਦੀ ਠੱਗੀ ਹੇਠ ਮਾਂ-ਪੁੱਤ ਖਿਲਾਫ ਮਾਮਲਾ ਦਰਜ

**ਨਵਾਂਸ਼ਹਿਰ, (ਪੰਜਾਬ ਮੇਲ)**- ਥਾਣਾ ਐੱਨ.ਆਰ.ਆਈ. ਦੀ ਪੁਲਿਸ ਨੇ ਸੇਵਾਮੁਕਤ ਪੁਲਿਸ ਮੁਲਾਜ਼ਮ ਦੇ ਪੁੱਤਰ ਨੂੰ ਅਮਰੀਕਾ ਭੇਜਣ ਦੇ ਨਾਂ 'ਤੇ 16 ਲੱਖ ਰੁਪਏ ਦੀ ਠੱਗੀ ਮਾਰਨ ਵਾਲੇ ਮਾਂ-ਪੁੱਤ ਖ਼ਿਲਾਫ਼ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਹੈ। ਵਧੀਕ ਡਿਪਟੀ ਡਾਇਰੈਕਟਰ ਜਨਰਲ ਪੁਲਿਸ ਐੱਨ.ਆਰ.ਆਈ. ਵਿੰਗ ਐੱਸ.ਏ.ਐੱਸ. ਨਗਰ ਦੇ ਨੂੰ ਦਿੱਤੀ ਸ਼ਿਕਾਇਤ ਵਿਚ ਸੇਵਾਮੁਕਤ ਪੁਲਿਸ ਮੁਲਾਜ਼ਮ ਦਰਸ਼ਨ ਲਾਲ ਪੁੱਤਰ ਅਰਜਨ ਦਾਸ ਵਾਸੀ ਪਿੰਡ ਥੋਪੀਆ, ਜ਼ਿਲ੍ਹਾ ਐੱਸ.ਬੀ.ਐੱਸ. ਨਗਰ ਨੇ ਦੱਸਿਆ ਕਿ ਉਹ ਪੰਜਾਬ ਪੁਲਿਸ ਦੀ ਨੌਕਰੀ ਤੋਂ ਮੁਕਤ ਹੋ ਗਿਆ ਹੈ।

ਉਸ ਦੇ 2 ਲੜਕੇ ਅਤੇ ਇਕ ਲੜਕੀ ਹੈ। ਉਹ ਆਪਣੇ ਲੜਕੇ ਸਤਵੀਰ ਸਿੰਘ ਨੂੰ ਵਿਦੇਸ਼ ਭੇਜਣਾ ਚਾਹੁੰਦਾ ਸੀ, ਜਿਸ ਸਬੰਧੀ ਉਸ ਦੀ ਗੱਲਬਾਤ ਇੰਦਰਜੀਤ ਸਿੰਘ ਰਾਣਾ ਅਤੇ ਉਸ ਦੀ ਮਾਤਾ ਕ੍ਰਿਸ਼ਨ ਕਾਂਤਾ ਨਾਲ ਹੋਈ, ਜਿਨ੍ਹਾਂ ਨੂੰ ਉਹ ਪਹਿਲਾਂ ਤੋਂ ਜਾਣਦਾ ਸੀ ਅਤੇ ਜੋ ਲੋਕਾਂ ਨੂੰ ਵਿਦੇਸ਼ ਭੇਜਣ ਦਾ ਕੰਮ ਕਰਦੇ ਸਨ। ਉਸ ਨੇ ਦੱਸਿਆ ਕਿ ਲੜਕੇ ਨੂੰ ਅਮਰੀਕਾ ਭੇਜਣ ਦਾ ਸੌਦਾ 40 ਲੱਖ ਰੁਪਏ 'ਚ ਤੈਅ ਹੋਇਆ ਸੀ, ਜਿਸ ਵਿਚੋਂ ਕੁਝ ਰਕਮ ਐਡਵਾਂਸ ਦੇਣੀ ਸੀ ਅਤੇ ਬਾਕੀ ਰਕਮ ਲੜਕੇ ਦੇ ਵਿਦੇਸ਼ ਪੁੱਜਣ ਤੋਂ ਬਾਅਦ ਦਿੱਤੀ ਜਾਣੀ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਅਹਿਮ ਵਿਅਕਤੀਆਂ ਦੀ ਹਾਜ਼ਰੀ 'ਚ ਉਕਤ ਵਿਅਕਤੀਆਂ ਨੂੰ ਦੋ ਵਾਰ ਕੁੱਲ੍ਹ 16 ਲੱਖ ਰੁਪਏ ਦਿੱਤੇ।

ਉਸ ਨੇ ਦੱਸਿਆ ਕਿ ਉਕਤ ਏਜੰਟਾਂ ਨੇ ਉਸ ਦੇ ਲੜਕੇ ਨੂੰ 6 ਜਨਵਰੀ 2024 ਨੂੰ ਦੁਬਈ ਭੇਜ ਦਿੱਤਾ। ਇਸ ਤੋਂ ਬਾਅਦ ਉਸ ਨੂੰ ਇਥੋਪੀਆ ਅਤੇ ਬਾਅਦ ਵਿਚ ਡਕਾਰ ਭੇਜ ਦਿੱਤਾ ਗਿਆ। ਕਰੀਬ ਇਕ ਮਹੀਨਾ ਉੱਥੇ ਰਹਿਣ ਤੋਂ ਬਾਅਦ ਉਸ ਨੂੰ ਭਾਰਤ ਪਰਤਣਾ ਪਿਆ। ਸ਼ਿਕਾਇਤ ਕਰਤਾ ਨੇ ਦੱਸਿਆ ਕਿ ਉਕਤ ਏਜੰਟਾਂ ਨੇ ਉਸ ਦੇ ਲੜਕੇ ਨੂੰ ਅਮਰੀਕਾ ਨਹੀਂ ਭੇਜਿਆ ਅਤੇ ਨਾ ਹੀ ਹੁਣ ਪੈਸੇ ਵਾਪਸ ਕਰ ਰਹੇ ਹਨ। ਉਨ੍ਹਾਂ ਵਧੀਕ ਡਿਪਟੀ ਡਾਇਰੈਕਟਰ ਜਨਰਲ ਪੁਲਿਸ ਐੱਨ.ਆਰ.ਆਈ. ਵਿੰਗ ਨੂੰ ਦਿੱਤੀ ਸ਼ਿਕਾਇਤ ਵਿਚ ਉਕਤ ਦੋਸ਼ੀਆਂ ਖ਼ਿਲਾਫ਼ ਕਾਨੂੰਨ ਅਨੁਸਾਰ ਕਾਰਵਾਈ ਕਰਨ ਅਤੇ ਉਸ ਦੀ ਰਕਮ ਵਾਪਸ ਕਰਵਾਉਣ ਦੀ ਮੰਗ ਕੀਤੀ ਹੈ।

ਡੀ.ਐੱਸ.ਪੀ. ਪੱਧਰ ਦੇ ਅਧਿਕਾਰੀ ਵੱਲੋਂ ਉਕਤ ਸ਼ਿਕਾਇਤ ਦੀ ਪੜਤਾਲ ਕਰਨ ਉਪਰੰਤ ਦਿੱਤੀ ਗਈ ਨਤੀਜਾ ਰਿਪੋਰਟ ਦੇ ਆਧਾਰ 'ਤੇ ਥਾਣਾ ਨਵਾਂਸ਼ਹਿਰ ਦੀ ਪੁਲਿਸ ਨੇ ਦੋਸ਼ੀ ਇੰਦਰਜੀਤ ਸਿੰਘ ਰਾਣਾ ਪੁੱਤਰ ਰਾਜਿੰਦਰ ਸਿੰਘ ਅਤੇ ਕ੍ਰਿਸ਼ਨਾ ਕਾਂਤਾ ਪਤਨੀ ਰਾਜਿੰਦਰ ਸਿੰਘ ਨੂੰ ਧਾਰਾ 406, 420, 120-ਬੀ ਧਾਰਾ 24 ਇੰਮੀਗ੍ਰੇਸ਼ਨ ਐਕਟ 1983 ਵਾਸੀ ਪਿੰਡ ਸਮੁੰਦੜਾ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਇੰਗਲੈਂਡ 'ਚ ਗ੍ਰੰਥੀ ਨੇ 40 ਸਾਲਾਂ ਬਾਅਦ ਬੱਚਿਆਂ ਦਾ ਸ਼ੋਸ਼ਣ ਕਰਨ ਦੇ ਦੋਸ਼ ਕਬੂਲੇ


**ਲੰਡਨ, (ਪੰਜਾਬ ਮੇਲ)**- ਇੰਗਲੈਂਡ ਦੇ ਸ਼ਹਿਰ ਹਿਚਨ, ਹਰਟਫੋਰਡਸ਼ਾਇਰ ਵਿਚ ਗ੍ਰੰਥੀ ਵਜੋਂ ਕੰਮ ਕਰਦੇ ਮੱਖਣ ਸਿੰਘ ਮੌਜੀ ਨਾਮ ਦੇ ਵਿਅਕਤੀ ਨੇ 40 ਸਾਲਾਂ ਬਾਅਦ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਸਰੀਰਕ ਸ਼ੋਸ਼ਣ ਕਰਨ ਦੇ ਦੋਸ਼ ਕਬੂਲੇ ਹਨ। ਅਦਾਲਤ ਵਿਚ ਦੱਸਿਆ ਗਿਆ ਕਿ ਮੌਜੀ ਨੇ 1983 ਤੋਂ 1987 ਦਰਮਿਆਨ ਬੱਚਿਆਂ ਨਾਲ ਸ਼ੋਸ਼ਣ ਕੀਤਾ। ਪੁਲਿਸ ਨੇ ਕਿਹਾ ਕਿ ਮੱਖਣ ਸਿੰਘ ਮੌਜੀ ਵਾਸੀ ਨੌਰਥ ਪ੍ਰਾਇਅਰਜ਼ ਕੋਰਟ, ਨੌਰਥੈਂਪਟਨ ਇਕ ਗ੍ਰੰਥੀ ਸੀ, ਜਿਸ ਨੇ ਪੀੜਤਾਂ ਨੂੰ ਨਿਸ਼ਾਨਾ ਬਣਾਇਆ। 71 ਸਾਲਾ ਮੱਖਣ ਸਿੰਘ ਨੂੰ 13 ਜਿਨਸੀ ਅਪਰਾਧਾਂ ਲਈ ਦੋਸ਼ੀ ਮੰਨਿਆ ਅਤੇ 20 ਦਸੰਬਰ ਨੂੰ ਕੈਂਬ੍ਰਿਜ ਕ੍ਰਾਊਨ ਕੋਰਟ 'ਚ ਸਜ਼ਾ ਸੁਣਾਈ ਜਾਵੇਗੀ। ਅਦਾਲਤ ਨੇ ਮੌਜੀ ਨੂੰ ਸਜ਼ਾ ਸੁਣਾਉਣ ਤੋਂ ਪਹਿਲਾਂ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਹੈ ਤੇ ਨਾਲ ਹੀ ਪਾਸਪੋਰਟ ਸੌਂਪਣ ਦੇ ਆਦੇਸ਼ ਦਿੱਤੇ ਹਨ ਤਾਂ ਕਿ ਉਹ ਦੇਸ਼ ਛੱਡ ਕੇ ਭੱਜ ਨਾ ਸਕੇ।

# ਮੰਗਲ ਗ੍ਰਹਿ 'ਤੇ ਸ਼ੁਰੂ ਤੋਂ ਹੀ ਸੀ ਪਾਣੀ !

**■ 4.45 ਅਰਬ ਸਾਲ ਪੁਰਾਣੇ ਕ੍ਰਿਸਟਲ ਤੋਂ ਹੋਇਆ ਖੁਲਾਸਾ**

**ਪਰਥ, (ਪੰਜਾਬ ਮੇਲ)**-ਧਰਤੀ 'ਤੇ ਹਰ ਥਾਂ ਪਾਣੀ ਮੌਜੂਦ ਹੈ। ਧਰਤੀ ਦੀ ਸਤ੍ਹਾ ਦਾ ਲਗਭਗ 70 ਫੀਸਦੀ ਹਿੱਸਾ ਪਾਣੀ ਨਾਲ ਢੱਕਿਆ ਹੋਇਆ ਹੈ। ਪਾਣੀ ਹਵਾ, ਸਤ੍ਹਾ ਅਤੇ ਚਟਾਨਾਂ ਅੰਦਰ ਮੌਜੂਦ ਹੁੰਦਾ ਹੈ। ਭੂ-ਵਿਗਿਆਨਕ ਸਬੂਤ ਇਹ ਸੰਕੇਤ ਦਿੰਦੇ ਹਨ ਕਿ ਧਰਤੀ 'ਤੇ ਪਾਣੀ ਲਗਭਗ 4.3 ਅਰਬ ਸਾਲ ਪਹਿਲਾਂ ਤੋਂ ਮੌਜੂਦ ਹੈ।

ਮੰਗਲ ਗ੍ਰਹਿ 'ਤੇ ਪਾਣੀ ਦਾ ਇਤਿਹਾਸ ਬਹੁਤ ਅਨਿਸ਼ਚਿਤ ਹੈ। ਇਹ ਨਿਰਧਾਰਤ ਕਰਨਾ ਕਿ ਕਦੋਂ, ਕਿੱਥੇ ਅਤੇ ਕਿੰਨੀ ਦੇਰ ਤੱਕ ਪਾਣੀ ਪਹਿਲੀ ਵਾਰ ਦੇਖਿਆ ਗਿਆ, ਇਹ ਸਾਰੇ ਮੰਗਲ 'ਤੇ ਖੋਜ ਨੂੰ ਚਲਾਉਣ ਵਾਲੇ ਭਖਦੇ ਸਵਾਲ ਹਨ। ਜੇਕਰ ਮੰਗਲ ਗ੍ਰਹਿ 'ਤੇ ਕਦੇ



ਜੀਵਨ ਸੰਭਵ ਹੁੰਦਾ, ਤਾਂ ਉਥੇ ਕੁਝ ਮਾਤਰਾ 'ਚ ਪਾਣੀ ਦੀ ਲੋੜ ਹੁੰਦੀ। ਮੰਗਲ ਤੋਂ ਇਕ ਉਲਕਾਪਿੰਡ 'ਚ ਮੌਜੂਦ ਖਣਿਜ ਜ਼ੀਰਕੋਨ ਦਾ ਅਧਿਐਨ ਕੀਤਾ, ਤਾਂ ਦੇਖਿਆ ਕਿ ਜਦੋਂ 4.45 ਅਰਬ ਸਾਲ ਪਹਿਲਾਂ ਜ਼ੀਰਕੋਨ ਕ੍ਰਿਸਟਲ ਬਣਿਆ ਸੀ, ਤਾਂ ਉਥੇ ਪਾਣੀ ਮੌਜੂਦ ਸੀ। ਸਾਇੰਸ ਐਡਵਾਂਸਜ਼ ਜਰਨਲ 'ਚ ਪ੍ਰਕਾਸ਼ਿਤ ਹੋਏ ਨਤੀਜੇ ਮੰਗਲ 'ਤੇ ਪਾਣੀ ਦੇ ਸਭ ਤੋਂ ਪੁਰਾਣੇ ਸਬੂਤ ਪ੍ਰਦਾਨ ਕਰ ਸਕਦੇ ਹਨ।

ਇਹ ਲੰਬੇ ਸਮੇਂ ਤੋਂ ਮੰਨਿਆ ਜਾਂਦਾ ਰਿਹਾ ਹੈ ਕਿ ਮੰਗਲ ਗ੍ਰਹਿ ਦੇ ਸ਼ੁਰੂਆਤੀ ਇਤਿਹਾਸ 'ਚ ਪਾਣੀ ਨੇ ਇਕ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਧਰਤੀ ਵਾਂਗ ਮੰਗਲ ਗ੍ਰਹਿ ਵੀ ਲਗਭਗ 4.5 ਅਰਬ ਸਾਲ ਪਹਿਲਾਂ ਬਣਿਆ ਸੀ। ਮੰਗਲ 'ਤੇ ਪਾਣੀ ਦੇ ਸਬੂਤ ਸਭ ਤੋਂ ਪਹਿਲਾਂ 1970 ਦੇ ਦਹਾਕੇ ਵਿਚ ਮਿਲੇ ਸਨ, ਜਦੋਂ ਨਾਸਾ ਦੇ ਮੈਰੀਨਰ 9 ਪੁਲਾੜ ਯਾਨ ਨੇ ਮੰਗਲ ਦੀ ਸਤ੍ਹਾ 'ਤੇ ਨਦੀਆਂ ਦੀਆਂ ਘਾਟੀਆਂ ਦੀ ਫੋਟੋ ਖਿੱਚੀ ਸੀ। ਬਾਅਦ 'ਚ ਆਰਬਿਟਲ ਮਿਸ਼ਨਾਂ, ਜਿਸ 'ਚ ਮਾਰਸ ਗਲੋਬਲ ਸਰਵੇਅਰ ਅਤੇ ਮਾਰਸ ਐਕਸਪ੍ਰੈੱਸ ਸ਼ਾਮਲ ਹਨ, ਨੇ ਸਤ੍ਹਾ 'ਤੇ ਹਾਈਡਰੇਟਿਡ ਮਿੱਟੀ ਦੇ ਖਣਿਜਾਂ ਦੀ ਵਿਆਪਕ ਮੌਜੂਦਗੀ ਦੀ ਖੋਜ ਕੀਤੀ।

# ਜਲਵਾਯੂ ਸੰਕਟ ਨਾਲ ਲੜਨ ਲਈ 'ਵਿੱਤ' ਤਿੰਨ ਗੁਣਾ ਕਰਨ 'ਤੇ ਸਹਿਮਤੀ

**ਬਾਕੂ, (ਪੰਜਾਬ ਮੇਲ)**- ਜਲਵਾਯੂ ਪਰਿਵਰਤਨ 'ਤੇ ਸੰਯੁਕਤ ਰਾਸ਼ਟਰ ਦੀ 29ਵੀਂ ਕਾਨਫਰੰਸ (ਸੀ.ਓ.ਪੀ.29) ਨੇ ਜਲਵਾਯੂ ਸੰਕਟ ਨਾਲ ਲੜਨ ਲਈ ਵਿਕਾਸਸ਼ੀਲ ਦੇਸ਼ਾਂ ਲਈ ਜਨਤਕ ਵਿੱਤ ਨੂੰ ਤਿੰਨ ਗੁਣਾ ਕਰਨ 'ਤੇ ਸਹਿਮਤੀ ਦਿੱਤੀ ਹੈ। ਇਹ ਸੰਮੇਲਨ ਐਤਵਾਰ ਨੂੰ ਅਜ਼ਰਬਾਈਜਾਨ ਦੀ ਰਾਜਧਾਨੀ ਬਾਕੂ 'ਚ ਸਮਾਪਤ ਹੋਇਆ। ਇਸ ਸਮਝੌਤੇ ਤਹਿਤ ਵਿਕਸਿਤ ਦੇਸ਼ 2035 ਤੱਕ ਵਿਕਾਸਸ਼ੀਲ ਦੇਸ਼ਾਂ ਨੂੰ ਹਰ ਸਾਲ 300 ਬਿਲੀਅਨ ਡਾਲਰ ਦੀ ਵਿੱਤੀ ਸਹਾਇਤਾ ਪ੍ਰਦਾਨ ਕਰਨਗੇ। ਇਹ ਸਹਾਇਤਾ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਨੂੰ ਘਟਾਉਣ ਅਤੇ ਜਲਵਾਯੂ ਪਰਿਵਰਤਨ ਕਾਰਨ ਹੋਣ ਵਾਲੀਆਂ ਆਫ਼ਤਾਂ ਨਾਲ ਨਜਿੱਠਣ ਵਿਚ ਮਦਦ ਕਰੇਗੀ।

ਸੰਮੇਲਨ ਦੇ ਸਮਾਪਤੀ ਸੈਸ਼ਨ 'ਚ ਸੰਯੁਕਤ ਰਾਸ਼ਟਰ ਦੇ ਜਲਵਾਯੂ ਪਰਿਵਰਤਨ ਕਾਰਜਕਾਰੀ ਸਕੱਤਰ




ਸਾਈਮਨ ਸਟਿਲ ਨੇ ਕਿਹਾ ਕਿ ਦੇਸ਼ ਜਨਤਕ ਅਤੇ ਨਿੱਜੀ ਸਰੋਤਾਂ ਤੋਂ ਵਿਕਾਸਸ਼ੀਲ ਦੇਸ਼ਾਂ ਨੂੰ ਸਹਾਇਤਾ ਪ੍ਰਦਾਨ ਕਰੇਗਾ। ਇਹ 2035 ਤੱਕ 1.3 ਟ੍ਰਿਲੀਅਨ ਅਮਰੀਕੀ ਡਾਲਰ ਤੱਕ ਵਿੱਤ ਵਧਾਉਣ ਲਈ ਸਾਰੇ ਸਹਿਯੋਗੀ ਦੇਸ਼ਾਂ ਦੁਆਰਾ ਮਿਲ ਕੇ ਕੰਮ ਕਰਨ ਦੇ ਯਤਨਾਂ ਨੂੰ ਯਕੀਨੀ ਬਣਾਏਗਾ। ਸਟੇਲ ਨੇ ਕਿਹਾ, "ਇਹ ਨਵਾਂ ਵਿੱਤ ਟੀਚਾ ਮਨੁੱਖਤਾ ਲਈ ਇੱਕ ਬੀਮਾ ਪਾਲਿਸੀ ਹੈ, ਜੋ ਹਰ ਦੇਸ਼ ਵਿਚ ਵਿਗੜ ਰਹੇ ਜਲਵਾਯੂ ਪ੍ਰਭਾਵਾਂ ਦੇ ਵਿਚਕਾਰ ਕੰਮ ਕਰੇਗਾ। ਪਰ ਕਿਸੇ ਵੀ ਬੀਮਾ ਪਾਲਿਸੀ ਦੀ ਤਰ੍ਹਾਂ, ਇਹ ਤਾਂ ਹੀ ਕੰਮ ਕਰਦਾ ਹੈ, ਜੇਕਰ ਪ੍ਰੀਮੀਅਮ ਦਾ ਪੂਰਾ ਅਤੇ ਸਮੇਂ 'ਤੇ ਭੁਗਤਾਨ ਕੀਤਾ ਜਾਂਦਾ ਹੈ। ਅਰਬਾਂ ਲੋਕਾਂ ਦੀ ਸੁਰੱਖਿਆ ਲਈ ਕੀਤੇ ਵਾਅਦੇ ਪੂਰੇ ਹੋਣੇ ਚਾਹੀਦੇ ਹਨ।"

ਇਹ ਸਵੱਛ ਊਰਜਾ ਨੂੰ ਵਧਾਉਣਾ ਜਾਰੀ ਰੱਖੇਗਾ, ਸਾਰੇ ਦੇਸ਼ਾਂ ਨੂੰ ਇਸਦੇ ਵੱਡੇ ਲਾਭ ਸਾਂਝੇ ਕਰਨ ਵਿਚ ਮਦਦ ਕਰੇਗਾ, ਜਿਵੇਂ ਵਧੇਰੇ ਨੌਕਰੀਆਂ ਪੈਦਾ ਕਰਨਾ, ਮਜ਼ਬੂਤ ਵਿਕਾਸ, ਸਾਰਿਆਂ ਲਈ ਕਿਫਾਇਤੀ ਅਤੇ ਸਾਫ਼ ਊਰਜਾ। ਅੰਤਰਰਾਸ਼ਟਰੀ ਊਰਜਾ ਏਜੰਸੀ ਨੂੰ ਉਮੀਦ ਹੈ ਕਿ 2024 ਵਿਚ ਪਹਿਲੀ ਵਾਰ ਗਲੋਬਲ ਕਲੀਨ ਐਨਰਜੀ ਨਿਵੇਸ਼ 2 ਟ੍ਰਿਲੀਅਨ ਅਮਰੀਕੀ ਡਾਲਰ ਤੋਂ ਵੱਧ ਜਾਵੇਗਾ। ਸਟੈਲ ਨੇ ਕਿਹਾ, "ਸੀ.ਓ.ਪੀ.29 ਵਿਚ ਦੋ ਜੀ20 ਦੇਸ਼ਾਂ - ਯੂ.ਕੇ. ਅਤੇ ਬ੍ਰਾਜ਼ੀਲ ਨੇ ਸਪੱਸ਼ਟ ਤੌਰ 'ਤੇ ਸੰਕੇਤ ਦਿੱਤਾ ਕਿ ਉਹ ਆਪਣੇ ਐੱਨ.ਡੀ.ਸੀ. 3.0 ਵਿਚ ਜਲਵਾਯੂ ਕਾਰਵਾਈ ਨੂੰ ਤੇਜ਼ ਕਰਨ ਦੀ ਯੋਜਨਾ ਬਣਾਉਂਦੇ ਹਨ, ਕਿਉਂਕਿ ਉਹ ਪੂਰੀ ਤਰ੍ਹਾਂ ਵਿਸ਼ਵਾਸ ਕਰਦੇ ਹਨ ਕਿ ਉਹ ਉਨ੍ਹਾਂ ਦੀ ਆਰਥਿਕਤਾ ਅਤੇ ਲੋਕਾਂ ਦੇ ਹਿੱਤ ਵਿਚ ਹਨ।

# ਦੁਨੀਆਂ ਦੇ ਟਾਪ-20 ਅਮੀਰਾਂ ਦੀ ਸੂਚੀ ਤੋਂ ਬਾਹਰ ਹੋਏ ਅਡਾਨੀ

**ਨਵੀਂ ਦਿੱਲੀ, (ਪੰਜਾਬ ਮੇਲ)-** ਰਿਸ਼ਵਤ ਦੇਣ ਅਤੇ ਧੋਖਾਦੇਹੀ ਦੇ ਦੋਸ਼ 'ਚ ਅਮਰੀਕੀ ਅਦਾਲਤ ਨੇ ਵੀਰਵਾਰ ਨੂੰ ਅਡਾਨੀ ਗਰੁੱਪ ਦੇ ਚੇਅਰਮੈਨ ਗੌਤਮ ਅਡਾਨੀ ਖਿਲਾਫ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਸੀ। ਇਸ ਤੋਂ ਬਾਅਦ ਅਡਾਨੀ ਦੀਆਂ ਸਾਰੀਆਂ ਕੰਪਨੀਆਂ ਦੇ ਸ਼ੇਅਰ ਧੜੱਮ ਹੋ ਗਏ ਸਨ। ਵੀਰਵਾਰ ਨੂੰ ਇਨ੍ਹਾਂ ਦੀਆਂ ਸਾਰੀਆਂ ਕੰਪਨੀਆਂ ਦਾ ਮਾਰਕੀਟ ਕੈਪ ਲੱਗਭਗ ਢਾਈ ਲੱਖ ਕਰੋੜ ਰੁਪਏ ਡਿੱਗ ਗਿਆ ਸੀ। ਅਗਲੇ ਦਿਨ ਸ਼ੁੱਕਰਵਾਰ ਨੂੰ ਸਵੇਰੇ ਵੀ ਸਾਰੇ ਸ਼ੇਅਰ ਲਾਲ ਨਿਸ਼ਾਨ 'ਤੇ ਸਨ। ਹਾਲਾਂਕਿ ਸ਼ਾਮ ਨੂੰ ਕਈਆਂ ਨੇ ਰਿਕਵਰੀ ਕਰ ਲਈ ਸੀ ਪਰ ਇਸ ਨਾਲ ਅਡਾਨੀ ਦੀ ਨੈੱਟਵਰਥ ਨੂੰ ਕਾਫ਼ੀ ਨੁਕਸਾਨ ਹੋਇਆ ਹੈ। ਇਸ ਝਟਕੇ ਕਾਰਨ ਅਡਾਨੀ ਦੀ ਨੈੱਟਵਰਥ 'ਚ ਭਾਰੀ ਕਮੀ ਆਈ ਹੈ। ਬਲੂਮਬਰਗ ਬਿਲੇਨੀਅਰਜ਼ ਇੰਡੈਕਸ 'ਚ ਅਡਾਨੀ ਦਾ ਨੰਬਰ ਕਾਫ਼ੀ ਡਿੱਗ ਗਿਆ ਹੈ। ਉਹ ਦੁਨੀਆਂ ਦੇ ਟਾਪ-20 ਅਮੀਰਾਂ ਤੋਂ ਬਾਹਰ ਹੋ ਗਏ ਹਨ। ਇਸ ਇੰਡੈਕਸ ਮੁਤਾਬਕ ਅਡਾਨੀ ਦੀ ਨੈੱਟਵਰਥ 'ਚ ਪਿਛਲੇ ਦੋ ਦਿਨਾਂ 'ਚ 14 ਬਿਲੀਅਨ ਡਾਲਰ ਤੋਂ ਜ਼ਿਆਦਾ ਦੀ ਕਮੀ ਆਈ ਹੈ।



ਅਮਰੀਕੀ ਅਦਾਲਤ ਦੇ ਹੁਕਮ ਤੋਂ ਪਹਿਲਾਂ ਅਡਾਨੀ ਇਸ ਸੂਚੀ 'ਚ 17ਵੇਂ ਸਥਾਨ 'ਤੇ ਸਨ। ਉਸ ਸਮੇਂ ਅਡਾਨੀ ਦੀ ਨੈੱਟਵਰਥ 85.5 ਬਿਲੀਅਨ ਡਾਲਰ ਸੀ। ਸ਼ਨੀਵਾਰ ਨੂੰ ਤਾਜ਼ਾ ਸੂਚੀ 'ਚ ਅਡਾਨੀ 17ਵੇਂ ਸਥਾਨ ਤੋਂ ਖਿਸਕ ਕੇ 21ਵੇਂ ਸਥਾਨ 'ਤੇ ਆ ਗਏ ਹਨ, ਭਾਵ ਉਹ ਦੁਨੀਆਂ ਦੇ ਟਾਪ-20 ਅਮੀਰਾਂ ਦੀ ਸੂਚੀ ਤੋਂ ਬਾਹਰ ਹੋ ਗਏ ਹਨ। ਬਲੂਮਬਰਗ ਬਿਲੇਨੀਅਰਜ਼ ਇੰਡੈਕਸ ਅਨੁਸਾਰ ਇਨ੍ਹਾਂ ਦੋ ਦਿਨਾਂ 'ਚ ਅਡਾਨੀ ਦੀ ਨੈੱਟਵਰਥ 'ਚ 14.7 ਬਿਲੀਅਨ ਡਾਲਰ ਦੀ ਕਮੀ ਆਈ ਹੈ। ਇਸ ਕਮੀ ਨਾਲ ਹੁਣ ਅਡਾਨੀ ਦੀ ਨੈੱਟਵਰਥ 70.8 ਬਿਲੀਅਨ ਡਾਲਰ ਰਹਿ ਗਈ ਹੈ। 24 ਘੰਟਿਆਂ 'ਚ ਅਡਾਨੀ ਨੂੰ 1.19 ਬਿਲੀਅਨ ਡਾਲਰ ਦਾ ਨੁਕਸਾਨ ਹੋਇਆ ਹੈ।

ਫੋਰਬਸ ਦੀ ਬਿਲੇਨੀਅਰਜ਼ ਲਿਸਟ 'ਚ ਵੀ ਅਡਾਨੀ ਨੂੰ ਭਾਰੀ ਨੁਕਸਾਨ ਹੋਇਆ ਹੈ। ਫੋਰਬਸ ਮੁਤਾਬਕ ਵੀਰਵਾਰ ਨੂੰ ਅਡਾਨੀ ਦੀ ਜਾਇਦਾਦ 'ਚ 17.34 ਫ਼ੀਸਦੀ ਦੀ ਗਿਰਾਵਟ ਆਈ ਸੀ, ਭਾਵ ਅਡਾਨੀ ਦੀ ਜਾਇਦਾਦ ਇਕ ਦਿਨ 'ਚ ਲੱਗਭਗ 12.1 ਬਿਲੀਅਨ ਡਾਲਰ ਡਿੱਗ ਕੇ 57.7 ਬਿਲੀਅਨ ਡਾਲਰ ਰਹਿ ਗਈ ਸੀ। ਇਸ ਗਿਰਾਵਟ ਕਾਰਨ ਅਡਾਨੀ ਫੋਰਬਸ ਦੀ ਰੀਅਲ ਟਾਈਮ ਬਿਲੇਨੀਅਰਜ਼ ਲਿਸਟ 'ਚ 22ਵੇਂ ਸਥਾਨ ਤੋਂ ਖਿਸਕ ਕੇ 25ਵੇਂ ਸਥਾਨ 'ਤੇ ਆ ਗਏ ਸਨ ਪਰ ਸ਼ੁੱਕਰਵਾਰ ਨੂੰ ਅਡਾਨੀ ਨੂੰ ਇਸ ਲਿਸਟ 'ਚ ਹੋਰ ਨੁਕਸਾਨ ਹੋਇਆ। ਸ਼ੁੱਕਰਵਾਰ ਨੂੰ ਉਨ੍ਹਾਂ ਦੀ ਜਾਇਦਾਦ 1.58 ਫ਼ੀਸਦੀ ਡਿੱਗ ਕੇ 56.7 ਬਿਲੀਅਨ ਡਾਲਰ ਰਹਿ ਗਈ। ਅਜਿਹੇ 'ਚ ਸ਼ਨੀਵਾਰ ਨੂੰ ਅਡਾਨੀ ਫੋਰਬਸ ਦੀ ਰੀਅਲ ਟਾਈਮ ਬਿਲੇਨੀਅਰਜ਼ ਲਿਸਟ 'ਚ 25ਵੇਂ ਸਥਾਨ ਤੋਂ ਖਿਸਕ ਕੇ 27ਵੇਂ ਸਥਾਨ 'ਤੇ ਆ ਗਏ ਹਨ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# '84 ਦੰਗੇ ਮਾਮਲਾ : ਟਾਈਟਲਰ ਖ਼ਿਲਾਫ਼ ਕੇਸ 'ਚ ਸਾਬਕਾ ਪੁਲਿਸ ਅਧਿਕਾਰੀਆਂ ਨੂੰ ਸੰਮਨ



**ਨਵੀਂ ਦਿੱਲੀ, (ਪੰਜਾਬ ਮੇਲ)-** ਇਥੋਂ ਦੀ ਅਦਾਲਤ ਨੇ ਕਾਂਗਰਸ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ 'ਚ ਦੋ ਸਾਬਕਾ ਪੁਲਿਸ ਅਧਿਕਾਰੀਆਂ ਨੂੰ ਗਵਾਹ ਵਜੋਂ ਤਲਬ ਕੀਤਾ ਹੈ। ਇਹ ਮਾਮਲਾ 1984 'ਚ ਇਥੇ ਗੁਰਦੁਆਰਾ ਪੁਲ ਬੰਗਸ਼ 'ਚ ਤਿੰਨ ਸਿੱਖਾਂ ਦੀ ਹੱਤਿਆ ਨਾਲ ਜੁੜਿਆ ਹੋਇਆ ਹੈ। ਵਿਸ਼ੇਸ਼ ਸੀ.ਬੀ.ਆਈ. ਜੱਜ ਜਿਤੇਂਦਰ ਸਿੰਘ ਜੋ ਇਕ ਹੋਰ ਗਵਾਹ ਮਨਮੋਹਨ ਕੌਰ ਦਾ ਬਿਆਨ ਦਰਜ ਕਰਨ ਵਾਲੇ ਸਨ, ਨੂੰ ਸੰਘੀ ਜਾਂਚ ਏਜੰਸੀ ਨੇ ਸੂਚਿਤ ਕੀਤਾ ਕਿ ਸੰਮਨ ਉਨ੍ਹਾਂ ਦੇ ਪਤੇ 'ਤੇ ਨਹੀਂ ਭੇਜਿਆ ਜਾ ਸਕਿਆ। ਸੀ. ਬੀ. ਆਈ. ਨੇ ਮਨਮੋਹਨ ਕੌਰ ਨੂੰ ਦੁਬਾਰਾ ਸੰਮਨ ਭੇਜਣ ਲਈ ਸਮਾਂ ਮੰਗਿਆ। ਅਦਾਲਤ ਨੇ ਇਸ ਦੀ ਇਜਾਜ਼ਤ ਦੇ ਦਿੱਤੀ। ਇਸ ਮਗਰੋਂ ਅਦਾਲਤ ਨੇ ਸਾਬਕਾ ਪੁਲਿਸ ਅਧਿਕਾਰੀਆਂ ਧਰਮ ਚੰਦਰਸ਼ੇਖਰ ਅਤੇ ਰਵੀ ਸ਼ਰਮਾ ਨੂੰ ਸੰਮਨ ਜਾਰੀ ਕੀਤੇ ਅਤੇ ਉਨ੍ਹਾਂ ਨੂੰ ਸੁਣਵਾਈ ਦੀ ਅਗਲੀ ਤਰੀਕ 2 ਦਸੰਬਰ ਨੂੰ ਅਦਾਲਤ ਸਾਹਮਣੇ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ। ਟਾਈਟਲਰ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਸਾਹਮਣੇ ਪੇਸ਼ ਹੋਇਆ।

# 10 ਸਾਲ ਲਗਾਤਾਰ, ਲੰਡਨ ਨੂੰ ਚੁਣਿਆ ਗਿਆ ਦੁਨੀਆਂ ਦਾ ਸਰਵੋਤਮ ਸ਼ਹਿਰ

**ਲੰਡਨ, (ਪੰਜਾਬ ਮੇਲ)-** ਲੰਡਨ ਨੂੰ ਲਗਾਤਾਰ 10ਵੇਂ ਸਾਲ ਦੁਨੀਆਂ ਦੇ ਸਰਵੋਤਮ ਸ਼ਹਿਰਾਂ ਦੀ ਸਾਲਾਨਾ ਰੈਂਕਿੰਗ 'ਚ ਸਭ ਤੋਂ ਵਧੀਆ ਸ਼ਹਿਰ ਚੁਣਿਆ ਗਿਆ। ਬ੍ਰਿਟੇਨ ਦੀ ਰਾਜਧਾਨੀ, ਨਿਊਯਾਰਕ, ਪੈਰਿਸ ਅਤੇ ਟੋਕੀਓ ਨੂੰ ਪਿੱਛੇ ਛੱਡ ਕੇ ਸਿਖਰ 'ਤੇ ਬਰਕਰਾਰ ਹੈ। ਰੀਅਲ ਅਸਟੇਟ, ਸੈਰ-ਸਪਾਟਾ ਅਤੇ ਆਰਥਿਕ ਵਿਕਾਸ 'ਚ ਗਲੋਬਲ ਸਲਾਹਕਾਰ ਰੈਜ਼ੋਨੈਂਸ ਵੱਲੋਂ ਤਿਆਰ ਕੀਤੀ ਗਈ ਰੈਂਕਿੰਗ, 1 ਮਿਲੀਅਨ ਤੋਂ ਵੱਧ ਆਬਾਦੀ ਵਾਲੇ ਸ਼ਹਿਰਾਂ ਦਾ ਮੁਲਾਂਕਣ ਕਰਦੀ ਹੈ।



ਇਕ ਸਮਾਚਾਰ ਏਜੰਸੀ ਦੀ ਰਿਪੋਰਟ ਮੁਤਾਬਕ ਰੈਂਕਿੰਗ 'ਚ ਲੰਡਨ ਦਾ ਹਮੇਸ਼ਾ ਦਬਦਬਾ ਰਿਹਾ ਹੈ। ਭਾਵੇਂ ਮੁਲਾਂਕਣ ਦੇ ਮਾਪਦੰਡ ਹਰ ਸਾਲ ਬਦਲਦੇ ਰਹਿੰਦੇ ਹਨ। ਰੈਂਕਿੰਗ ਲੰਡਨ ਦੀ ਵਿਸ਼ਵਵਿਆਪੀ ਅਪੀਲ ਨੂੰ ਦਰਸਾਉਂਦੀ ਹੈ। ਇਹ ਇੱਕ ਅਜਿਹਾ ਸ਼ਹਿਰ ਹੈ, ਜੋ ਸੱਭਿਆਚਾਰਕ ਵਿਰਾਸਤ, ਮਜ਼ਬੂਤ ਵਪਾਰਕ ਬੁਨਿਆਦੀ ਢਾਂਚੇ ਦਾ ਪ੍ਰਤੀਕ ਰਿਹਾ ਹੈ। ਇਸ ਸਾਲ ਦੀ ਰੈਂਕਿੰਗ ਵਿਚ, ਜਨਤਕ ਧਾਰਨਾ ਨੂੰ ਸ਼ਾਮਲ ਕੀਤਾ ਗਿਆ। ਪਹਿਲੀ ਵਾਰ, 30 ਦੇਸ਼ਾਂ ਦੇ 22,000 ਤੋਂ ਵੱਧ ਲੋਕਾਂ ਦੀਆਂ ਜਾਣਕਾਰੀਆਂ ਨੂੰ ਸ਼ਾਮਲ ਕੀਤਾ ਗਿਆ ਅਤੇ ਵਿਸ਼ਲੇਸ਼ਣ ਵਿਚ ਧਾਰਨਾ-ਅਧਾਰਿਤ ਡਾਟਾ ਸ਼ਾਮਲ ਕੀਤਾ ਗਿਆ। ਮੁਲਾਂਕਣ 'ਚ ਕਈ ਹੋਰ ਕਾਰਕਾਂ 'ਤੇ ਵਿਚਾਰ ਕੀਤਾ ਗਿਆ, ਜਿਸ ਵਿਚ ਵਾਤਾਵਰਣ ਦੀ ਗੁਣਵੱਤਾ, ਸੱਭਿਆਚਾਰਕ ਜੀਵਨ, ਭੋਜਨ, ਨਾਈਟ ਲਾਈਫ, ਖਰੀਦਦਾਰੀ ਅਤੇ ਵਪਾਰਕ ਬੁਨਿਆਦੀ ਢਾਂਚਾ ਸ਼ਾਮਲ ਹੈ। ਇਸ ਵਿਚ ਖੇਤਰੀ ਹਵਾਈ ਅੱਡੇ ਦੀ ਕਨੈਕਟੀਵਿਟੀ ਅਤੇ ਯੂਨੀਵਰਸਿਟੀਆਂ ਦੀ ਗੁਣਵੱਤਾ ਦਾ ਵੀ ਮੁਲਾਂਕਣ ਕੀਤਾ ਗਿਆ। ਰੇਜ਼ੋਨੈਂਸ ਦੇ ਪ੍ਰਧਾਨ ਅਤੇ ਸੀ.ਈ.ਓ. ਕ੍ਰਿਸ ਫੇਅਰ ਕਿਹਾ ਕਿ ਲੋਕ ਅੱਗੇ ਵੱਧ ਰਹੇ ਹਨ ਅਤੇ ਪਲਾਇਨ ਕਰ ਰਹੇ ਹਨ। ਮਹਾਮਾਰੀ ਦੌਰਾਨ ਇਹ ਰੁਝਾਨ ਹੋਰ ਵੱਧ ਗਿਆ। ਲੋਕ ਨਾ ਸਿਰਫ਼ ਕਿਫਾਇਤੀ ਸਗੋਂ ਮਨਮੋਹਕ ਸਥਾਨਾਂ ਦੀ ਵੀ ਤਲਾਸ਼ ਕਰ ਰਹੇ ਹਨ। ਨਤੀਜੇ ਦਰਸਾਉਂਦੇ ਹਨ ਕਿ ਦੁਨੀਆਂ ਭਰ ਦੇ ਲੋਕ ਸਭ ਤੋਂ ਵੱਡੇ ਸ਼ਹਿਰਾਂ ਵਿਚ ਰਹਿਣ, ਘੁੰਮਣ ਅਤੇ ਕੰਮ ਕਰਨ ਦੀ ਇੱਛਾ ਰੱਖਦੇ ਹਨ।

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਪੰਜਾਬ ਜ਼ਿਮਨੀ ਚੋਣਾਂ 'ਚ 3266 ਵੋਟਰਾਂ ਨੇ ਸਾਰੇ ਉਮੀਦਵਾਰਾਂ ਨੂੰ ਨਕਾਰਿਆ

**■ 30 ਉਮੀਦਵਾਰਾਂ ਨੂੰ ਪਈਆਂ 'ਨੋਟਾ' ਨਾਲੋਂ ਵੀ ਘੱਟ ਵੋਟਾਂ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ 'ਤੇ ਬੀਤੇ ਦਿਨੀਂ ਹੋਈਆਂ ਜ਼ਿਮਨੀ ਚੋਣਾਂ ਵਿਚ 3266 ਵੋਟਰਾਂ ਨੇ ਆਮ ਆਦਮੀ ਪਾਰਟੀ, ਕਾਂਗਰਸ ਤੇ ਭਾਜਪਾ ਉਮੀਦਵਾਰਾਂ ਸਮੇਤ ਕੁੱਲ 45 ਉਮੀਦਵਾਰਾਂ ਨੂੰ ਨਕਾਰ ਦਿੱਤਾ ਹੈ। ਇਨ੍ਹਾਂ ਵਿਚੋਂ 30 ਉਮੀਦਵਾਰ ਅਜਿਹੇ ਸਨ, ਜਿਨ੍ਹਾਂ ਨੂੰ 'ਨੋਟਾ' (ਉਪਰੋਕਤ ਵਿਚੋਂ ਕੋਈ ਨਹੀਂ) ਤੋਂ ਵੀ ਘੱਟ ਵੋਟਾਂ ਪਈਆਂ ਹਨ। ਗਿੱਦੜਬਾਹਾ, ਚੱਬੇਵਾਲ, ਡੇਰਾ ਬਾਬਾ ਨਾਨਕ ਤੇ ਬਰਨਾਲਾ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਦੌਰਾਨ 'ਆਪ', ਕਾਂਗਰਸ, ਭਾਜਪਾ ਤੇ ਆਜ਼ਾਦ ਉਮੀਦਵਾਰ ਵਜੋਂ ਕੁੱਲ 45 ਉਮੀਦਵਾਰ ਮੈਦਾਨ ਵਿਚ ਸਨ।

ਜਾਣਕਾਰੀ ਅਨੁਸਾਰ ਵਿਧਾਨ ਸਭਾ ਹਲਕਾ ਗਿੱਦੜਬਾਹਾ ਵਿਚ 889 ਵੋਟਾਂ 'ਨੋਟਾ' ਦੇ ਖਾਤੇ ਗਈਆਂ। ਇਸ ਹਲਕੇ ਤੋਂ ਕੁੱਲ 14 ਉਮੀਦਵਾਰ ਚੋਣ ਮੈਦਾਨ ਵਿਚ ਸਨ, ਜਿਸ ਵਿਚੋਂ 11 ਉਮੀਦਵਾਰਾਂ ਨੂੰ 'ਨੋਟਾ' ਨਾਲੋਂ ਘੱਟ ਵੋਟਾਂ ਪਈਆਂ ਹਨ। ਵਿਧਾਨ ਸਭਾ ਹਲਕਾ ਬਰਨਾਲਾ ਤੋਂ 'ਨੋਟਾ' ਨੂੰ 618 ਵੋਟਾਂ ਪਈਆਂ। ਇਸ ਹਲਕੇ ਤੋਂ 14 ਉਮੀਦਵਾਰ ਚੋਣ ਮੈਦਾਨ ਵਿਚ ਸਨ। ਇਸ ਵਿਚੋਂ 9 ਉਮੀਦਵਾਰ 'ਨੋਟਾ' ਤੋਂ 'ਹਾਰ' ਗਏ। ਇਸੇ ਤਰ੍ਹਾਂ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਵਿਚ 85 ਵੋਟਾਂ 'ਨੋਟਾ' ਨੂੰ ਪਈਆਂ। ਇਸ ਹਲਕੇ ਵਿਚ ਕੁੱਲ 11 ਉਮੀਦਵਾਰ ਚੋਣ ਮੈਦਾਨ ਵਿਚ ਨਿੱਤਰੇ ਸਨ, ਜਿਸ ਵਿਚੋਂ ਸੱਤ ਉਮੀਦਵਾਰ 'ਨੋਟਾ' ਤੋਂ ਪੱਛੜ ਗਏ। ਇਸ ਦੇ ਨਾਲ ਹੀ ਵਿਧਾਨ ਸਭਾ ਹਲਕਾ ਚੱਬੇਵਾਲ ਵਿਚ 'ਨੋਟਾ' ਨੂੰ 884 ਵੋਟਾਂ ਮਿਲੀਆਂ। ਇਸ ਹਲਕੇ ਵਿਚ ਕੁੱਲ ਛੇ ਵਿਚੋਂ ਤਿੰਨ ਉਮੀਦਵਾਰਾਂ ਨੂੰ 'ਨੋਟਾ' ਨਾਲੋਂ ਘੱਟ ਵੋਟਾਂ ਪਈਆਂ। ਜ਼ਿਕਰਯੋਗ ਹੈ ਕਿ ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ ਵਿਚ ਹੋਈਆਂ ਜ਼ਿਮਨੀ ਚੋਣਾਂ ਦੌਰਾਨ ਚੋਣ ਮੈਦਾਨ ਵਿਚ ਨਿੱਤਰੀਆਂ ਤਿੰਨ ਪ੍ਰਮੁੱਖ ਪਾਰਟੀਆਂ 'ਆਪ', ਕਾਂਗਰਸ ਤੇ ਭਾਜਪਾ ਦੇ ਉਮੀਦਵਾਰਾਂ ਨੂੰ ਹੀ 'ਨੋਟਾ' ਤੋਂ ਵੱਧ ਵੋਟਾਂ ਪਈਆਂ ਹਨ। ਜਦੋਂਕਿ ਆਜ਼ਾਦ ਤੌਰ 'ਤੇ ਚੋਣ ਮੈਦਾਨ ਵਿਚ ਨਿੱਤਰੇ ਜ਼ਿਆਦਾਤਰ ਉਮੀਦਵਾਰ ਤਾਂ ਨੋਟਾ ਤੋਂ ਵੀ ਪੱਛੜ ਗਏ ਹਨ। ਇਸ ਵਿਚੋਂ 28 ਉਮੀਦਵਾਰਾਂ ਨੂੰ 500 ਤੋਂ ਵੀ ਘੱਟ ਅਤੇ ਚਾਰ ਉਮੀਦਵਾਰਾਂ ਨੂੰ 100 ਤੋਂ ਵੀ ਘੱਟ ਵੋਟਾਂ ਪਈਆਂ ਹਨ।

**ਨੋਟਾ ਦੇ ਅੰਕੜੇ**

| | |
|---|---|
| ਗਿੱਦੜਬਾਹਾ | 889 |
| ਬਰਨਾਲਾ | 618 |
| ਚੱਬੇਵਾਲ | 884 |
| ਡੇਰਾ ਬਾਬਾ ਨਾਨਕ | 85 |

# ਜ਼ਿਮਨੀ ਚੋਣਾਂ 'ਚ ਭਾਜਪਾ ਨੂੰ ਸਿੱਖ ਚਿਹਰਿਆਂ ਵਾਲਾ ਦਾਅਪੇਚ ਵੀ ਫਿੱਟ ਨਹੀਂ ਬੈਠਾ



ਮਨਪ੍ਰੀਤ ਸਿੰਘ ਬਾਦਲ, ਸੋਹਣ ਸਿੰਘ ਠੰਡਲ, ਕੇਵਲ ਸਿੰਘ ਢਿੱਲੋਂ

**■ ਕਿਸਾਨ ਜਥੇਬੰਦੀਆਂ ਦਾ ਵਿਰੋਧ ਭਗਵਾ ਪਾਰਟੀ ਲਈ ਬਣਿਆ ਵੱਡਾ ਅੜਿੱਕਾ**

**ਮਾਨਸਾ, (ਪੰਜਾਬ ਮੇਲ)-** ਕੇਂਦਰ 'ਚ ਲਗਾਤਾਰ ਤੀਜੀ ਵਾਰ ਸਰਕਾਰ ਬਣਾਉਣ ਵਾਲੀ ਭਾਜਪਾ ਨੇ ਭਾਵੇਂ ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ ਲਈ ਹੋਈਆਂ ਜ਼ਿਮਨੀ ਚੋਣਾਂ ਵਿਚ ਸਿੱਖ ਚਿਹਰਿਆਂ ਨੂੰ ਮੈਦਾਨ ਵਿਚ ਉਤਾਰਿਆ ਸੀ ਪਰ ਭਗਵਾ ਪਾਰਟੀ ਲਈ ਇਹ ਦਾਅ-ਪੇਚ ਵੀ ਸੂਬੇ 'ਚ ਉਸ ਲਈ ਫਿੱਟ ਨਹੀਂ ਬੈਠ ਸਕੇ।

ਪਾਰਟੀ ਨੂੰ ਮਨਪ੍ਰੀਤ ਸਿੰਘ ਬਾਦਲ ਸਣੇ ਤਿੰਨ ਹਲਕਿਆਂ 'ਚ ਆਪਣੀਆਂ ਜ਼ਮਾਨਤਾਂ ਜ਼ਬਤ ਹੋਣ ਤੋਂ ਬਚਾਉਣ ਦਾ ਮੌਕਾ ਵੀ ਨਹੀਂ ਮਿਲਿਆ। ਭਾਜਪਾ ਨੂੰ ਕਿਸਾਨਾਂ ਦੇ ਲਗਾਤਾਰ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ।

ਬੇਸ਼ੱਕ ਪਾਰਟੀ ਨੇ 2027 ਦੌਰਾਨ ਪੰਜਾਬ ਵਿਚ ਸਰਕਾਰ ਬਣਾਉਣ ਦਾ ਜ਼ਿਮਨੀ ਚੋਣਾਂ ਦੌਰਾਨ ਥਾਂ-ਥਾਂ ਨਾਅਰਾ ਦਿੱਤਾ ਗਿਆ, ਪਰ ਪਾਰਟੀ ਜ਼ਿਮਨੀ ਚੋਣਾਂ ਦੌਰਾਨ ਪੈਰ ਜਮਾਉਣ ਵਿਚ ਬੁਰੀ ਤਰ੍ਹਾਂ ਫੇਲ੍ਹ ਹੋ ਗਈ ਹੈ। ਨਤੀਜਿਆਂ ਮੁਤਾਬਕ ਗਿੱਦੜਬਾਹਾ, ਬਰਨਾਲਾ, ਡੇਰਾ ਬਾਬਾ ਨਾਨਕ ਅਤੇ ਚੱਬੇਵਾਲ ਹਲਕਿਆਂ 'ਚ ਭਾਜਪਾ ਉਮੀਦਵਾਰ ਦੂਜੇ ਨੰਬਰ 'ਤੇ ਵੀ ਨਹੀਂ ਆ ਸਕੇ, ਜਦੋਂ ਕਿ ਇਸ ਦਾ ਪੁਰਾਣਾ ਸਹਿਯੋਗੀ ਸ਼੍ਰੋਮਣੀ ਅਕਾਲੀ ਦਲ ਇਸ ਵਾਰ ਚੋਣ ਮੈਦਾਨ 'ਚੋਂ ਬਾਹਰ ਸੀ। ਬਰਨਾਲਾ ਤੋਂ ਭਾਜਪਾ ਬਰਨਾਲਾ ਤੋਂ ਉਮੀਦਵਾਰ ਕੇਵਲ ਸਿੰਘ ਢਿੱਲੋਂ ਤੀਜੇ ਨੰਬਰ 'ਤੇ ਰਹਿ ਕੇ ਆਪਣੀ ਜ਼ਮਾਨਤ ਬਚਾਉਣ 'ਚ ਸਫ਼ਲ ਹੋਏ ਦੱਸੇ ਜਾਂਦੇ ਹਨ, ਪਰ ਗਿੱਦੜਬਾਹਾ ਤੋਂ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਚੱਬੇਵਾਲ ਤੋਂ ਸਾਬਕਾ ਮੰਤਰੀ ਸੋਹਣ ਸਿੰਘ ਠੰਡਲ, ਡੇਰਾ ਬਾਬਾ ਨਾਨਕ ਤੋਂ ਅਕਾਲੀ ਦਲ ਦੇ ਸਾਬਕਾ ਟਕਸਾਲੀ ਆਗੂ ਰਵੀਕਰਨ ਸਿੰਘ ਕਾਹਲੋਂ ਦੀ ਜ਼ਮਾਨਤ ਜ਼ਬਤ ਹੋ ਗਈ ਹੈ। ਮਨਪ੍ਰੀਤ ਸਿੰਘ ਬਾਦਲ ਨੇ ਆਪਣੇ ਰਵਾਇਤੀ ਵਿਧਾਨ ਸਭਾ ਹਲਕੇ ਗਿੱਦੜਬਾਹਾ ਤੋਂ ਅੰਦਰ ਖਾਤੇ ਲੰਬੇ ਸਮੇਂ ਤੋਂ ਸਰਗਰਮੀਆਂ ਵਿੱਢੀਆਂ ਹੋਈਆਂ ਸਨ। ਉਨ੍ਹਾਂ ਦੀਆਂ ਸਰਗਰਮੀਆਂ ਨੂੰ ਗੰਭੀਰਤਾ ਨਾਲ ਲੈ ਕੇ ਹੀ ਹਰਦੀਪ ਸਿੰਘ ਡਿੰਪੀ ਢਿੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਸਾਥ ਛੱਡ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਸਨ, ਜਿਨ੍ਹਾਂ ਨੂੰ ਮਗਰੋਂ ਹੁਣ ਸੱਤਾਧਾਰੀ 'ਆਪ' ਵੱਲੋਂ ਗਿੱਦੜਬਾਹਾ ਤੋਂ ਉਮੀਦਵਾਰ ਬਣਾਇਆ ਦਿੱਤਾ।

# ਜ਼ਿਮਨੀ ਚੋਣਾਂ 'ਚ 3 ਸੀਟਾਂ ਜਿੱਤਣ ਦੇ ਬਾਵਜੂਦ 'ਆਪ' ਦੇ ਮੁੱਖ ਆਗੂ ਨਿਰਾਸ਼

**ਮਾਨਸਾ, (ਪੰਜਾਬ ਮੇਲ)-** ਪੰਜਾਬ ਵਿਚ ਜ਼ਿਮਨੀ ਚੋਣਾਂ ਦੇ ਆਏ ਨਤੀਜਿਆਂ ਤੋਂ ਬਾਅਦ ਆਮ ਆਦਮੀ ਪਾਰਟੀ ਵੱਲੋਂ 3 ਸੀਟਾਂ 'ਤੇ ਜਿੱਤ ਹਾਸਲ ਕਰਨ ਦੇ ਬਾਵਜੂਦ ਬਰਨਾਲਾ ਵਿਧਾਨ ਸਭਾ ਹਲਕੇ ਤੋਂ ਮਿਲੀ ਹਾਰ ਕਾਰਨ ਪਾਰਟੀ ਦੇ ਮੁੱਖ ਆਗੂ ਨਿਰਾਸ਼ ਨਜ਼ਰ ਆਏ। ਮਾਲਵਾ ਖੇਤਰ 'ਚ ਬੇਸ਼ੱਕ ਸੱਤਾਧਾਰੀ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਨੂੰ ਵੱਡੇ ਅੰਤਰ ਨਾਲ ਮਾਤ ਦਿੱਤੀ ਹੈ ਪਰ 'ਆਪ' ਆਗੂਆਂ ਨੂੰ ਬਰਨਾਲਾ ਤੋਂ ਹਰਿੰਦਰ ਸਿੰਘ ਧਾਲੀਵਾਲ ਦੀ ਹਾਰ ਹਜ਼ਮ ਨਹੀਂ ਹੋ ਰਹੀ। ਬਰਨਾਲਾ 'ਚ ਹੋਈ ਹਾਰ ਨੇ ਪਾਰਟੀ ਦੀਆਂ ਖੁਸ਼ੀਆਂ ਨੂੰ ਮਧੋਲ ਸੁੱਟਿਆ ਹੈ। ਇਸ ਇਲਾਕੇ ਵਿਚ 'ਆਪ' ਦੇ ਆਗੂ ਪਾਰਟੀ ਨੂੰ ਤਿੰਨ ਸੀਟਾਂ 'ਤੇ ਮਿਲੀ ਜਿੱਤ ਲਈ ਕਿਤੇ ਵੀ ਖੁਸ਼ੀਆਂ ਮਨਾਉਂਦੇ ਨਹੀਂ ਵਿਖਾਈ ਦਿੱਤੇ। ਮਾਨਸਾ ਜ਼ਿਲ੍ਹੇ ਦੇ ਤਿੰਨੋਂ ਵਿਧਾਇਕਾਂ ਦੀ ਬਰਨਾਲਾ ਵਿਚ ਪਾਰਟੀ ਉਮੀਦਵਾਰ ਹਰਿੰਦਰ ਸਿੰਘ ਧਾਲੀਵਾਲ ਨੂੰ ਜਿਤਾਉਣ ਲਈ ਵਿਸ਼ੇਸ਼ ਡਿਊਟੀ ਲੱਗੀ ਹੋਈ ਸੀ ਪਰ 'ਆਪ' ਦੇ ਬਾਗ਼ੀ ਉਮੀਦਵਾਰ ਗੁਰਦੀਪ ਬਾਠ ਵੱਲੋਂ 16,899 ਵੋਟਾਂ ਹਾਸਲ ਕਰਨ ਕਾਰਨ 'ਆਪ' ਦਾ ਉਮੀਦਵਾਰ ਹਰਿੰਦਰ ਸਿੰਘ ਧਾਲੀਵਾਲ, ਕਾਂਗਰਸ ਦੇ ਉਮੀਦਵਾਰ ਕੁਲਦੀਪ ਸਿੰਘ ਕਾਲਾ ਢਿੱਲੋਂ 2157 ਵੋਟਾਂ ਦੇ ਅੰਤਰ ਨਾਲ ਹਾਰ ਗਏ ਹਨ। ਦੂਜੇ ਪਾਸੇ ਕਾਂਗਰਸ ਨੂੰ ਭਾਵੇਂ ਗਿੱਦੜਬਾਹਾ ਸਣੇ ਡੇਰਾ ਬਾਬਾ ਨਾਨਕ ਤੋਂ ਮੁੜ ਜਿੱਤਣ ਦੀ ਵੱਡੀ ਉਮੀਦ ਸੀ, ਪਰ ਆਮ ਆਦਮੀ ਪਾਰਟੀ ਵੱਲੋਂ ਲਾਈ ਗਈ ਸੰਨ੍ਹ ਕਾਰਨ ਕਾਂਗਰਸੀਆਂ ਦੇ ਹੌਂਸਲੇ ਪਸਤ ਵਿਖਾਈ ਦਿੱਤੇ। ਕਾਂਗਰਸ ਦੇ ਸੀਨੀਅਰ ਨੇਤਾ ਅਜੀਤਇੰਦਰ ਸਿੰਘ ਮੋਫ਼ਰ ਨੇ ਦੱਸਿਆ ਕਿ ਪਾਰਟੀ ਨੇ ਪੰਜਾਬ ਵਿਚ ਤਿੰਨ ਸੀਟਾਂ ਗਿੱਦੜਬਾਹਾ, ਬਰਨਾਲਾ ਅਤੇ ਡੇਰਾ ਬਾਬਾ ਨਾਨਕ ਤੋਂ ਜਿੱਤ ਯਕੀਨੀ ਮੰਨੀ ਹੋਈ ਸੀ ਪਰ ਹਾਰ ਨੇ ਆਗੂਆਂ ਨੂੰ ਨਿਰਾਸ਼ ਕਰ ਦਿੱਤਾ ਹੈ।

# ਗਿੱਦੜਬਾਹਾ ਚੋਣ ਹਾਰਨ ਤੋਂ ਬਾਅਦ ਮਨਪ੍ਰੀਤ ਬਾਦਲ ਦਾ ਐਲਾਨ

**■ ਕਿਹਾ: ਜੀਵਨ ਦੇ ਅੰਤ ਤੱਕ ਗਿੱਦੜਬਾਹਾ ਦੇ ਲੋਕਾਂ ਵਿਚ ਰਹਾਂਗਾ**
**■ ਰਾਜਾ ਵੜਿੰਗ 'ਤੇ ਵਰ੍ਹੇ ਮਨਪ੍ਰੀਤ**

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਗਿੱਦੜਬਾਹਾ ਜ਼ਿਮਨੀ ਚੋਣ 'ਚ ਹਾਰ ਤੋਂ ਬਾਅਦ ਭਾਜਪਾ ਆਗੂ ਮਨਪ੍ਰੀਤ ਬਾਦਲ ਦਾ ਪ੍ਰਤੀਕਰਮ ਸਾਹਮਣੇ ਆਇਆ ਹੈ। ਮਨਪ੍ਰੀਤ ਨੇ ਕਿਹਾ ਕਿ ਮੈਂ ਕਈ ਸਾਲਾਂ ਬਾਅਦ ਗਿੱਦੜਬਾਹਾ ਤੋਂ ਚੋਣ ਲੜੀ। ਪੁਰਾਣੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਦੋ ਮਹੀਨੇ ਬਹੁਤ ਘੱਟ ਸਮਾਂ ਸੀ। ਇਸ ਲਈ ਮੈਂ ਜਿੱਤ ਨਹੀਂ ਸਕਿਆ। ਮਨਪ੍ਰੀਤ ਨੇ ਐਲਾਨ ਕੀਤਾ ਕਿ ਹੁਣ ਮੈਂ ਜੀਵਨ ਦੇ ਅੰਤ ਤੱਕ ਗਿੱਦੜਬਾਹਾ ਦੇ ਲੋਕਾਂ ਵਿਚ ਰਹਾਂਗਾ। ਉਨ੍ਹਾਂ ਦਾਅਵਾ ਕੀਤਾ ਕਿ 2027 'ਚ ਸੂਬੇ ਵਿਚ ਭਾਜਪਾ ਦੀ ਸਰਕਾਰ ਬਣੇਗੀ ਅਤੇ ਮੈਂ ਗਿੱਦੜਬਾਹਾ ਤੋਂ ਵੀ ਚੋਣ ਜਿੱਤਾਂਗਾ। ਮਨਪ੍ਰੀਤ ਨੇ ਨਵ-ਨਿਯੁਕਤ ਵਿਧਾਇਕ ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ ਵਧਾਈ ਦਿੰਦਿਆਂ ਹਲਕੇ ਦੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦੀ ਅਪੀਲ ਕੀਤੀ। ਮਨਪ੍ਰੀਤ ਬਾਦਲ ਨੇ ਕਿਹਾ ਕਿ ਮੈਨੂੰ ਕੁਝ ਸਾਥੀਆਂ ਨੇ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਅਸੀਂ 2027 'ਚ ਤੁਹਾਨੂੰ ਵੋਟ ਪਾਵਾਂਗੇ। ਇਸ ਵਾਰ ਅਸੀਂ ਰਾਜਾ ਵੜਿੰਗ ਦਾ ਹੰਕਾਰ ਤੋੜਨਾ ਚਾਹੁੰਦੇ ਹਾਂ। ਇਸ ਲਈ ਡਿੰਪੀ ਨੂੰ ਵੋਟ ਪਾਉਣੀ ਪਈ ਹੈ। ਰਾਜਾ ਵੜਿੰਗ 'ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਵੜਿੰਗ ਨੇ ਬਾਦਲ ਪਰਿਵਾਰ ਖ਼ਿਲਾਫ ਬਿਆਨਬਾਜ਼ੀ ਕਰਕੇ ਆਪਣੀ ਸਿਆਸਤ ਚਮਕਾਈ ਹੈ। ਰਾਜਾ ਵੜਿੰਗ ਹਰ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਆਪਣੀ ਪਤਨੀ ਦੀ ਹਾਰ ਨੂੰ ਟਾਲ ਨਹੀਂ ਸਕਿਆ। ਵੜਿੰਗ ਨੇ ਗਿੱਦੜਬਾਹਾ ਦੇ ਲੋਕਾਂ ਲਈ ਕੁਝ ਨਹੀਂ ਕੀਤਾ। ਸਿਰਫ ਆਪਣੀ ਜਾਇਦਾਦ ਬਣਾਈ ਹੈ।

## ਮਨਪ੍ਰੀਤ ਨੇ ਗਿੱਦੜਬਾਹਾ ਤੋਂ ਸ਼ੁਰੂ ਕੀਤਾ ਸੀ ਸਿਆਸੀ ਸਫ਼ਰ

ਮਨਪ੍ਰੀਤ ਸਿੰਘ ਬਾਦਲ ਨੇ ਆਪਣੇ ਸਿਆਸੀ ਸਫਰ ਦੀ ਸ਼ੁਰੂਆਤ ਗਿੱਦੜਬਾਹਾ ਵਿਧਾਨ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਜੋਂ ਕੀਤੀ ਸੀ। ਉਹ ਅਕਾਲੀ-ਭਾਜਪਾ ਗੱਠਜੋੜ ਅਤੇ ਕਾਂਗਰਸ ਦੀ ਸਰਕਾਰ ਸਮੇਂ ਖਜ਼ਾਨਾ ਮੰਤਰੀ ਰਹਿ ਚੁੱਕੇ ਹਨ। ਉਹ 1997, 2002 ਅਤੇ 2007 ਵਿੱਚ ਗਿੱਦੜਬਾਹਾ ਤੋਂ ਵਿਧਾਇਕ ਰਹੇ ਹਨ। ਇਸੇ ਤਰ੍ਹਾਂ ਭਾਜਪਾ ਵੱਲੋਂ ਡੇਰਾ ਬਾਬਾ ਨਾਨਕ ਤੋਂ ਉਮੀਦਵਾਰ ਰਵੀਕਰਨ ਸਿੰਘ ਕਾਹਲੋਂ ਅਕਾਲੀ ਨੇਤਾ ਨਿਰਮਲ ਸਿੰਘ ਕਾਹਲੋਂ ਦੇ ਪੁੱਤਰ ਹਨ। ਉਨ੍ਹਾਂ ਦੇ ਪਿਤਾ ਅਕਾਲੀ-ਭਾਜਪਾ ਸਰਕਾਰ ਦੌਰਾਨ 2007 ਅਤੇ 2012 ਵਿੱਚ ਵਿਧਾਨ ਸਭਾ ਦੇ ਸਪੀਕਰ ਰਹੇ ਹਨ ਅਤੇ ਸਾਬਕਾ ਮੰਤਰੀ ਵੀ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਕੇਵਲ ਸਿੰਘ ਢਿੱਲੋਂ 2007 ਤੇ 2012 'ਚ ਦੋ ਵਾਰ ਬਰਨਾਲਾ ਤੋਂ ਵਿਧਾਇਕ ਰਹਿਣ ਦੇ ਬਾਵਜੂਦ ਇਸ ਜ਼ਿਮਨੀ ਚੋਣ 'ਚ ਤੀਜੇ ਨੰਬਰ 'ਤੇ ਰਹੇ ਹਨ।

# ਜ਼ਿਮਨੀ ਚੋਣਾਂ 'ਚ ਅਕਾਲੀ ਦਲ (ਅ) ਨੂੰ ਨਹੀਂ ਮਿਲਿਆ ਬਹੁਤਾ ਹੁੰਗਾਰਾ

**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੂੰ ਇਨ੍ਹਾਂ ਜ਼ਿਮਨੀ ਚੋਣਾਂ ਵਿਚ ਬਹੁਤਾ ਹੁੰਗਾਰਾ ਨਹੀਂ ਮਿਲ ਸਕਿਆ। ਸੂਬੇ ਵਿਚ ਬਰਗਾੜੀ ਅਤੇ ਬਹਿਬਲ ਕਲਾਂ ਗੋਲੀਕਾਂਡ ਦਾ ਵੱਡਾ ਮੁੱਦਾ ਹਮੇਸ਼ਾ ਸੁਰਖ਼ੀਆਂ ਵਿਚ ਰਿਹਾ ਹੈ ਪਰ ਹਲਕਾ ਗਿੱਦੜਬਾਹਾ ਤੋਂ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਸੁਖਰਾਜ ਕਰਨ ਸਿੰਘ ਨਿਆਮੀਵਾਲਾ ਜੋ ਕਿ ਬਹਿਬਲ ਕਲਾਂ ਗੋਲੀਕਾਂਡ 'ਚ ਸ਼ਹੀਦ ਹੋਏ ਕ੍ਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਹਨ, ਨੂੰ ਸਿਰਫ਼ 715 ਵੋਟਾਂ ਮਿਲੀਆਂ ਹਨ ਜਦੋਂਕਿ ਇਸ ਹਲਕੇ ਵਿਚ 'ਨੋਟਾ' ਨੂੰ 889 ਵੋਟਾਂ ਪਈਆਂ। ਹਲਕਾ ਬਰਨਾਲਾ ਤੋਂ ਸਿਮਰਨਜੀਤ ਸਿੰਘ ਮਾਨ ਦਾ ਦੋਹਤਾ ਗੋਵਿੰਦ ਸਿੰਘ ਸੰਧੂ ਚੋਣ ਮੈਦਾਨ ਵਿਚ ਸੀ, ਜਿਸ ਨੂੰ 7900 ਵੋਟਾਂ ਮਿਲੀਆਂ। ਹਲਕਾ ਡੇਰਾ ਬਾਬਾ ਨਾਨਕ ਤੋਂ ਮਾਨ ਦਲ ਦਾ ਉਮੀਦਵਾਰ ਲਵਪ੍ਰੀਤ ਸਿੰਘ ਤੂਫਾਨ ਸੀ, ਜਿਸ ਨੂੰ 2358 ਵੋਟਾਂ ਪ੍ਰਾਪਤ ਹੋਈਆਂ।

# ਪੰਜਾਬ 'ਚ ਚੋਣਾਂ ਨੂੰ ਲੈ ਕੇ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ !

**ਜਲੰਧਰ, (ਪੰਜਾਬ ਮੇਲ)-** ਬੀਤੇ ਕਰੀਬ 2 ਸਾਲਾਂ ਤੋਂ ਲਟਕੀਆਂ ਹੋਈਆਂ ਨਗਰ ਨਿਗਮ, ਨਗਰ ਕੌਂਸਲ ਤੇ ਨਗਰ ਪੰਚਾਇਤੀ ਚੋਣਾਂ ਦਾ ਰਾਹ ਆਖ਼ਿਰਕਾਰ ਸਾਫ਼ ਹੋ ਗਿਆ ਹੈ। ਇਨ੍ਹਾਂ ਚੋਣਾਂ ਨੂੰ ਲੈ ਕੇ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ।

ਜਾਰੀ ਕੀਤੇ ਗਏ ਨੋਟੀਫਿਕੇਸ਼ਨ ਅਨੁਸਾਰ ਇਹ ਚੋਣਾਂ ਦਸੰਬਰ ਮਹੀਨੇ ਦੇ ਅੰਤ 'ਚ ਕਰਵਾਈਆਂ ਜਾਣਗੀਆਂ। ਪੰਜਾਬ ਦੇ 5 ਨਗਰ-ਨਿਗਮ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ ਤੇ ਫਗਵਾੜਾ 'ਚ ਚੋਣਾਂ ਕਰਵਾਈਆਂ ਜਾਣਗੀਆਂ, ਜਦਕਿ ਬਠਿੰਡਾ, ਬਟਾਲਾ, ਹੁਸ਼ਿਆਰਪੁਰ ਤੇ ਅਬੋਹਰ ਨਿਗਮਾਂ 'ਚ ਜੋ ਸੀਟਾਂ ਕਿਸੇ ਵਜ੍ਹਾ ਕਾਰਨ ਖਾਲੀ ਹੋ ਗਈਆਂ ਸਨ, ਉਨ੍ਹਾਂ 'ਚ ਵੀ ਇਸ ਦੇ ਨਾਲ ਹੀ ਜ਼ਿਮਨੀ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਤਹਿਤ ਹੁਸ਼ਿਆਰਪੁਰ 'ਚ 3, ਜਦਕਿ ਬਾਕੀਆਂ 'ਚ 1-1 ਸੀਟ 'ਤੇ ਵੋਟਾਂ ਪੈਣਗੀਆਂ।

ਹਾਲਾਂਕਿ ਜਾਰੀ ਕੀਤੇ ਗਏ ਨੋਟੀਫਿਕੇਸ਼ਨ 'ਚ ਉਨ੍ਹਾਂ ਤਰੀਕਾਂ ਦਾ ਐਲਾਨ ਨਹੀਂ ਕੀਤਾ ਗਿਆ, ਜਿਨ੍ਹਾਂ ਤਰੀਕਾਂ ਨੂੰ ਪੋਲਿੰਗ ਹੋਣੀ ਹੈ, ਪਰ ਇੰਨਾ ਜ਼ਰੂਰ ਸਾਫ਼ ਕਰ ਦਿੱਤਾ ਗਿਆ ਹੈ ਕਿ ਦਸੰਬਰ ਮਹੀਨੇ ਦੇ ਅਖ਼ੀਰ 'ਚ ਇਹ ਚੋਣਾਂ ਕਰਵਾਈਆਂ ਜਾਣਗੀਆਂ।

ਇਸ ਦੇ ਨਾਲ ਹੀ ਵੱਖਰੇ ਤੌਰ 'ਤੇ ਜਾਰੀ ਨੋਟੀਫਿਕੇਸ਼ਨ 'ਚ ਪੰਜਾਬ ਦੀਆਂ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਲਈ ਵੀ ਚੋਣਾਂ ਦਾ ਐਲਾਨ ਕੀਤਾ ਗਿਆ ਹੈ। ਇਹ ਵੀ ਦਸੰਬਰ ਦੇ ਅਖੀਰ 'ਚ ਕਰਵਾਉਣ ਦੀ ਗੱਲ ਆਖੀ ਗਈ ਹੈ।

ਜ਼ਿਕਰਯੋਗ ਹੈ ਕਿ ਦਸੰਬਰ ਦੇ ਅਖੀਰ 'ਚ ਇਹ ਚੋਣਾਂ ਕਰਵਾਉਣ ਦੀ ਗੱਲ ਤਾਂ ਆਖ਼ੀ ਗਈ ਹੈ, ਪਰ ਦਸੰਬਰ ਦੇ ਆਖ਼ਰੀ ਹਫ਼ਤੇ ਜਿੱਥੇ 25 ਦਸੰਬਰ ਨੂੰ ਕ੍ਰਿਸਮਿਸ ਦਾ ਤਿਉਹਾਰ ਮਨਾਇਆ ਜਾਣਾ ਹੈ, ਉੱਥੇ ਹੀ ਆਖ਼ਰੀ ਹਫ਼ਤੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਵੀ ਮਨਾਇਆ ਜਾਂਦਾ ਹੈ, ਜਿਸ ਕਾਰਨ ਆਖ਼ਰੀ ਹਫ਼ਤੇ 'ਚ ਚੋਣਾਂ ਨਾ ਹੋਣ। ਇਹ ਚੋਣਾਂ 25 ਦਸੰਬਰ ਤੋਂ ਪਹਿਲਾਂ ਹੀ ਮੁਕੰਮਲ ਕਰਵਾ ਲਈਆਂ ਜਾਣ।

# ਭਾਜਪਾ ਤੇ ਕਾਂਗਰਸ ਵਾਂਗ ਪੰਜਾਬ 'ਚ ਹਿੰਦੂ ਵੋਟ ਬੈਂਕ ਸਾਧਣ ਵੱਲ ਤੁਰੀ 'ਆਪ'

**ਚੰਡੀਗੜ੍ਹ, (ਪੰਜਾਬ ਮੇਲ)-** ਆਮ ਆਦਮੀ ਪਾਰਟੀ (ਆਪ) ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਤੋਂ ਪੰਜਾਬ 'ਚ ਪਾਰਟੀ ਦੇ ਪ੍ਰਧਾਨ ਦੀ ਕਮਾਨ ਲੈ ਕੇ ਹਿੰਦੂ ਚਿਹਰੇ ਅਮਨ ਅਰੋੜਾ ਨੂੰ ਪ੍ਰਧਾਨਗੀ ਸੌਂਪ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ ਇਸ ਸਬੰਧੀ ਯੋਜਨਾ ਪਿਛਲੇ ਲੰਮੇ ਸਮੇਂ ਤੋਂ ਪਾਰਟੀ ਵੱਲੋਂ ਤਿਆਰ ਕੀਤੀ ਜਾ ਰਹੀ ਸੀ। 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਅਜਿਹੇ ਬਦਲਾਅ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਸੀ, ਜੋ ਕਿਸੇ ਕਾਰਨ ਉਸ ਵੇਲੇ ਸਿਰੇ ਨਹੀਂ ਚੜ੍ਹ ਸਕਿਆ ਪਰ ਲੋਕ ਸਭਾ ਚੋਣਾਂ 'ਚ ਭਾਜਪਾ ਦਾ ਗ੍ਰਾਫ਼ 6 ਫ਼ੀਸਦੀ ਤੋਂ ਵੱਧ ਕੇ 19 ਫ਼ੀਸਦੀ ਤੱਕ ਪਹੁੰਚੇ ਵੱਡੇ ਉਛਾਲ ਨੂੰ ਦੇਖ ਕੇ 'ਆਪ' ਨੇ ਮਨ ਬਣਾ ਲਿਆ ਸੀ ਕਿ ਪੰਜਾਬ 'ਚ ਉਹ ਇਸੇ ਫ਼ਾਰਮੂਲੇ 'ਤੇ ਕੰਮ ਕਰੇਗੀ।

ਜ਼ਿਕਰਯੋਗ ਹੈ ਕਿ ਭਾਜਪਾ ਵੱਲੋਂ ਪੰਜਾਬ 'ਚ ਵੱਡਾ ਦਾਅ ਖੇਡਦਿਆਂ ਵੱਡੇ ਹਿੰਦੂ ਚਿਹਰੇ ਸੁਨੀਲ ਜਾਖੜ ਨੂੰ ਪੰਜਾਬ ਭਾਜਪਾ ਦੀ ਕਮਾਨ ਸੌਂਪੀ ਗਈ ਸੀ। ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਭਾਵੇਂ ਇਕ ਵੀ ਸੀਟ ਨਾ ਆਈ ਹੋਵੇ ਪਰ ਵੋਟ ਬੈਂਕ ਵਿਚ ਵੱਡਾ ਵਾਧਾ ਦੇਖਣ ਨੂੰ ਮਿਲਿਆ ਅਤੇ ਵੋਟ ਸ਼ੇਅਰ ਭਾਜਪਾ ਦੀ ਉਮੀਦ ਤੋਂ ਵੀ ਕਿਤੇ ਜ਼ਿਆਦਾ ਮਿਲਿਆ। ਵਧੇ ਵੋਟ ਸ਼ੇਅਰ ਮਗਰੋਂ ਪਾਰਟੀ ਦਾ ਹੌਸਲਾ ਹੋਰ ਵਧਿਆ ਅਤੇ ਉਨ੍ਹਾਂ ਹਿੰਦੂ ਵੋਟ ਬੈਂਕ ਦੇ ਨਾਲ ਨਾਲ ਸਿੱਖ ਵੋਟ ਸਬੰਧੀ ਬਣਾਈ ਰਣਨੀਤੀ ਤਹਿਤ ਚੋਣਾਂ ਮਗਰੋਂ ਪੰਜਾਬ ਦੇ ਸਿੱਖ ਚਿਹਰੇ ਰਵਨੀਤ ਸਿੰਘ ਬਿੱਟੂ ਨੂੰ ਹਾਰਨ ਦੇ ਬਾਵਜੂਦ ਵੀ ਕੇਂਦਰੀ ਮੰਤਰੀ ਮੰਡਲ 'ਚ ਸ਼ਾਮਲ ਕੀਤਾ ਅਤੇ ਮਹੱਤਵਪੂਰਨ ਰੇਲ ਮੰਤਰਾਲਾ ਤੱਕ ਸੌਂਪ ਦਿੱਤਾ।

ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

# ਭਾਰਤ ਵੱਲੋਂ 300 ਬਿਲੀਅਨ ਅਮਰੀਕੀ ਡਾਲਰ ਦਾ ਨਵਾਂ ਜਲਵਾਯੂ ਵਿੱਤ ਸਮਝੌਤਾ ਖਾਰਜ

**ਬਾਕੂ, (ਪੰਜਾਬ ਮੇਲ)**- ਭਾਰਤ ਨੇ 'ਗਲੋਬਲ ਸਾਊਥ' ਲਈ ਸਾਲਾਨਾ ਕੁੱਲ 300 ਅਰਬ ਅਮਰੀਕੀ ਡਾਲਰ ਮੁਹੱਈਆ ਕਰਾਉਣ ਦਾ ਟੀਚਾ 2035 ਤੱਕ ਹਾਸਲ ਕਰਨ ਦੇ ਜਲਵਾਯੂ ਪੈਕੇਜ ਨੂੰ ਐਤਵਾਰ ਨੂੰ ਇੱਥੇ ਸੰਯੁਕਤ ਰਾਸ਼ਟਰ ਜਲਵਾਯੂ ਸੰਮੇਲਨ ਵਿਚ ਖਾਰਜ ਕਰ ਦਿੱਤਾ। ਵਿੱਤੀ ਸਹਾਇਤਾ ਦਾ 300 ਅਰਬ ਅਮਰੀਕੀ ਡਾਲਰ ਦਾ ਅੰਕੜਾ ਉਸ 1.3 ਲੱਖ ਕਰੋੜ ਅਮਰੀਕੀ ਡਾਲਰ ਤੋਂ ਬਹੁਤ ਘੱਟ ਹੈ, ਜਿਸ ਦੀ ਮੰਗ 'ਗਲੋਬਲ ਸਾਊਥ' ਦੇਸ਼ ਜਲਵਾਯੂ ਤਬਦੀਲੀ ਨਾਲ ਨਜਿੱਠਣ ਲਈ ਪਿਛਲੇ ਤਿੰਨ ਸਾਲਾਂ ਤੋਂ ਕਰ ਰਹੇ ਹਨ।

'ਗਲੋਬਲ ਸਾਊਥ' ਦਾ ਹਵਾਲਾ ਵਿਸ਼ਵ ਦੇ ਕਮਜ਼ੋਰ ਜਾਂ ਵਿਕਾਸਸ਼ੀਲ ਦੇਸ਼ਾਂ ਨੂੰ ਦਿੱਤਾ ਜਾਂਦਾ ਹੈ। ਆਰਥਿਕ ਮਾਮਲਿਆਂ ਦੇ ਵਿਭਾਗ ਦੀ ਸਲਾਹਕਾਰ ਚਾਂਦੀ ਰੈਨਾ ਨੇ ਭਾਰਤ ਵੱਲੋਂ ਬਿਆਨ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਸਮਝੌਤਾ ਅਪਣਾਉਣ ਤੋਂ ਪਹਿਲਾਂ ਆਪਣੀ ਗੱਲ ਰੱਖਣ ਦੀ ਇਜਾਜ਼ਤ ਨਹੀਂ ਦਿੱਤੀ ਗਈ, ਜਿਸ ਨਾਲ ਪ੍ਰਕਿਰਿਆ ਵਿਚ ਉਨ੍ਹਾਂ ਦਾ ਵਿਸ਼ਵਾਸ ਘੱਟ ਹੋ ਗਿਆ। ਉਸਨੇ ਕਿਹਾ, "ਇਹ ਕਈਆਂ ਘਟਨਾਵਾਂ ਦਾ ਦੁਹਰਾਓ ਹੈ, ਜਿਵੇਂ ਕਿ ਦੇਸ਼ਾਂ ਦੇ ਰਵੱਈਏ ਦਾ ਸਨਮਾਨ ਨਾ ਕਰਨਾ... ਅਸੀਂ ਸਕੱਤਰੇਤ ਨੂੰ ਸੂਚਿਤ ਕੀਤਾ ਸੀ ਕਿ ਅਸੀਂ ਕੋਈ ਵੀ ਫ਼ੈਸਲਾ ਲੈਣ ਤੋਂ ਪਹਿਲਾਂ ਬਿਆਨ ਦੇਣਾ ਚਾਹੁੰਦੇ ਹਾਂ ਪਰ ਇਹ ਸਾਰਿਆਂ ਨੇ ਦੇਖਿਆ ਹੈ ਕਿ ਇਹ ਸਭ ਪਹਿਲਾਂ ਤੋਂ ਤੈਅ ਕਰ ਕੇ ਕੀਤਾ ਗਿਆ। ਅਸੀਂ ਬਹੁਤ ਨਿਰਾਸ਼ ਹਾਂ।"

ਰੈਨਾ ਨੇ ਕਿਹਾ, "ਇਹ ਟੀਚਾ ਬਹੁਤ ਛੋਟਾ ਅਤੇ ਦੂਰ ਹੈ। ਉਸਨੇ ਜ਼ੋਰ ਦੇ ਕੇ ਕਿਹਾ ਕਿ 2035 ਤੱਕ ਇਹ ਨਿਰਧਾਰਤ ਕੀਤਾ ਗਿਆ ਹੈ। ਰੈਨਾ ਨੇ ਕਿਹਾ, "ਅਨੁਮਾਨਾਂ ਤੋਂ ਪਤਾ ਚੱਲਦਾ ਹੈ ਕਿ 2030 ਤੱਕ ਸਾਨੂੰ ਹਰ ਸਾਲ ਘੱਟੋ ਘੱਟ 1.3 ਲੱਖ ਕਰੋੜ ਅਮਰੀਕੀ ਡਾਲਰ ਦੀ ਜ਼ਰੂਰਤ ਹੋਵੇਗੀ।" ਇਹ ਸੀ.ਬੀ.ਡੀ.ਆਰ. (ਸਾਂਝੀਆਂ ਪਰ ਵੱਖੋ-ਵੱਖਰੀਆਂ ਜ਼ਿੰਮੇਵਾਰੀਆਂ) ਦੇ ਅਨੁਕੂਲ ਨਹੀਂ ਹੈ। ਨਾਈਜੀਰੀਆ ਨੇ ਭਾਰਤ ਦਾ ਸਮਰਥਨ ਕਰਦਿਆਂ ਕਿਹਾ ਕਿ ਇਕ 300 ਅਰਬ ਅਮਰੀਕੀ ਸਾਲ ਦਾ ਜਲਵਾਯੂ ਵਿੱਤ ਪੈਕੇਜ ਇਕ "ਮਜ਼ਾਕ" ਹੈ। ਮਲਾਵੀ ਅਤੇ ਬੋਲੀਵੀਆ ਨੇ ਵੀ ਭਾਰਤ ਦਾ ਸਮਰਥਨ ਕੀਤਾ। ਰੈਨਾ ਨੇ ਕਿਹਾ ਕਿ ਨਤੀਜੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਵਿਕਸਿਤ ਦੇਸ਼ਾਂ ਦੇ ਝਿਜਕ ਨੂੰ ਸਪੱਸ਼ਟ ਰੂਪ ਵਿਚ ਦਰਸਾਉਂਦੇ ਹਨ। ਉਨ੍ਹਾਂ ਕਿਹਾ ਕਿ ਵਿਕਾਸਸ਼ੀਲ ਦੇਸ਼ ਜਲਵਾਯੂ ਤਬਦੀਲੀ ਦੁਆਰਾ ਸਭ ਤੋਂ ਪ੍ਰਭਾਵਤ ਹਨ ਤੇ ਉਨ੍ਹਾਂ ਨੂੰ ਆਪਣੇ ਵਿਕਾਸ ਦੀ ਲਾਗਤ 'ਤੇ ਵੀ ਘੱਟ ਕਾਰਬਨ ਨਿਕਾਸ ਮਾਧਿਅਮ ਨੂੰ ਅਪਣਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ, "ਭਾਰਤ ਇਸ ਪ੍ਰਸਤਾਵ ਨੂੰ ਮੌਜੂਦਾ ਰੂਪ ਵਿੱਚ ਸਵੀਕਾਰ ਨਹੀਂ ਕਰਦਾ।"

# ਨਿਊਜ਼ੀਲੈਂਡ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਹੋਰ ਮੌਕਿਆਂ ਦਾ ਐਲਾਨ

**ਨਿਊਜ਼ੀਲੈਂਡ, (ਪੰਜਾਬ ਮੇਲ)**- ਇਕ ਪਾਸੇ ਜਿੱਥੇ ਆਸਟ੍ਰੇਲੀਆ, ਯੂ.ਕੇ. ਅਤੇ ਕੈਨੇਡਾ ਵਰਗੇ ਦੇਸ਼ ਆਪਣੀਆਂ ਇਮੀਗ੍ਰੇਸ਼ਨ ਨੀਤੀਆਂ ਅਤੇ ਸਟੱਡੀ ਵੀਜ਼ਾ ਨਿਯਮਾਂ ਨੂੰ ਸਖ਼ਤ ਕਰ ਰਹੇ ਹਨ, ਉੱਥੇ ਹੀ ਨਿਊਜ਼ੀਲੈਂਡ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਹੋਰ ਮੌਕਿਆਂ ਦਾ ਐਲਾਨ ਕੀਤਾ ਹੈ। ਇਸ ਐਲਾਨ ਦਾ ਭਾਰਤੀ ਖ਼ਾਸ ਕਰਕੇ ਪੰਜਾਬੀ ਵਿਦਿਆਰਥੀਆਂ ਨੂੰ ਵੱਡਾ ਫ਼ਾਇਦਾ ਹੋਵੇਗਾ।




■ **ਪੰਜਾਬੀਆਂ ਵਿਦਿਆਰਥੀਆਂ ਨੂੰ ਹੋਵੇਗਾ ਵੱਡਾ ਫਾਇਦਾ**

ਨਿਊਜ਼ੀਲੈਂਡ ਸਰਕਾਰ ਦੁਆਰਾ ਹਾਲ ਹੀ ਵਿਚ ਕੀਤੇ ਗਏ ਐਲਾਨ ਅਨੁਸਾਰ ਅੰਤਰਰਾਸ਼ਟਰੀ ਵਿਦਿਆਰਥੀ ਜੋ 30 ਹਫ਼ਤਿਆਂ ਲਈ ਪੋਸਟ ਗ੍ਰੈਜੂਏਟ ਡਿਪਲੋਮਾ ਲਈ ਪੜ੍ਹਦੇ ਹਨ ਅਤੇ ਤੁਰੰਤ ਬਾਅਦ ਵਿਚ ਮਾਸਟਰ ਡਿਗਰੀ ਵਿਚ ਤਬਦੀਲ ਹੋ ਜਾਂਦੇ ਹਨ, ਹੁਣ ਪੋਸਟ ਸਟੱਡੀ ਵਰਕ (ਪੀ.ਐੱਸ.ਡਬਲਯੂ.) ਵੀਜ਼ਾ ਲਈ ਯੋਗ ਹਨ। ਅਧਿਕਾਰਤ ਨੋਟਿਸ 'ਚ ਕਿਹਾ ਗਿਆ ਹੈ, ਜਿਨ੍ਹਾਂ ਵਿਦਿਆਰਥੀਆਂ ਨੇ 30 ਹਫ਼ਤਿਆਂ ਲਈ ਪੋਸਟ ਗ੍ਰੈਜੂਏਟ ਡਿਪਲੋਮਾ (ਪੀ.ਜੀ.ਡੀ.ਆਈ.ਪੀ.) ਦੀ ਪੜ੍ਹਾਈ ਕੀਤੀ ਅਤੇ ਤੁਰੰਤ ਮਾਸਟਰ ਡਿਗਰੀ ਲਈ ਅੱਗੇ ਵਧੇ, ਪਰ 30 ਹਫ਼ਤਿਆਂ ਲਈ ਮਾਸਟਰਜ਼ ਵਿੱਚ ਦਾਖਲ ਨਹੀਂ ਹੋਏ, ਉਹ ਹੁਣ ਆਪਣੀ ਪੀ.ਜੀ.ਡੀ.ਆਈ.ਪੀ. ਨਾਮਜ਼ਦਗੀ ਦੇ ਅਧਾਰ 'ਤੇ ਪੋਸਟ ਸਟੱਡੀ ਵਰਕ ਵੀਜ਼ਾ (ਪੀ.ਐੱਸ.ਡਬਲਯੂ.ਵੀ.) ਲਈ ਅਰਜ਼ੀ ਦੇਣ ਦੇ ਯੋਗ ਹਨ। ਇਹ ਐਲਾਨ ਵਿਦਿਆਰਥੀਆਂ ਨੂੰ ਆਪਣੇ ਅਧਿਐਨ ਦੇ ਕੋਰਸ ਵਿੱਚ ਵਧੇਰੇ ਲਚਕਤਾ ਪ੍ਰਦਾਨ ਕਰੇਗਾ ਅਤੇ ਇਹ ਯਕੀਨੀ ਬਣਾਏਗਾ ਕਿ ਉਹ ਆਪਣੀ ਯੋਗਤਾ ਦੇ ਬਾਅਦ ਕੰਮ ਕਰਨ ਦੇ ਯੋਗ ਬਣੇ ਰਹਿਣ।

ਇਸੇ ਤਰ੍ਹਾਂ ਜੇਕਰ ਕੋਈ ਵਿਦਿਆਰਥੀ ਅਜਿਹੀ ਯੋਗਤਾ ਪੂਰੀ ਕਰਦਾ ਹੈ ਜੋ ਪੋਸਟ ਸਟੱਡੀ ਵਰਕ ਵੀਜ਼ਾ ਲਈ ਜ਼ਰੂਰੀ ਹੈ ਅਤੇ ਤੁਰੰਤ ਉੱਚ-ਪੱਧਰੀ ਯੋਗਤਾ ਲਈ ਅੱਗੇ ਵਧਦਾ ਹੈ, ਤਾਂ ਉਸ ਕੋਲ ਪੀ.ਐੱਸ.ਡਬਲਯੂ.ਵੀ. ਲਈ ਅਰਜ਼ੀ ਦੇਣ ਲਈ ਆਪਣੇ ਸ਼ੁਰੂਆਤੀ ਵਿਦਿਆਰਥੀ ਵੀਜ਼ੇ ਦੀ ਅੰਤਮ ਮਿਤੀ ਤੋਂ 12 ਮਹੀਨੇ ਹੋਣਗੇ। 3 ਸਾਲ ਦੇ ਪੋਸਟ ਸਟੱਡੀ ਵਰਕ ਵੀਜ਼ਾ ਲਈ ਯੋਗ ਹੋਣ ਲਈ, ਵਿਦਿਆਰਥੀਆਂ ਨੂੰ ਮਾਸਟਰ ਡਿਗਰੀ ਵਿੱਚ ਦਾਖਲ ਹੋਣ ਵੇਲੇ ਨਿਊਜ਼ੀਲੈਂਡ ਵਿੱਚ ਘੱਟੋ-ਘੱਟ 30 ਹਫ਼ਤਿਆਂ ਦਾ ਫੁੱਲ-ਟਾਈਮ ਅਧਿਐਨ ਪੂਰਾ ਕਰਨਾ ਹੋਵੇਗਾ। ਅਧਿਕਾਰਤ ਰੀਲੀਜ਼ ਅਨੁਸਾਰ, "ਇੱਕ ਪੀ.ਐੱਸ.ਡਬਲਯੂ.ਵੀ. ਲਈ ਯੋਗ ਹੋਣ ਲਈ ਬਿਨੈਕਾਰਾਂ ਕੋਲ ਇੱਕ ਯੋਗ ਨਿਊਜ਼ੀਲੈਂਡ ਯੋਗਤਾ ਹੋਣੀ ਚਾਹੀਦੀ ਹੈ ਅਤੇ ਉਸ ਨੂੰ ਲੋੜੀਂਦੀ ਸਮਾਂ ਸੀਮਾ ਅੰਦਰ ਅਰਜ਼ੀ ਦੇਣੀ ਚਾਹੀਦੀ ਹੈ।"

# ਫੌਜ ਵਿਚ ਭਰਤੀ ਹੋਣ ਤੋਂ ਝਿਜਕਦੇ ਹਨ ਰੂਸੀ ਨੌਜਵਾਨ

**ਲੰਡਨ, (ਪੰਜਾਬ ਮੇਲ)**- ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਸ਼ਾਇਦ ਸੋਚ ਰਹੇ ਹਨ ਕਿ ਜੇਕਰ ਡੋਨਾਲਡ ਟਰੰਪ ਅਮਰੀਕੀ ਰਾਸ਼ਟਰਪਤੀ ਚੋਣ ਜਿੱਤ ਕੇ ਥੋੜ੍ਹਾ ਪਹਿਲਾਂ ਸੱਤਾ ਵਿਚ ਆ ਜਾਂਦੇ, ਤਾਂ ਉਨ੍ਹਾਂ ਲਈ ਚੰਗਾ ਹੁੰਦਾ। ਜੇ ਅਜਿਹਾ ਹੁੰਦਾ, ਤਾਂ ਪੂਤਿਨ ਨੇ ਸ਼ਾਇਦ ਇੱਕ ਸੌਦਾ ਸਵੀਕਾਰ ਕਰ ਲਿਆ ਹੁੰਦਾ, ਜਿਸ ਨਾਲ ਰੂਸ ਨੂੰ ਯੂਕਰੇਨ ਦੇ ਇੱਕ ਮਹੱਤਵਪੂਰਨ ਖੇਤਰ (ਅਮਰੀਕੀ ਰਾਜ ਵਰਜੀਨੀਆ ਦੇ ਆਕਾਰ ਬਾਰੇ) 'ਤੇ ਕੰਟਰੋਲ ਮਿਲ ਜਾਂਦਾ,




ਜਿੱਥੇ ਰੂਸੀ ਫੌਜਾਂ ਨੇ ਬੜਤ ਹਾਸਲ ਕੀਤੀ ਸੀ, ਜਦੋਂਕਿ ਯੂਕਰੇਨ ਨਿਰਪੱਖ ਰਹਿੰਦਾ ਅਤੇ ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਜਾਂ ਯੂਰਪੀਅਨ ਯੂਨੀਅਨ ਵਿਚ ਸ਼ਾਮਲ ਹੋਣ ਦੀ ਕਿਸੇ ਵੀ ਯੋਜਨਾ ਨੂੰ ਛੱਡ ਦਿੰਦਾ। ਇਸ ਸਮੇਂ ਯੂਕਰੇਨ ਅਤੇ ਰੂਸ ਦੋਵੇਂ ਜੰਗ ਤੋਂ ਥੱਕ ਚੁੱਕੇ ਹਨ। ਰੂਸੀ ਫੌਜ ਯੂਕਰੇਨ ਦੇ ਡੋਨੇਟਸਕ ਖੇਤਰ ਵਿਚ ਤੇਜ਼ੀ ਨਾਲ ਅੱਗੇ ਵਧੀ ਹੈ, ਪਰ ਰੂਸ ਯੁੱਧ ਲਈ ਫੌਜਾਂ ਦੀ ਭਰਤੀ ਕਰਨ ਲਈ ਸੰਘਰਸ਼ ਕਰ ਰਿਹਾ ਹੈ। ਇੱਕ ਤਾਜ਼ਾ ਖੁਲਾਸੇ ਨੇ ਇਸ ਤੱਥ ਨੂੰ ਮਜ਼ਬੂਤ ਕੀਤਾ ਹੈ ਕਿ ਉੱਤਰੀ ਕੋਰੀਆ ਦੇ ਸੈਨਿਕ ਰੂਸ ਦੀ ਤਰਫੋਂ ਜੰਗ ਲੜ ਰਹੇ ਹਨ। ਰੂਸ ਨੇ ਜੰਗ ਤੇਜ਼ ਕਰ ਦਿੱਤੀ ਹੈ। ਯੂਕਰੇਨ ਤੋਂ ਖ਼ਬਰਾਂ ਆ ਰਹੀਆਂ ਹਨ ਕਿ ਰੂਸ ਨੇ ਪਹਿਲੀ ਵਾਰ ਯੁੱਧ 'ਚ ਇੰਟਰਕੌਂਟੀਨੈਂਟਲ ਬੈਲਿਸਟਿਕ ਮਿਜ਼ਾਈਲ ਦੀ ਵਰਤੋਂ ਕੀਤੀ ਹੈ। ਅਜਿਹੇ 'ਚ ਇਹ ਸਪੱਸ਼ਟ ਹੁੰਦਾ ਜਾ ਰਿਹਾ ਹੈ ਕਿ ਇਸ ਸਮੇਂ ਸ਼ਾਂਤੀ ਸਮਝੌਤਾ ਕਰਨਾ ਰੂਸ ਅਤੇ ਯੂਕਰੇਨ ਦੋਵਾਂ ਦੇ ਹਿੱਤ 'ਚ ਹੋਵੇਗਾ।

ਪੱਛਮੀ ਅਨੁਮਾਨਾਂ ਅਨੁਸਾਰ ਲਗਭਗ 1,15,000 ਤੋਂ 1,60,000 ਰੂਸੀ ਸੈਨਿਕ ਯੁੱਧ ਵਿਚ ਮਾਰੇ ਗਏ ਹਨ। ਇਨ੍ਹਾਂ ਵਿਚੋਂ 90 ਪ੍ਰਤੀਸ਼ਤ ਸਿਪਾਹੀ ਜੰਗ ਦੀ ਸ਼ੁਰੂਆਤ ਵਿਚ ਮਾਰੇ ਗਏ ਸਨ, ਜਦੋਂਕਿ ਹੋਰ 500,000 ਜ਼ਖਮੀ ਹੋਏ ਸਨ।

# ਪੰਜਾਬ ਦੇ ਰਾਜਸੀ ਇਤਿਹਾਸ 'ਚ ਹੁਣ ਤੱਕ ਅੱਧੀ ਦਰਜਨ ਔਰਤਾਂ ਹੀ ਜਿੱਤ ਸਕੀਆਂ ਜ਼ਿਮਨੀ ਚੋਣ

**ਫ਼ਰੀਦਕੋਟ, (ਪੰਜਾਬ ਮੇਲ)**- ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ ਵਿਚ ਹੋਈਆਂ ਜ਼ਿਮਨੀ ਚੋਣਾਂ ਵਿਚ ਗਿੱਦੜਬਾਹਾ ਤੇ ਡੇਰਾ ਬਾਬਾ ਨਾਨਕ ਹਲਕਿਆਂ ਤੋਂ ਕਾਂਗਰਸ ਦੀਆਂ ਦੋ ਔਰਤ ਉਮੀਦਵਾਰ ਸਨ ਅਤੇ ਦੋਵੇਂ ਦਿੱਗਜ਼ ਆਗੂਆਂ ਦੀਆਂ ਪਤਨੀਆਂ ਹਨ, ਜੋ ਆਪਣੇ ਵਿਰੋਧੀਆਂ ਤੋਂ ਹਾਰ ਗਈਆਂ। ਪੰਜਾਬ ਦੇ ਹੁਣ ਤੱਕ ਦੇ ਰਾਜਸੀ ਇਤਿਹਾਸ 'ਤੇ ਝਾਤ ਮਾਰੀ ਜਾਵੇ ਤਾਂ ਕੇਵਲ ਅੱਧੀ ਦਰਜਨ ਔਰਤਾਂ ਜ਼ਿਮਨੀ ਚੋਣਾਂ ਜਿੱਤ ਸਕੀਆਂ ਹਨ। ਇਸ ਵਾਰ ਗਿੱਦੜਬਾਹਾ ਵਿਖੇ ਹੋਏ ਦਿਲਚਸਪ ਮੁਕਾਬਲੇ ਵਿਚ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ 'ਆਪ' ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਤੋਂ ਚੋਣ ਹਾਰ ਗਏ। ਇਹ ਸੀਟ ਰਾਜਾ ਵੜਿੰਗ ਦੇ ਸੰਸਦ ਵਿਚ ਜਾਣ ਨਾਲ ਖਾਲੀ ਹੋਈ ਸੀ। ਦੂਸਰਾ ਹਲਕਾ ਡੇਰਾ ਬਾਬਾ ਨਾਨਕ ਜਿਥੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਦੀ ਪਤਨੀ ਜਤਿੰਦਰ ਕੌਰ ਰੰਧਾਵਾ ਵੀ ਆਪਣੇ ਵਿਰੋਧੀ ਗੁਰਦੀਪ ਸਿੰਘ ਰੰਧਾਵਾ ਤੋਂ ਚੋਣ ਹਾਰ ਗਏ।




ਪੰਜਾਬ ਦਾ ਹੁਣ ਤੱਕ ਦਾ ਰਾਜਸੀ ਇਤਿਹਾਸ ਦੱਸਦਾ ਹੈ ਕਿ ਸੰਨ 1952 ਤੋਂ ਬਾਅਦ 6 ਔਰਤਾਂ ਜ਼ਿਮਨੀ ਚੋਣਾਂ ਵਿਚ ਕਾਮਯਾਬੀ ਹਾਸਲ ਕਰ ਸਕੀਆਂ ਹਨ। ਇਸ ਦੌਰਾਨ 61 ਜ਼ਿਮਨੀ ਚੋਣਾਂ ਹੋ ਚੁੱਕੀਆਂ ਹਨ। ਪਹਿਲੀ ਜ਼ਿਮਨੀ ਚੋਣ 1977 'ਚ ਅਕਾਲੀ ਦਲ ਦੀ ਹਕੂਮਤ ਦੌਰਾਨ ਹਲਕਾ ਡਕਾਲਾ ਤੋਂ ਮਹਿੰਦਰ ਕੌਰ ਸਫ਼ਲ ਹੋਏ ਸਨ। ਉਨ੍ਹਾਂ ਨੇ ਆਪਣੇ ਵਿਰੋਧੀ ਕਾਂਗਰਸੀ ਉਮੀਦਵਾਰ ਵੀਰਪਾਲ ਕੌਰ ਨੂੰ ਹਰਾਇਆ ਸੀ। ਇਹ ਸੀਟ ਉਨ੍ਹਾਂ ਦੇ ਪਤੀ ਤਤਕਾਲੀ ਵਿਧਾਇਕ ਬਸੰਤ ਸਿੰਘ ਦੀ ਮੌਤ ਤੋਂ ਬਾਅਦ ਖਾਲੀ ਹੋਈ ਸੀ। ਦੂਜੀ ਚੋਣ ਫ਼ਰੀਦਕੋਟ ਤੋਂ ਅਕਾਲੀ ਉਮੀਦਵਾਰ ਬੀਬੀ ਜਗਦੀਸ਼ ਕੌਰ ਢਿੱਲੋਂ ਨੇ 1982 ਵਿਚ ਕਾਂਗਰਸ ਦੇ ਉਮੀਦਵਾਰ ਤ੍ਰਿਲੋਚਨ ਸਿੰਘ ਰਿਆਸਤੀ ਨੂੰ ਹਰਾ ਕੇ ਜਿੱਤੀ ਸੀ। ਇਹ ਜ਼ਿਮਨੀ ਚੋਣ ਉਨ੍ਹਾਂ ਦੇ ਪਤੀ ਤਤਕਾਲੀ ਵਿਧਾਇਕ ਜਸਮੱਤ ਸਿੰਘ ਢਿੱਲੋਂ ਦੀ ਮੌਤ ਕਾਰਨ ਹੋਈ ਸੀ। ਬੀਬੀ ਜਗਦੀਸ਼ ਕੌਰ ਢਿੱਲੋਂ ਪੰਜਾਬ ਕਾਂਗਰਸ ਦੇ ਸੀਨੀਅਰ ਮੀਤ ਪ੍ਰਧਾਨ ਕੁਸ਼ਲਦੀਪ ਸਿੰਘ ਢਿੱਲੋਂ ਸਾਬਕਾ ਵਿਧਾਇਕ ਦੇ ਮਾਤਾ ਜੀ ਹਨ।

ਸੰਨ 1998 ਵਿਚ ਹੋਈ ਜ਼ਿਮਨੀ ਚੋਣ ਵਿਚ ਬੀਬੀ ਮਹਿੰਦਰ ਕੌਰ ਜੋਸ਼ ਨੇ ਜਿੱਤ ਪ੍ਰਾਪਤ ਕੀਤੀ ਸੀ। ਸੰਨ 2004 ਵਿਚ ਸੁਖਜਿੰਦਰ ਕੌਰ ਸੁੱਖੀ ਰਾਣਾ ਨੇ ਹਲਕਾ ਕਪੂਰਥਲਾ ਤੋਂ ਅਕਾਲੀ ਉਮੀਦਵਾਰ ਤੇ ਸਾਬਕਾ ਟਰਾਂਸਪੋਰਟ ਮੰਤਰੀ ਰਘਬੀਰ ਸਿੰਘ ਨੂੰ ਹਰਾ ਕੇ ਜਿੱਤੀ ਸੀ। ਸੰਨ 2012 ਵਿਚ ਦਸੂਹਾ ਹਲਕੇ ਤੋਂ ਭਾਜਪਾ ਉਮੀਦਵਾਰ ਸੁਖਜੀਤ ਕੌਰ ਸਾਹੀ ਨੇ ਕਾਂਗਰਸ ਦੇ ਉਮੀਦਵਾਰ ਅਰੁਣ ਡੋਗਰਾ ਨੂੰ ਹਰਾ ਕੇ ਚੋਣ ਜਿੱਤੀ ਸੀ। ਇਹ ਸੀਟ ਉਨ੍ਹਾਂ ਦੇ ਪਤੀ ਅਮਰਜੀਤ ਸਿੰਘ ਸਾਹੀ ਮੁੱਖ ਸੰਸਦੀ ਸਕੱਤਰ ਦੀ ਮੌਤ ਹੋਣ ਨਾਲ ਖਾਲੀ ਹੋਈ ਸੀ। ਆਖਰੀ ਜ਼ਿਮਨੀ 2014 ਵਿਚ ਪਟਿਆਲਾ ਵਿਧਾਨ ਸਭਾ ਹਲਕੇ ਵਿਚ ਹੋਈ, ਜਿਸ ਵਿਚ ਮਹਾਰਾਣੀ ਪ੍ਰਨੀਤ ਕੌਰ ਨੇ ਕਾਂਗਰਸ ਵੱਲੋਂ ਆਪਣੇ ਵਿਰੋਧੀ ਅਕਾਲੀ ਦਲ ਦੇ ਭਗਵਾਨ ਦਾਸ ਜੁਨੇਜਾ ਨੂੰ ਹਾਰ ਦਿੱਤੀ। ਉਸ ਤੋਂ ਬਾਅਦ ਕਿਸੇ ਵੀ ਜ਼ਿਮਨੀ ਚੋਣ ਵਿਚ ਕਿਸੀ ਵੀ ਔਰਤ ਨੂੰ ਜਿੱਤ ਨਸੀਬ ਨਹੀਂ ਹੋਈ।

## ਜਿਨਸੀ ਸ਼ੋਸ਼ਣ ਮਾਮਲਾ; ਡੇਰਾ ਮੁਖੀ ਦੀ ਅਪੀਲ 'ਤੇ ਸੁਣਵਾਈ 10 ਦਸੰਬਰ ਤੱਕ ਮੁਲਤਵੀ

**ਚੰਡੀਗੜ੍ਹ, (ਪੰਜਾਬ ਮੇਲ)**- ਸਾਧਵੀਆਂ ਦੇ ਜਿਨਸੀ ਸ਼ੋਸ਼ਣ ਦੇ ਮਾਮਲੇ 'ਚ ਸਜ਼ਾ ਭੁਗਤ ਰਹੇ ਡੇਰਾ ਸਿਰਸਾ ਮੁਖੀ ਦੀ ਸਜ਼ਾ ਖ਼ਿਲਾਫ਼ ਅਪੀਲ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸੁਣਵਾਈ 10 ਦਸੰਬਰ ਤੱਕ ਮੁਲਤਵੀ ਕਰ ਦਿੱਤੀ ਹੈ। ਸੁਣਵਾਈ ਦੌਰਾਨ ਅਦਾਲਤ ਨੇ ਸੀ.ਬੀ.ਆਈ. ਵੱਲੋਂ ਸਮਾਂ ਮੰਗਣ 'ਤੇ ਝਾੜ ਵੀ ਪਾਈ। ਡੇਰੇ ਦੀਆਂ ਦੋ ਸਾਧਵੀਆਂ ਦੇ ਜਿਨਸੀ ਸ਼ੋਸ਼ਣ ਦੇ ਮਾਮਲੇ ਵਿਚ ਪੰਚਕੂਲਾ ਦੀ ਸੀ.ਬੀ.ਆਈ. ਅਦਾਲਤ ਨੇ ਅਗਸਤ 2017 ਵਿਚ ਡੇਰਾ ਮੁਖੀ ਨੂੰ ਦੋਸ਼ੀ ਕਰਾਰ ਦਿੰਦਿਆਂ 10-10 ਸਾਲ ਕੈਦ ਦੀ ਸਜ਼ਾ ਸੁਣਾਈ ਸੀ ਅਤੇ ਨਾਲ ਹੀ 30 ਲੱਖ 20 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਲਗਾਇਆ ਸੀ। ਪਹਿਲੇ ਕੇਸ ਵਿਚ 10 ਸਾਲ ਦੀ ਸਜ਼ਾ ਪੂਰੀ ਹੋਣ 'ਤੇ ਦੂਜੇ ਕੇਸ ਵਿਚ 10 ਸਾਲ ਦੀ ਸਜ਼ਾ ਸ਼ੁਰੂ ਹੋਣੀ ਹੈ। ਡੇਰਾ ਮੁਖੀ ਨੇ ਸਜ਼ਾ ਨੂੰ ਚੁਣੌਤੀ ਦਿੰਦੇ ਹੋਏ ਹਾਈ ਕੋਰਟ ਵਿਚ ਅਪੀਲ ਦਾਇਰ ਕੀਤੀ ਸੀ। ਦੋਵੇਂ ਪੀੜਤ ਸਾਧਵੀਆਂ ਨੇ ਉਦੋਂ ਹਾਈ ਕੋਰਟ ਵਿਚ ਅਪੀਲ ਦਾਇਰ ਕਰਕੇ ਡੇਰਾ ਮੁਖੀ ਨੂੰ ਉਮਰ ਕੈਦ ਦੀ ਸਜ਼ਾ ਦੇਣ ਦੀ ਮੰਗ ਕੀਤੀ ਸੀ। ਉਦੋਂ ਹਾਈ ਕੋਰਟ ਨੇ ਇਸ ਅਪੀਲ ਨੂੰ ਸਵੀਕਾਰ ਕਰ ਲਿਆ ਸੀ।

ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

## ਸਫਾ 1 ਦਾ ਬਾਕੀ ਹੁਣ ਕੈਨੇਡਾ ਕੱਸਣ ਜਾ ਰਿਹਾ ਵਰਕ...

ਅਤੇ ਪੰਜਾਬੀ ਨੌਜਵਾਨਾਂ ਨੂੰ ਐੱਲ.ਐੱਮ.ਆਈ.ਏ. ਰਾਹੀਂ ਪੱਕਾ ਕਰਵਾਉਣ ਦਾ ਲਾਰਾ ਲਾਇਆ ਜਾਂਦਾ ਹੈ। ਸੋਸ਼ਲ ਮੀਡੀਆ 'ਤੇ ਠੱਗ ਏਜੰਟਾਂ ਵੱਲੋਂ ਐੱਲ.ਐੱਮ.ਆਈ.ਏ. ਰਾਹੀਂ ਯਕੀਨੀ ਪੀ.ਆਰ. ਦੇ ਦਾਅਵੇ ਵੀ ਕੀਤੇ ਜਾ ਰਹੇ ਹਨ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਕੈਨੇਡਾ ਸਰਕਾਰ ਵੱਲੋਂ 10 ਸਾਲ ਦੀ ਮਿਆਦ ਵਾਲੇ ਮਲਟੀਪਲ ਐਂਟਰੀ ਵੀਜ਼ਾ ਬੰਦ ਕੀਤੇ ਜਾ ਚੁੱਕੇ ਹਨ ਅਤੇ ਜ਼ਿਆਦਾਤਰ ਮਾਮਲਿਆਂ ਵਿਚ ਸਿੰਗਲ ਐਂਟਰੀ ਵੀਜ਼ਾ ਹੀ ਜਾਰੀ ਕੀਤੇ ਜਾ ਰਹੇ ਹਨ। ਸਿਰਫ਼ ਐਨਾ ਹੀ ਨਹੀਂ ਕੌਮਾਂਤਰੀ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਵੀਜ਼ਿਆਂ ਦੀ ਗਿਣਤੀ ਵੀ ਘਟਾ ਕੇ 4 ਲੱਖ 37 ਹਜ਼ਾਰ ਕੀਤੀ ਜਾ ਚੁੱਕੀ ਹੈ। ਮਾਰਕ ਮਿਲਰ ਨੇ ਵਰਕ ਪਰਮਿਟ ਦੀ ਮਿਆਦ ਵਿਚ ਵਾਧਾ ਕਰਨ ਲਈ ਬਰੈਂਪਟਨ ਵਿਖੇ ਪੱਕੇ ਰੋਸ ਧਰਨੇ 'ਤੇ ਬੈਠੇ ਸਾਬਕਾ ਕੌਮਾਂਤਰੀ ਵਿਦਿਆਰਥੀਆਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਸਟੱਡੀ ਵੀਜ਼ਾ ਤੋਂ ਕੈਨੇਡੀਅਨ ਪੀ.ਆਰ. ਤੱਕ ਪਹੁੰਚਣ ਦਾ ਕੋਈ ਸੌਖਾ ਰਾਹ ਨਹੀਂ। ਕੋਈ ਵਿਦਿਆਰਥੀ ਇਹ ਸੋਚ ਕੇ ਕੈਨੇਡਾ ਨਾ ਆਵੇ ਕਿ ਉਹ ਯਕੀਨੀ ਤੌਰ 'ਤੇ ਪੀ.ਆਰ. ਹਾਸਲ ਕਰ ਲਵੇਗਾ। ਮਾਰਕ ਮਿਲਰ ਵੱਲੋਂ ਪਿਛਲੇ ਦਿਨੀਂ ਕੌਮਾਂਤਰੀ ਵਿਦਿਆਰਥੀਆਂ ਲਈ ਕਈ ਹਾਂ-ਪੱਖੀ ਐਲਾਨ ਵੀ ਕੀਤੇ ਗਏ, ਜਿਨ੍ਹਾਂ ਤਹਿਤ ਹਫ਼ਤੇ ਵਿਚ ਕੰਮ ਦਾ ਸਮਾਂ 20 ਘੰਟੇ ਤੋਂ ਵਧਾ ਕੇ 24 ਘੰਟੇ ਕਰ ਦਿੱਤਾ ਗਿਆ ਪਰ ਇਸ ਦੇ ਨਾਲ ਹੀ ਕਾਲਜ ਬਦਲਣ ਦੀ ਸੂਰਤ 'ਚ ਨਵੇਂ ਸਿਰੇ ਤੋਂ ਸਟੱਡੀ ਵੀਜ਼ਾ ਅਰਜ਼ੀ ਦਾਖਲ ਕਰਨ ਦਾ ਨਿਯਮ ਵੀ ਲਾਗੂ ਕਰ ਦਿੱਤਾ ਗਿਆ।

ਇੱਥੇ ਦੱਸਣਾ ਬਣਦਾ ਹੈ ਕਿ ਮੌਜੂਦਾ ਵਰ੍ਹੇ ਦੌਰਾਨ 14 ਹਜ਼ਾਰ ਕੌਮਾਂਤਰੀ ਵਿਦਿਆਰਥੀ ਕੈਨੇਡਾ 'ਚ ਸ਼ਰਨ ਦਾ ਦਾਅਵਾ ਕਰ ਚੁੱਕੇ ਹਨ ਅਤੇ ਇਹ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਦੂਜੇ ਪਾਸੇ ਕੈਨੇਡਾ ਵਿਚ ਆਰਜ਼ੀ ਵੀਜ਼ਾ 'ਤੇ ਮੌਜੂਦ ਲੋਕਾਂ ਦੀ ਗਿਣਤੀ 30 ਲੱਖ ਤੋਂ ਟੱਪ ਚੁੱਕੀ ਹੈ ਅਤੇ ਫੈਡਰਲ ਸਰਕਾਰ ਇਸ 'ਚ ਵੱਡੀ ਕਟੌਤੀ ਕਰਨਾ ਚਾਹੁੰਦੀ ਹੈ।

## ਸਫਾ 1 ਦਾ ਬਾਕੀ ਇਜ਼ਰਾਈਲ-ਹਿਜ਼ਬੁੱਲਾ ਜੰਗਬੰਦੀ...

ਹੌਲੀ-ਹੌਲੀ 60 ਦਿਨਾਂ ਵਿਚ ਆਪਣੀਆਂ ਫੌਜਾਂ ਨੂੰ ਵਾਪਸ ਲੈ ਲਵੇਗਾ ਕਿਉਂਕਿ ਲਿਬਨਾਨ ਦੀ ਫੌਜ ਇਜ਼ਰਾਈਲ ਨਾਲ ਲੱਗਦੀ ਆਪਣੀ ਸਰਹੱਦ ਦੇ ਨੇੜੇ ਦੇ ਖੇਤਰ ਦਾ ਨਿਯੰਤਰਣ ਲੈਂਦੀ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਿਜ਼ਬੁੱਲਾ ਉੱਥੇ ਆਪਣੇ ਬੁਨਿਆਦੀ ਢਾਂਚੇ ਦਾ ਮੁੜ ਨਿਰਮਾਣ ਨਾ ਕਰੇ।

ਹਿਜ਼ਬੁੱਲਾ ਨੇ ਜੰਗਬੰਦੀ 'ਤੇ ਰਸਮੀ ਤੌਰ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ ਪਰ ਸੀਨੀਅਰ ਅਧਿਕਾਰੀ ਹਸਨ ਫਦਲੱਲਾ ਨੇ ਲੇਬਨਾਨ ਦੇ ਅਲ ਜਾਦੀਦ ਟੀ.ਵੀ. ਨੂੰ ਦੱਸਿਆ ਕਿ ਜਦੋਂ ਉਹ ਲਿਬਨਾਨ ਦੇ ਰਾਜ ਦੇ ਅਧਿਕਾਰ ਦੇ ਵਿਸਥਾਰ ਦਾ ਸਮਰਥਨ ਕਰਦਾ ਹੈ, ਤਾਂ ਇਹ ਸਮੂਹ ਯੁੱਧ ਤੋਂ ਮਜ਼ਬੂਤੀ ਨਾਲ ਉਭਰੇਗਾ।

ਲਿਬਨਾਨ ਦੇ ਮਿਕਾਤੀ ਨੇ ਇਕ ਬਿਆਨ ਜਾਰੀ ਕਰਕੇ ਇਸ ਸੌਦੇ ਦਾ ਸਵਾਗਤ ਕੀਤਾ ਹੈ। ਵਿਦੇਸ਼ ਮੰਤਰੀ ਅਬਦੁੱਲਾ ਬੌ ਹਬੀਬ ਨੇ ਕਿਹਾ ਕਿ ਇਜ਼ਰਾਈਲੀ ਫੌਜਾਂ ਦੇ ਪਿੱਛੇ ਹਟਣ ਦੇ ਨਾਲ ਹੀ ਲਿਬਨਾਨੀ ਫੌਜ ਦੇ ਦੱਖਣੀ ਲਿਬਨਾਨ ਵਿਚ ਘੱਟੋ-ਘੱਟ 5,000 ਸੈਨਿਕ ਤਾਇਨਾਤ ਹੋਣਗੇ। ਨੇਤਨਯਾਹੂ ਨੇ ਕਿਹਾ ਕਿ ਉਹ ਜੰਗਬੰਦੀ ਨੂੰ ਲਾਗੂ ਕਰਨ ਲਈ ਤਿਆਰ ਹਨ ਪਰ ਹਿਜ਼ਬੁੱਲਾ ਦੁਆਰਾ ਕਿਸੇ ਵੀ ਉਲੰਘਣਾ ਦਾ ਜ਼ਬਰਦਸਤੀ ਜਵਾਬ ਦੇਣਗੇ।

ਇੱਕ ਸੀਨੀਅਰ ਅਮਰੀਕੀ ਅਧਿਕਾਰੀ ਨੇ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਅਮਰੀਕਾ ਅਤੇ ਫਰਾਂਸ UNIFIL ਪੀਸਕੀਪਿੰਗ ਫੋਰਸ ਦੇ ਨਾਲ ਇੱਕ ਵਿਧੀ ਵਿਚ ਸ਼ਾਮਲ ਹੋਣਗੇ, ਜੋ ਲਿਬਨਾਨ ਦੀ ਫੌਜ ਨਾਲ ਜੰਗਬੰਦੀ ਦੀ ਸੰਭਾਵਿਤ ਉਲੰਘਣਾ ਨੂੰ ਰੋਕਣ ਲਈ ਕੰਮ ਕਰੇਗਾ।

# PUNJAB MAIL USA

TV Channel, Newspaper, Radio

All over America, Canada, Australia & Europe

24 Hours 7 Days



Gold # 2867, Gem # 375, TV Zon # 6888,
Glow TV # 1828, Tashan # 131, Real TV etc.

For any Information & Advertisement Call at

+1-916-320-9444

E-mail: punjabmailtv@gmail.com

Web: punjabmailusa.com

Iphone/Andriod App : Punjab Mail USA

Facebook Page : Punjab Mail USA

## ਸਾਲਾਨਾ ਸ਼ਹੀਦੀ ਸਮਾਗਮ ਦੇ ਸਬੰਧ ਵਿਚ ਵਿਸ਼ੇਸ਼ ਲੇਖ

# ਸਿੱਖ ਬੀਬੀਆਂ ਦਾ ਤਪੋਧਾਮ ਤੇ ਕੁਰਬਾਨ ਗਾਹ ਗੁਰਦੁਆਰਾ ਸ਼ਹੀਦ ਗੰਜ ਮੁਸ਼ਕਿਆਣਾ ਸਾਹਿਬ

ਸੁਖਵਿੰਦਰ ਸਿੰਘ ਮੁੱਲਾਂਪੁਰ
ਵ. ਐੱਪ : +91-99141-84794
ਪੰਜਾਬ ਮੇਲ USA





ਸਿੱਖ ਧਰਮ ਸ਼ਹੀਦੀਆਂ ਨਾਲ ਭਰਿਆ ਪਿਆ ਹੈ। ਇਸ ਧਰਮ ਵਿਚ ਸਭ ਤੋਂ ਪਹਿਲਾ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਾਹੌਰ ਵਿਖੇ ਸ਼ਹੀਦੀ ਦਿੱਤੀ। ਲਾਹੌਰ ਤੇ ਦਿੱਲੀ ਦਰਬਾਰ ਪਹਿਲਾਂ ਤੋਂ ਹੀ ਸਿੱਖਾਂ ’ਤੇ ਅੱਤਿਆਚਾਰ ਕਰਦੀ ਆਈ ਹੈ।

ਮਾਰਚ ਸੰਨ 1748 ਤੋਂ 1753 ਈ: ਤੱਕ ਸਿੱਖਾਂ ਦਾ ਬਹੁਤ ਜ਼ਿਆਦਾ ਕਤਲੇਆਮ ਹੋਇਆ। ਉਸ ਸਮੇਂ ਦੇ ਵਜ਼ੀਰ ਕੁਰਮਦੀਨ ਦਾ ਪੁੱਤਰ ਮੀਰ ਮੰਨੂ ਲਾਹੌਰ ਦਾ ਸੂਬਾ ਮੁਕੱਰਰ ਕੀਤਾ ਗਿਆ। ਮੀਰ ਮੰਨੂ ਨੇ ਹਜ਼ਾਰਾਂ ਸਿੱਖ ਕਤਲ ਕੀਤੇ ਅਤੇ ਹੁਕਮ ਜਾਰੀ ਕੀਤਾ ਕਿ ਜੋ ਵੀ ਸਿੱਖ ਮਿਲੇ, ਉਸ ਦੇ ਦਾੜ੍ਹੀ ਕੇਸ ਕੱਟ ਦਿੱਤੇ ਜਾਣ। ਜਿਸ ਕਰਕੇ ਸਿੱਖ ਪਹਾੜਾਂ ਵਿਚ ਜਾ ਛੁੱਪੇ ਪਰ ਮੀਰ ਮੰਨੂ ਉਨ੍ਹਾਂ ਨੂੰ ਉੱਥੋਂ ਵੀ ਪਕੜ ਲਿਆਉਂਦਾ ਤੇ ਗਰਦਨਾਂ ਕਟਵਾ ਦਿੰਦਾ। ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸ਼ਹੀਦ ਹੋਣ ਲੱਗੇ। ਇਕ ਵਾਰ ਈਦ ਵਾਲੇ ਦਿਨ ਗਿਆਰਾਂ ਸੌ (1100) ਸਿੱਖ ਕਤਲ ਕਰ ਦਿੱਤੇ ਗਏ ਅਤੇ ਇਕੋ ਜਗ੍ਹਾ ਦਫ਼ਨਾਏ ਗਏ। ਇਨ੍ਹਾਂ ਦਿਨਾਂ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ’ਤੇ ਹਮਲਾ ਕਰ ਦਿੱਤਾ। ਦਿੱਲੀ ਤੋਂ ਕੋਈ ਜਿਆਬ ਨਾ ਮਿਲਣ ਕਰਕੇ ਮੀਰ ਮੰਨੂ ਦੀਵਾਨ ਕੌੜੇ ਮੱਲ ਦੀ ਮਦਦ ਨਾਲ ਸਿੱਖਾਂ ਦੀ ਸ਼ਰਨ ਵਿਚ ਆਇਆ ਅਤੇ ਵੀਹ ਹਜ਼ਾਰ (20000) ਸਿੱਖਾਂ ਨੇ ਜੰਗ ਵਿਚ ਉਸ ਦਾ ਸਾਥ ਦਿੱਤਾ। ਭੀਮ ਸਿੰਘ ਨਾਮਕ ਸਿੱਖ ਹੱਥੋਂ ਸ਼ਾਹ ਨਵਾਜ਼ ਮਾਰਿਆ ਗਿਆ ਅਤੇ ਉਸ ਨੂੰ ਕਾਫੀ ਇਨਾਮ ਦਿੱਤੇ ਗਏ।

ਪਰ ਕੁਝ ਸਮੇਂ ਬਾਅਦ ਮੀਰ ਮੰਨੂ ਸਿੱਖਾਂ ਵਲੋਂ ਕੀਤੀ ਮਦਦ ਨੂੰ ਭੁੱਲ ਕੇ ਫਿਰ ਸਿੱਖਾਂ ਨੂੰ ਕਤਲ ਕਰਨ ਲੱਗਾ ਤੇ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ। ਮੀਰ ਮੰਨੂ ਸਿੱਖਾਂ ਨੂੰ ਖ਼ਤਮ ਕਰਨ ਦੀ ਕਸਮ ਖਾ ਕੇ ਪੂਰਾ ਜ਼ੋਰ ਲਾ ਰਿਹਾ ਸੀ। ਪਰ ਸਿਦਕੀ ਸਿੱਖਾਂ ਨੇ ਨਾਹਰਾ ਬੁਲੰਦ ਕੀਤਾ, ਮੰਨੂ ਸਾਡੀ ਦਾਤਰੀ, ਅਸੀਂ ਮੰਨੂ ਦੇ ਸੋਏ, ਜਿਉਂ ਜਿਉਂ ਮੰਨੂ ਵੱਡਦਾ, ਅਸੀਂ ਦੂਣੇ ਚੌਣੇ ਹੋਏ। ਇਸ ਜੰਗ ਵਿਚ ਸਿੱਖਾਂ ਦੇ ਨਾਲ-ਨਾਲ ਸਿੱਖ ਬੀਬੀਆਂ ਨੇ ਵੀ ਬੜੀ ਬਹਾਦਰੀ ਵਿਖਾਈ ਅਤੇ ਸਿੱਖ ਬੀਬੀਆਂ ਨੇ ਵੀ ਬਹੁਤ ਵੱਡੀ ਗਿਣਤੀ ਵਿਚ ਸ਼ਹੀਦੀ ਪ੍ਰਾਪਤ ਕੀਤੀ। ਕਈ ਸਿੱਖ ਬੀਬੀਆਂ ਨੇ ਵੀ ਮੁਗਲਾਂ ਨੂੰ ਮੌਤ ਦੇ ਘਾਟ ਉਤਾਰਿਆ। ਇਸ ਇਲਾਕੇ ਵਿਚੋਂ ਬੀਬੀਆਂ ਨੂੰ ਗ੍ਰਿਫ਼ਤਾਰ ਕਰਕੇ ਇਸ ਪਿੰਡ ਮੁੱਲ੍ਹਾਂਪੁਰ ਬਣਾਏ ਕੈਂਪ ਵਿਚ ਕੈਦ ਕੀਤਾ ਜਾਂਦਾ ਅਤੇ ਉਨ੍ਹਾਂ ਦੇ ਹੱਥਾਂ-ਪੈਰਾਂ ਵਿਚ ਬੇੜੀਆਂ ਪਾ ਕੇ ਤਸੀਹੇ ਦਿੱਤੇ ਜਾਂਦੇ। ਮੋਮਨ ਬਣਨ ਲਈ ਕਿਹਾ ਜਾਂਦਾ ਤੇ ਕਈ ਤਰ੍ਹਾਂ ਦੇ ਲਾਲਚ ਦਿੱਤੇ ਜਾਂਦੇ। ਪਰ ਬੀਬੀਆਂ ਨੇ ਕਿਸੇ ਵੀ ਲਾਲਚ ਜਾਂ ਤਸੀਹੇ ਤੋਂ ਡਰ ਕੇ ਧਰਮ ਨਹੀਂ ਛੱਡਿਆ। ਬੀਬੀਆਂ ਅਤੇ ਬੱਚਿਆਂ ਨੂੰ ਜਿਊਂਦੇ ਮੁਸ਼ਕਾਂ ਬੰਨ੍ਹ ਕੇ ਇਸ ਅਸਥਾਨ ’ਤੇ ਦਫ਼ਨਾ ਕੇ ਸ਼ਹੀਦ ਕਰ ਦਿੱਤਾ ਗਿਆ। ਆਲੇ-ਦੁਆਲੇ ਦੇ ਪਿੰਡਾਂ ਵਿਚ ਮੁਗਲ ਸਿਪਾਹੀ ਬੀਬੀਆਂ ਅਤੇ ਬੱਚਿਆਂ ਨੂੰ ਗ੍ਰਿਫ਼ਤਾਰ ਕਰਕੇ ਲਿਆਉਂਦੇ। ਇਨ੍ਹਾਂ ਸਿੱਖ ਬੀਬੀਆਂ ਵਿਚ ਮਾਤਾ ਬਸੰਤ ਕੌਰ ਵੀ 7 ਦਿਨ ਇਸ ਅਸਥਾਨ ’ਤੇ ਕੈਦ ਰਹੇ, ਜੋ ਕੇ ਭਾਈ ਮਨੀ ਸਿੰਘ ਜੀ, ਜਿਨ੍ਹਾਂ ਦਾ ਬੰਦ-ਬੰਦ ਕੱਟਿਆ ਗਿਆ, ਉਨ੍ਹਾਂ ਦੀ ਧਰਮ ਪਤਨੀ ਸੀ।

ਮੀਰ ਮੰਨੂ ਨੇ ਇੱਥੋਂ ਕੈਂਪ ਚਕਵਾਉਣ ਦਾ ਹੁਕਮ ਦੇ ਦਿੱਤਾ। ਕੈਦ ਬੀਬੀਆਂ ਤੇ ਬੱਚਿਆਂ ਨੂੰ ਇੱਥੋਂ ਹੱਥ ਪਿੱਛੇ ਬੰਨ੍ਹ ਕੇ ਗੱਡਿਆਂ ’ਤੇ ਲੱਦ ਕੇ ਲਾਹੌਰ ਲਿਜਾਇਆ ਗਿਆ, ਜਿੱਥੇ ਬੀਬੀਆਂ ’ਤੇ ਜ਼ੁਲਮ ਕੀਤੇ ਗਏ, ਸਵਾ-ਸਵਾ ਮਣ ਦੇ ਪੀਸਣ ਪੀਸੇ, ਖਨੀ-ਖਨੀ ਰੋਟੀ ’ਤੇ ਗੁਜ਼ਾਰਾ ਕੀਤਾ ਤੇ ਬੱਚਿਆਂ ਦੇ ਟੋਟੇ-ਟੋਟੇ ਕਰਵਾ ਕੇ ਗਲਾਂ ਵਿਚ ਹਾਰ ਪਵਾਏ। ਬੱਚੇ ਨੇਜਿਆਂ ’ਤੇ ਟੰਗ ਕੇ ਸ਼ਹੀਦ ਕੀਤੇ ਗਏ। ਪਰ ਸਿਦਕ ਨਾ ਹਾਰਿਆ। ਇਸ ਸ਼ਹੀਦੀ ਅਸਥਾਨ ਪਿੰਡ ਮੁੱਲਾਂਪੁਰ ਦੀ ਖੋਜ ਸੰਤ ਵਿਸਾਖਾ ਸਿੰਘ ਜੀ ਨੇ ਕੀਤੀ। ਜਦੋਂ ਸੰਗਤਾਂ ਵਲੋਂ ਇਸ ਜਗ੍ਹਾ ’ਤੇ ਗੁਰਦੁਆਰਾ ਸਾਹਿਬ ਬਣਾਉਣ ਲਈ ਨੀਹਾਂ ਪੁੱਟੀਆਂ ਗਈਆਂ, ਤਾਂ ਕੁਝ ਬੀਬੀਆਂ ਤੇ ਬੱਚਿਆਂ ਦੇ ਪੂਰੇ ਸਾਬਤ ਪਿੰਜਰ ਇੱਥੋਂ ਨਿਕਲੇ, ਜੋ ਕੇ ਕਾਫ਼ੀ ਸਮਾਂ ਇਸ ਅਸਥਾਨ ’ਤੇ ਸੰਭਾਲ ਕੇ ਰੱਖੇ ਤੇ ਸੰਗਤਾਂ ਦੇ ਹੁਕਮ ਨਾਲ ਉਨ੍ਹਾਂ ਪਿੰਜਰਾਂ ਨੂੰ ਇਲਾਕੇ ਦੀਆਂ ਸਮੂਹ ਸੰਗਤਾਂ ਵਲੋਂ ਮਿਤੀ 20 ਅਗਸਤ 2000 ਵਿਚ ਹਰੀਕੇ ਪੱਤਣ ਵਿਚ ਜਲ ਪ੍ਰਵਾਹ ਕਰ ਦਿੱਤਾ ਗਿਆ। ਹੁਣ ਇਸ ਅਸਥਾਨ ’ਤੇ ਗੁਰਦੁਆਰਾ ਮੁਸ਼ਕਿਆਣਾ ਸਾਹਿਬ ਸੁਸ਼ੋਭਿਤ ਹੈ। ਇੱਥੇ ਦਸਵੀਂ ਦਾ ਦਿਹਾੜਾ ਬੜੀ ਸਰਧਾ ਨਾਲ ਮਨਾਇਆ ਜਾਂਦਾ ਹੈ, ਸੰਗਤਾਂ ਜੋ ਸੁੱਖਾਂ ਮਨੋਂ ਸੁਖਦੀਆਂ ਹਨ, ਉਹ ਪੂਰੀਆਂ ਹੁੰਦੀਆਂ ਹਨ।

ਇਸ ਅਸਥਾਨ ’ਤੇ ਸਿੰਘ ਸਿੰਘਣੀਆਂ ਅਤੇ ਬੱਚਿਆਂ ਦੀ ਸਾਲਾਨਾ ਯਾਦ ਨੂੰ ਮੁੱਖ ਰੱਖਦਿਆਂ 6, 7, 8 ਦਸੰਬਰ 2024 ਨੂੰ ਸ਼ਹੀਦੀ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਮਾਣਯੋਗ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰ, ਕਥਾਵਾਚਕ ਆਦਿਕ ਪਹੁੰਚ ਰਹੇ ਹਨ। ਇਹ ਅਸਥਾਨ ਲੁਧਿਆਣਾ ਤੋਂ ਜਗਰਾਓਂ ਜਾਂਦਿਆਂ ਲਗਭਗ ਸਤਾਰਾਂ ਕੁ ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ।

# ਪੰਜਾਬ ਦੀ ਕੋਇਲ ਸੁਰਿੰਦਰ ਕੌਰ

## ਜਨਮ ਦਿਨ ’ਤੇ ਵਿਸ਼ੇਸ਼

ਸਤਿੰਦਰ ਪਾਲ ਸਿੰਘ ਸਿੱਧਵਾਂ
ਪੰਜਾਬ ਮੇਲ USA



ਪੰਜਾਬ ਦੀ ਕੋਇਲ ਸੁਰਿੰਦਰ ਕੌਰ ਖ਼ੂਬਸੂਰਤ ਮਖਮਲੀ ਆਵਾਜ਼ ਦੀ ਮਾਲਕ, ਆਪਣੇ ਪੰਜਾਬੀ ਗੀਤਾਂ ਰਾਹੀਂ ਜਿਸ ਨੇ ਹਰ ਵਰਗ ਦੇ ਪੰਜਾਬੀਆਂ ਦੇ ਦਿਲਾਂ ਵਿਚ ਆਪਣੀ ਸਦੀਵੀ ਜਗ੍ਹਾ ਬਣਾਈ। ਸੁਰਿੰਦਰ ਕੌਰ ਦਾ ਜਨਮ ਅਣਵੰਡੇ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ 25 ਨਵੰਬਰ, 1929 ਨੂੰ ਭੱਟੀ ਗੇਟ ਵਿਚ ਰਹਿਣ ਵਾਲੇ ਸਹਿਜਧਾਰੀ ਸਿੱਖ ਪਿਤਾ ਬਿਸ਼ਨ ਦਾਸ ਤੇ ਮਾਤਾ ਮਾਇਆ ਦੇਵੀ ਜੀ ਦੇ ਘਰ ਹੋਇਆ।

ਘਰ ਵਿਚ ਧਾਰਮਿਕ ਮਾਹੌਲ ਹੋਣ ਕਰਕੇ ਵੱਡੀ ਭੈਣ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਵੀ ਬਚਪਨ ਤੋ ਹੀ ਸੰਗੀਤਕ ਸੁਰਾਂ ਨਾਲ ਇੱਕ ਮਿੱਕ ਹੋ ਗਈਆਂ। ਸੁਰਿੰਦਰ ਕੌਰ, ਪ੍ਰਕਾਸ਼ ਕੌਰ ਦੇ ਭਰਾਵਾਂ ਨੇ ਉਨ੍ਹਾਂ ਨੂੰ ਗਾਇਕੀ ਵਿਚ ਪਰਪੱਕਤਾ ਲਿਆਉਣ ਲਈ ਪਟਿਆਲਾ ਘਰਾਣੇ ਦੇ ਮਹਾਨ ਸੰਗੀਤਕਾਰ ਮਾਸਟਰ ਇਨਾਇਤ ਹੁਸੈਨ ਦੀ ਸ਼ਾਗਿਰਦੀ ਕਰਵਾਈ। ਉਨ੍ਹਾਂ ਕੋਲੋਂ ਕਲਾਸੀਕਲ ਦੀ ਸੰਗੀਤਕ ਸਿੱਖਿਆ ਦਵਾਈ।

13 ਸਾਲ ਦੀ ਉਮਰ ਵਿਚ ਸੁਰਿੰਦਰ ਕੌਰ, ਪ੍ਰਕਾਸ਼ ਕੌਰ ਨੇ ਲਾਹੌਰ ਆਲ ਇੰਡੀਆ ਰੇਡੀਓ ਤੋਂ ਪਹਿਲੀ ਵਾਰ ਗਾਇਆ ਅਤੇ ਉਹ ਰੇਡੀਓ ਦੀਆਂ ਪ੍ਰਵਾਨਿਤ ਗਾਇਕਾਵਾਂ ਬਣ ਗਈਆਂ। ਅਗਸਤ 1943 ਵਿਚ ਮਾਸਟਰ ਇਨਾਇਤ ਹੁਸੈਨ ਦੇ ਸੰਗੀਤ ਵਿਚ ਐੱਚ.ਐੱਮ.ਵੀ. ਕੰਪਨੀ ਨੇ ਦੋਹਾਂ ਭੈਣਾਂ ਦਾ ਸਦਾਬਹਾਰ ਗੀਤ “ਮਾਂਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ” ਰਿਕਾਰਡ ਕੀਤਾ, ਜੋ ਇਨ੍ਹਾਂ ਦੀ ਗਾਇਕਾਵਾਂ ਦਾ ਮੀਲ ਪੱਥਰ ਗੀਤ ਬਣ ਗਿਆ।

ਦੇਸ਼ ਦੀ ਵੰਡ ਤੋਂ ਬਾਦ ਇਹ ਪਰਿਵਾਰ ਫ਼ਿਰੋਜ਼ਪੁਰ ਰਹਿਣ ਲੱਗਾ ਪਰ ਜਲਦ ਹੀ ਗ਼ਾਜ਼ੀਆਬਾਦ ਜਾ ਕੇ ਵੱਸ ਗਿਆ, ਜਿੱਥੇ ਪ੍ਰੋਫੈਸਰ ਜੁਗਿੰਦਰ ਸਿੰਘ ਸੋਢੀ ਨਾਲ ਸੁਰਿੰਦਰ ਕੌਰ ਜੀ ਦਾ ਵਿਆਹ ਹੋਇਆ। ਪਤੀ ਸੋਢੀ ਜੀ ਨੇ ਸੁਰਿੰਦਰ ਕੌਰ ਦੀ ਗਾਇਕੀ ਦੀ ਕਲਾ ਹੋਰ ਨਿਖਾਰਨ ਵਿਚ ਬੇਹੱਦ ਦਿਲੋਂ ਜਾਨ ਨਾਲ ਮਦਦ ਕੀਤੀ।

1952 ਵਿਚ ਸੁਰਿੰਦਰ ਕੌਰ ਨੂੰ ਹਿੰਦੀ ਦੇ ਸੰਗੀਤਕਾਰ ਗੁਲਾਮ ਹੈਦਰ ਜੀ ਦਾ ਬੰਬਈ ਤੋਂ ਸੱਦਾ ਆਇਆ ਤੇ ਉਨ੍ਹਾਂ ਦੀ ਹਿੰਦੀ ਫਿਲਮ ਵਿਚ ਸੁਰਿੰਦਰ ਕੌਰ ਨੇ ਗੀਤ ਗਾਏ ਅਤੇ ਦਲੀਪ ਕੁਮਾਰ, ਕਾਮਿਨੀ ਕੌਸ਼ਿਲ ਦੀ ਫਿਲਮ ‘ਸ਼ਹੀਦ’ ਵਿਚ ਵੀ ਗੀਤ ਗਾਏ, ਜਿਨਾਂ ਦਾ ਜਾਦੂ ਸਰੋਤਿਆਂ ਦੇ ਸਿਰ ਚੜ੍ਹ ਕੇ ਬੋਲਿਆ। 80 ਦੇ ਕਰੀਬ ਗਾਣੇ ਹਿੰਦੀ ਫ਼ਿਲਮਾਂ ਵਿਚ ਗਾਏ ਅਤੇ 4 ਪੰਜਾਬੀ ਫਿਲਮਾਂ ‘ਮਦਾਰੀ, ਮੁਟਿਆਰ, ਬਾਲੋ ਤੇ ਸਤਲੁਜ ਦੇ ਕੰਢੇ’ ਵਿਚ 15 ਗਾਣੇ ਗਾਏ।

ਬੰਬਈ ਦੀ ਪਰਦੇ ਪਿੱਛੇ ਪਲੇਅ ਬੈਕ ਗਾਇਕੀ ਤੋਂ ਵਿਦਾਇਗੀ ਲੈ ਕੇ ਦਿੱਲੀ ਆ ਕੇ ਸੁਰਿੰਦਰ ਕੌਰ ਨੇ ਪੂਰੀ ਤਰ੍ਹਾਂ ਆਪਣੇ ਆਪ ਨੂੰ ਪੰਜਾਬੀ ਗਾਇਕੀ ਦੀ ਰੂਹ ਨੂੰ ਸਮਰਪਿਤ ਕਰ ਦਿੱਤਾ।

ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ, ਚੰਨ ਕਿੱਥਾਂ ਗੁਜ਼ਾਰੀਆ ਰਾਤ ਵੇ, ਵੇ ਇੱਕ ਮੇਰੀ ਅੱਖ ਕਾਸ਼ਨੀ, ਇੰਨਾ ਅੱਖੀਆਂ ’ਚ ਪਾਵਾਂ ਕਿਵੇਂ ਕੱਜਲਾ, ਚੰਨ ਵੇ ਕਿ ਸ਼ੌਂਕਣ ਮੇਲੇ ਦੀ, ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਲੱਠੇ ਦੀ ਚਾਦਰ ਅਤੇ 2000 ਦੇ ਕਰੀਬ ਬੇਮਿਸਾਲ ਗੀਤਾਂ ਨੇ ਪੰਜਾਬੀ ਮਾਂ ਬੋਲੀ ਦੇ ਕਰੋੜਾਂ ਪ੍ਰਸ਼ੰਸਕਾਂ ਦਾ ਦਿਲ ਜਿੱਤਿਆ।

ਸੁਰਿੰਦਰ ਕੌਰ ਦੀ ਜੋੜੀ ਆਸਾ ਸਿੰਘ ਮਸਤਾਨਾ ਨਾਲ ਬੇਹੱਦ ਕਾਮਯਾਬ ਰਹੀ ਪਰ ਪੰਜਾਬ ਦੇ ਗਾਇਕ ਹਰਚਰਨ ਗਰੇਵਾਲ ਨਾਲ ਗਾਏ ਲੱਕ ਹਿੱਲੇ ਮਜਾਜਣ ਜਾਂਦੀ ਦਾ ਅਤੇ ਹੋਰ ਅਨੇਕਾਂ ਗੀਤ ਬੇਹੱਦ ਮਕਬੂਲ ਹੋਏ। ਹੋਰ ਗਾਇਕਾਂ ਵਿਚ ਦੀਦਾਰ ਸੰਧੂ, ਮੁਹੰਮਦ ਸਦੀਕ, ਕਰਨੈਲ ਗਿੱਲ, ਜਗਜੀਤ ਜੀਰਵੀ, ਰਮੇਸ਼ ਰੰਗੀਲਾ ਤੇ ਰਮਤਾ ਜੀ ਨਾਲ ਵੀ ਗੀਤ ਗਾਏ।

ਉੱਤਰੀ ਅਮਰੀਕਾ ਵਿਚ ਸੁੰਰਿੰਦਰ ਕੌਰ ਦੇ ਸ਼ੋਅ ਕਰਵਾਉਣ ਦੇ ਮੋਢੀ ਇਕਬਾਲ ਮਾਹਲ ਸਨ, ਜਿਨ੍ਹਾਂ ਨੂੰ ਸੁਰਿੰਦਰ ਕੌਰ ਆਪਣੇ ਪੁੱਤਰ ਦਾ ਮਾਣ ਦਿੰਦੇ ਸਨ ਤੇ ਇਕਬਾਲ ਮਾਹਲ ਵੀ ਪੁੱਤਰ ਤੋਂ ਵੱਧ ਬੀਬੀ ਸੁਰਿੰਦਰ ਕੌਰ ਦਾ ਸਤਿਕਾਰ ਕਾਇਮ ਰੱਖਦੇ।

ਕੈਨੇਡਾ ਦੇ ਕੁਝ ਸ਼ੋਅ ਦੌਰਾਨ ਮੈਨੂੰ ਵੀ ਸੁਰਿੰਦਰ ਕੌਰ ਜੀ ਦੇ ਸ਼ੋਅ ਵਿਚ ਸਟੇਜ ਸੰਭਾਲਣ ਦਾ ਮੌਕਾ ਤੇ ਉਨ੍ਹਾਂ ਦਾ ਅਸ਼ੀਰਵਾਦ ਲੈਣ ਦਾ ਸਬੱਬ ਮਾਣ ਮਿਲਿਆ। ਸੁਰਿੰਦਰ ਕੌਰ ਜਿੱਥੇ ਮਾਖਿਓਂ ਮਿੱਠੀ ਸੁਰੀਲੀ ਆਵਾਜ਼ ਦੇ ਮਲਕਾ ਸਨ, ਉਥੇ ਖ਼ੂਬਸੂਰਤੀ ਅਤੇ ਮਿਕਨਾਤੀਸ਼ੀ ਸ਼ਖਸੀਅਤ ਦੀ ਮਲਕਾ ਵੀ ਸਨ।

ਸਰੋਤਿਆਂ ਵੱਲੋਂ ਸੁਰਿੰਦਰ ਕੌਰ ਪੰਜਾਬ ਦੀ ਕੋਇਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਡਾਕਟਰੇਟ ਦੀ ਡਿਗਰੀ, ਪੰਜਾਬੀ ਨਾਟਕ ਅਕੈਡਮੀ ਐਵਾਰਡ, ਭਾਰਤ ਸਰਕਾਰ ਵਲੋਂ ਪਦਮ ਸਿਰੀ ਦੇ ਖ਼ਿਤਾਬ ਨਾਲ ਨਿਵਾਜਿਆ। ਪੰਜਾਬ ਦੀ ਖਿੱਚ ਉਹ ਆਪਣੀ ਗਾਇਕਾ ਬੇਟੀ ਡੌਲੀ ਗੁਲੇਰੀਆ ਕੋਲ ਪੰਚਕੂਲੇ ਰਹਿਣ ਲੱਗੇ।

14 ਜੂਨ 2006 ਨੂੰ ਨਿਊਜਰਸੀ ਅਮਰੀਕਾ ਵਿਚ ਪੰਜਾਬ, ਪੰਜਾਬੀਅਤ ਨਾਲ ਗੜੂੰਦ ਇੱਕ ਮਾਣਮੱਤੀ ਗਾਇਕਾ ਨੇ ਆਖ਼ਰੀ ਸਵਾਸ ਲਏ। ਪੰਜਾਬ ਦੀ ਕੋਇਲ ਦੀ ਸਦਾਬਹਾਰ ਆਵਾਜ਼ ਹਮੇਸ਼ਾ ਪੰਜਾਬੀਆਂ ਦਿਲਾਂ ਵਿਚ ਗੂੰਜਦੀ ਰਹੇਗੀ।

# ਜਦੋਂ ਹਵਾਲਦਾਰ ਨੇ ਅੰਗਹੀਣ ਦੇ ਹੱਥ ਝੋਲਾ ਪਕੜਾ ਦਿੱਤਾ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA



ਪੰਜਾਬ ਪੁਲਿਸ ਵਿਚ ਲਕੀਰ ਦੀ ਫਕੀਰੀ ਬਹੁਤ ਚੱਲਦੀ ਹੈ। ਸ਼ਰਾਬ, ਨਸ਼ਿਆਂ (ਅਫੀਮ, ਭੁੱਕੀ ਅਤੇ ਚਿੱਟਾ ਆਦਿ), ਚੋਰੀ ਅਤੇ ਸੱਟ ਫੇਟ ਆਦਿ ਦੇ ਮੁਕੱਦਮਿਆਂ ਵਿਚ ਪੁਰਾਣੀਆਂ ਮਿਸਲਾਂ ਵੇਖ ਕੇ ਵਾਰ-ਵਾਰ ਉਹ ਹੀ ਮੁਹਾਰਨੀ ਦੁਹਰਾਈ ਜਾਂਦੇ ਹਨ, ਸਿਰਫ ਮੁਲਜ਼ਮ ਦਾ ਨਾਮ ਅਤੇ ਬਰਾਮਦਗੀ ਆਦਿ ਦੀ ਜਗ੍ਹਾ ਹੀ ਬਦਲੀ ਜਾਂਦੀ ਹੈ। ਕੁਝ ਸਾਲ ਪਹਿਲਾਂ ਹਾਈਕੋਰਟ ਨੇ ਇੱਕ ਸਰਵੇਖਣ ਕਰਵਾ ਕੇ ਪੰਜਾਬ ਅਤੇ ਹਰਿਆਣਾ ਦੀ ਪੁਲਿਸ ਨੂੰ ਆਪਣੀ ਤਫਤੀਸ਼ ਦਾ ਢੰਗ ਬਦਲਣ ਲਈ ਚੇਤਾਵਨੀ ਦਿੱਤੀ ਸੀ। ਸਰਵੇਖਣ ਵਿਚ ਇਹ ਸਾਹਮਣੇ ਆਇਆ ਸੀ ਕਿ ਸ਼ਰਾਬ ਅਤੇ ਨਸ਼ਿਆਂ ਦੇ 99% ਮੁਕੱਦਮਿਆਂ ਦੀਆਂ ਮਿਸਲਾਂ (ਪੁਲਿਸ ਫਾਈਲ) ਵਿਚ ਦਸ਼ਕਾਂ ਤੋਂ ਇੱਕ ਹੀ ਕਹਾਣੀ ਲਿਖੀ ਜਾ ਰਹੀ ਹੈ ਕਿ ਪੁਲਿਸ ਪਾਰਟੀ ਮੋਟਰ ਸਾਈਕਲ ਜਾਂ ਗੱਡੀ 'ਤੇ ਜਾ ਰਹੀ ਹੁੰਦੀ ਹੈ। ਦੋਸ਼ੀ ਸੜਕ ਦੇ ਦੂਸਰੇ ਪਾਸੇ ਤੁਰਿਆ ਆਉਂਦਾ ਦਿਖਾਈ ਦਿੰਦਾ ਹੈ, ਜਿਸ ਦੇ ਸੱਜੇ ਹੱਥ ਵਿਚ ਝੋਲਾ ਜਾਂ ਬੈਗ ਫੜਿਆ ਹੁੰਦਾ ਹੈ ਤੇ ਉਸ ਪੁਲਿਸ ਪਾਰਟੀ ਨੂੰ ਵੇਖ ਕੇ ਖੱਬੇ ਪਾਸੇ ਵੱਲ ਮੁੜ ਜਾਂਦਾ ਹੈ। ਸ਼ੱਕ ਪੈਣ 'ਤੇ ਉਸ ਦੇ ਝੋਲੇ-ਬੈਗ ਦੀ ਤਲਾਸ਼ੀ ਲਈ ਜਾਂਦੀ ਹੈ ਤੇ ਉਸ ਵਿਚੋਂ ਨਾਜਾਇਜ ਸ਼ਰਾਬ ਜਾਂ ਨਸ਼ੀਲਾ ਪਦਾਰਥ ਬਰਾਮਦ ਹੁੰਦਾ ਹੈ। ਪੁੱਛਣ 'ਤੇ ਪਹਿਲਾਂ ਉਹ ਆਪਣਾ ਗਲਤ ਨਾਮ ਸੁਰੇਸ਼ ਕੁਮਾਰ ਦੱਸਦਾ ਹੈ ਤੇ ਦੁਬਾਰਾ ਸਖਤੀ ਨਾਲ ਪੁੱਛਣ 'ਤੇ ਸਹੀ ਨਾਮ ਨਰੇਸ਼ ਕੁਮਾਰ ਪੁੱਤਰ ਫਲਾਣਾ ਤੇ ਪਿੰਡ ਫਲਾਣਾ ਦੱਸਦਾ ਹੈ।

ਨਵੇਂ ਕਾਨੂੰਨਾਂ ਅਤੇ ਹਾਈ ਕੋਰਟਾਂ ਅਤੇ ਸੁਪਰੀਮ ਕੋਰਟ ਦੇ ਅਨੇਕਾਂ ਫੈਸਲਿਆਂ ਕਾਰਨ ਹੁਣ ਨਸ਼ੀਲੇ ਪਦਾਰਥਾਂ ਦੀ ਤਫਤੀਸ਼ ਕਰਨੀ ਬਹੁਤ ਗੁੰਝਲਦਾਰ ਬਣ ਗਈ ਹੈ। ਹੁਣ ਤਾਂ ਬਰਾਮਦਗੀ ਕਰਨ ਵੇਲੇ ਵੀਡੀਉ ਬਣਾਉਣਾ ਵੀ ਲਾਜ਼ਮੀ ਹੋ ਗਿਆ ਹੈ। ਵਕੀਲ ਸਫਾਈ ਦੋਸ਼ੀਆਂ ਨੂੰ ਬਰੀ ਕਰਾਉਣ ਲਈ ਆਮ ਤੌਰ 'ਤੇ ਦੋ ਸਵਾਲ ਜ਼ਰੂਰ ਪੁੱਛਦੇ ਹਨ। ਪਹਿਲਾ, ਬਰਾਮਦਗੀ ਵੇਲੇ ਕਿਹੜਾ ਕੰਮ ਕਿੰਨੇ ਵਜੇ ਕੀਤਾ (ਜਿਵੇਂ ਮੁਲਜ਼ਮ ਕਿੰਨੇ ਵਜੇ ਵੇਖਿਆ ਗਿਆ ਸੀ, ਕਿੰਨੇ ਵਜੇ ਕਾਬੂ ਕੀਤਾ ਤੇ ਥਾਣੇ ਰੁੱਕਾ ਲੈ ਕੇ ਜਾਣ ਵਾਲਾ ਮੁਲਾਜ਼ਮ ਕਿੰਨੇ ਵਜੇ ਗਿਆ ਤੇ ਕਿੰਨੇ ਵਜੇ ਵਾਪਸ ਆਇਆ ਆਦਿ) ਅਤੇ ਦੂਸਰਾ ਬਰਾਮਦਗੀ ਵੇਲੇ ਪੁਲਿਸ ਪਾਰਟੀ ਦੀ ਲੋਕੇਸ਼ਨ। ਮੋਬਾਇਲ ਫੋਨਾਂ ਦੇ ਆਉਣ ਤੋਂ ਪਹਿਲਾਂ ਪੁਲਿਸ ਵਾਲੇ ਥਾਣੇ ਬੈਠ ਕੇ ਹੀ ਮੁਕੱਦਮਾ ਦਰਜ ਕਰ ਦਿੰਦੇ ਸਨ ਪਰ ਹੁਣ ਮੋਬਾਇਲ ਲੋਕੇਸ਼ਨ ਕਾਰਨ ਇਹ ਸੰਭਵ ਨਹੀਂ ਰਿਹਾ। ਪਰ ਹੁਣ ਵੀ ਜ਼ਿਆਦਾਤਰ ਤਫਤੀਸ਼ੀ ਬਰਾਮਦਗੀ ਆਦਿ ਦਾ ਟਾਈਮ ਦਰਜ ਕਰਨਾ ਜ਼ਰੂਰੀ ਨਹੀਂ ਸਮਝਦੇ। ਮਿਸਾਲ ਦੇ ਤੌਰ 'ਤੇ ਜੇ ਦੋਸ਼ੀ 12 ਵਜੇ ਫੜਿਆ ਗਿਆ ਹੋਵੇ, ਤਾਂ ਲਿਖ ਦੇਣਗੇ ਕਿ 12 ਤੋਂ ਬਾਅਦ। ਮੈਂ ਜਿੱਥੇ-ਜਿੱਥੇ ਵੀ ਐੱਸ.ਐੱਚ.ਉ. ਜਾਂ ਡੀ.ਐੱਸ.ਪੀ. ਸਬ ਡਵੀਜ਼ਨ ਰਿਹਾ ਸੀ, ਟਾਈਮ ਲਿਖਾਉਣ ਲਈ ਬਹੁਤ ਜ਼ੋਰ ਲਗਾਇਆ ਸੀ ਪਰ ਤਫਤੀਸ਼ੀ ਇਹ ਕਹਿ ਕੇ ਪੱਲਾ ਝਾੜ ਲੈਂਦੇ ਸਨ ਕਿ ਜਨਾਬ ਗਵਾਹੀ ਵੇਲੇ ਟਾਈਮ ਸੈੱਟ ਕਰ ਲਵਾਂਗੇ। ਪਰ ਅਦਾਲਤ ਵਿਚ ਗਵਾਹੀ ਕਈ ਮਹੀਨਿਆਂ ਬਾਅਦ ਆਉਂਦੀ ਹੈ ਤੇ ਮੁਲਾਜ਼ਮ ਉਸ ਸਮੇਂ ਤੱਕ ਸਭ ਕੁਝ ਭੁੱਲ-ਭੁਲਾ ਚੁੱਕੇ ਹੁੰਦੇ ਹਨ। ਇਸ ਲਈ ਉਹ ਵਕੀਲ ਸਫਾਈ ਦੇ ਸਵਾਲਾਂ ਵਿਚ ਉਲਝ ਜਾਂਦੇ ਹਨ ਤੇ ਦੋਸ਼ੀ ਬਰੀ ਹੋ ਜਾਂਦੇ ਹਨ।

ਪੁਲਿਸ ਨੂੰ ਪੈਣ ਵਾਲੀਆਂ ਅਚਨਚੇਤੀ ਡਿਊਟੀਆਂ ਕਾਰਨ ਇਹ ਸੰਭਵ ਹੀ ਨਹੀਂ ਹੈ ਕਿ ਕਿਸੇ ਮੁਕੱਦਮੇ ਦੇ ਸਾਰੇ ਗਵਾਹ ਤੇ ਤਫਤੀਸ਼ੀ ਗਵਾਹੀ ਵੇਲੇ ਇਕੱਠੇ ਹੋ ਸਕਣ। ਇਸ ਕਾਰਨ ਮੈਂ ਨਸ਼ਿਆਂ (ਐੱਨ.ਡੀ.ਪੀ.ਐੱਸ.) ਦੇ ਕੇਸਾਂ ਵਿਚ ਆਪਣਾ ਬਿਆਨ ਬਹੁਤ ਤਫਸੀਲ ਨਾਲ ਲਿਖਾਉਂਦਾ ਹੁੰਦਾ ਸੀ ਤੇ ਉਸ ਦੀ ਕਾਪੀ ਸੰਭਾਲ ਕੇ ਆਪਣੇ ਕੋਲ ਰੱਖ ਲੈਂਦਾ ਸੀ। ਜਿਵੇਂ ਕਿ ਮੈਨੂੰ ਤਫਤੀਸ਼ੀ ਨੇ ਮੌਕੇ 'ਤੇ ਆਉਣ ਲਈ ਫੋਨ ਕਿਸ ਨੰਬਰ ਤੋਂ ਤੇ ਕਿੰਨੇ ਵਜੇ ਕੀਤਾ ਸੀ, ਮੈਂ ਕਿਸ ਰਸਤੇ 'ਤੇ ਕਿਹੜੇ-ਕਿਹੜੇ ਪਿੰਡਾਂ ਵਿਚ ਦੀ ਗਿਆ ਸੀ ਤੇ ਕਿੰਨੇ ਵਜੇ ਪਹੁੰਚਿਆ ਸੀ, ਤੱਕੜੀ ਵੱਟੇ ਲੈਣ ਵਾਲਾ ਸਿਪਾਹੀ ਕਿੰਨੇ ਵਜੇ ਗਿਆ ਸੀ ਤੇ ਕਿੰਨੇ ਵਜੇ ਵਾਪਸ ਆਇਆ, ਮੈਂ ਮੌਕੇ 'ਤੇ ਕਿੰਨੇ ਘੰਟੇ ਰਿਹਾ ਤੇ ਕਿੰਨੇ ਵਜੇ ਵਾਪਸੀ ਲਈ ਚੱਲ ਪਿਆ ਸੀ ਆਦਿ। ਸੱਚ ਮੰਨਿਉਂ ਕਿ ਤਫਤੀਸ਼ੀ ਤੇ ਮੁਕੱਦਮੇ ਵਿਚ ਸਹਿਯੋਗੀ ਹੋਰ ਮੁਲਾਜ਼ਮ ਗਵਾਹੀ ਦੇਣ ਵੇਲੇ ਮੇਰਾ ਬਿਆਨ ਪੜ੍ਹ ਕੇ ਗਵਾਹੀ ਦਿੰਦੇ ਹੁੰਦੇ ਸਨ, ਜਿਸ ਕਾਰਨ ਮੇਰੀ ਸ਼ਮੂਲੀਅਤ ਵਾਲੇ ਜ਼ਿਆਦਾਤਰ ਮੁਕੱਦਮੇ ਸਜ਼ਾ ਹੋਏ ਸਨ।

ਪੁਲਿਸ ਦੀ ਲਕੀਰ ਦੀ ਫਕੀਰੀ ਦੀ ਇੱਕ ਹੱਡਬੀਤੀ ਮੇਰੇ ਨਾਲ ਵੀ ਵਾਪਰੀ ਸੀ। 1993-94 ਵਿਚ ਮੈਂ ਸੰਗਰੂਰ ਜ਼ਿਲ੍ਹੇ ਦੇ ਇੱਕ ਥਾਣੇ ਵਿਖੇ ਐੱਸ.ਐੱਚ.ਉ. ਵਜੋਂ ਤਾਇਨਾਤ ਸੀ। ਉੱਥੇ ਹਰਿਆਣੇ ਦੇ ਰੋਹਤਕ ਜ਼ਿਲ੍ਹੇ ਦਾ ਰਹਿਣ ਵਾਲਾ ਚੌਧਰੀ ਰਾਮ ਸਿੰਘ ਨਾਮਕ ਇੱਕ ਥਾਣੇਦਾਰ ਤਾਇਨਾਤ ਸੀ, ਜੋ ਤਫਤੀਸ਼ ਦੇ ਕੰਮਾਂ ਤੋਂ ਬਿਲਕੁਲ ਕੋਰਾ ਸੀ। ਇੱਕ ਦਿਨ ਉਸ ਨੇ ਕਿਸੇ ਬੰਦੇ ਕੋਲੋਂ ਪੰਦਰਾਂ ਸੋਲਾਂ ਬੋਤਲਾਂ ਦੇਸੀ ਸ਼ਰਾਬ ਦੀਆਂ ਬਰਾਮਦ ਕਰ ਲਈਆਂ ਤੇ ਉਸ ਨੂੰ ਫੜ ਕੇ ਥਾਣੇ ਲੈ ਆਇਆ। ਸਰਦੀਆਂ ਦੇ ਦਿਨ ਸਨ ਤੇ ਦੋਸ਼ੀ ਨੇ ਖੇਸ ਦੀ ਬੁੱਕਲ ਮਾਰੀ ਹੋਈ ਸੀ। ਹੁਣ ਥਾਣੇਦਾਰ ਨੂੰ ਤਾਂ ਤਫਤੀਸ਼ ਬਾਰੇ ਕੁਝ ਪਤਾ ਨਹੀਂ ਸੀ, ਇਸ ਲਈ ਉਸ ਨੇ ਸਸਤੀ ਜਿਹੀ ਵਿਸਕੀ ਦੀ ਬੋਤਲ ਦੇ ਕੇ ਇੱਕ ਹਵਾਲਦਾਰ ਨੂੰ ਮਿਸਲ ਲਿਖਣ ਲਈ ਮਨਾ ਲਿਆ। ਅੱਗੋਂ ਹਵਾਲਦਾਰ ਵੀ ਕੋਈ ਜ਼ਿਆਦਾ ਸਿਆਣਾ ਤਫਤੀਸ਼ੀ ਨਹੀਂ ਸੀ। ਉਸ ਨੇ ਮੁਨਸ਼ੀ ਕੋਲੋਂ ਐਕਸਾਈਜ਼ ਐਕਟ (ਸ਼ਰਾਬ ਦੇ ਕੇਸਾਂ ਬਾਰੇ ਕਾਨੂੰਨ) ਦੀ ਇੱਕ ਪੁਰਾਣੀ ਮਿਸਲ ਲੈ ਲਈ ਤੇ ਇਨਾਮ ਦੀ ਬੋਤਲ 'ਚੋਂ ਇੱਕ ਮੋਟਾ ਜਿਹਾ ਪੈੱਗ ਮਾਰ ਕੇ ਮੱਖੀ 'ਤੇ ਮੱਖੀ ਮਾਰ ਦਿੱਤੀ ਕਿ ਦੋਸ਼ੀ ਦੇ ਸੱਜੇ ਹੱਥ ਵਿਚ ਝੋਲਾ ਸੀ ਤੇ ਉਹ ਖੱਬੇ ਪਾਸੇ ਵੱਲ ਮੁੜ ਗਿਆ... ਆਦਿ ਆਦਿ। ਰਾਤ ਦਸ ਕੁ ਵਜੇ ਹਵਾਲਦਾਰ ਨੇ ਮਿਸਲ ਤਿਆਰ ਕਰ ਕੇ ਚੌਧਰੀ ਦੇ ਅੱਗੇ ਜਾ ਰੱਖੀ ਤੇ ਉਸ ਨੇ ਵੀ ਬਿਨਾਂ ਪੜ੍ਹੇ ਜਿੱਥੇ-ਜਿੱਥੇ ਕਿਹਾ ਗਿਆ, ਦਸਤਖਤ ਕਰ ਦਿੱਤੇ।

ਦੋਸ਼ੀ 'ਤੇ ਪਹਿਲਾਂ ਵੀ ਸ਼ਰਾਬ ਦੇ 8-9 ਮੁਕੱਦਮੇ ਦਰਜ ਸਨ ਤੇ ਵਕੀਲ ਵੀ ਉਸ ਨੇ ਪੱਕਾ ਹੀ ਰੱਖਿਆ ਹੋਇਆ ਸੀ। ਅਗਲੇ ਦਿਨ 11-12 ਵਜੇ ਦੋਸ਼ੀ ਨੂੰ ਲੈ ਕੇ ਪੁਲਿਸ ਪਾਰਟੀ ਸੰਗਰੂਰ ਕਚਹਿਰੀ ਪਹੁੰਚੀ, ਤਾਂ ਦੋਸ਼ੀ ਦੇ ਵਕੀਲ ਨੇ ਜ਼ਮਾਨਤ ਦੀ ਅਰਜ਼ੀ ਜੱਜ ਦੀ ਮੇਜ਼ 'ਤੇ ਜਾ ਰੱਖੀ। ਵਕੀਲ ਨੇ ਜੱਜ ਨੂੰ ਕਿਹਾ ਕਿ ਜਨਾਬ ਮੇਰੇ ਮੁਵੱਕਿਲ ਨੂੰ ਜ਼ਮਾਨਤ ਦੇ ਦਿੱਤੀ ਜਾਵੇ ਕਿਉਂਕਿ ਮੁਕੱਦਮਾ ਸਰਾਸਰ ਝੂਠਾ ਹੈ। ਜੱਜ ਨੇ ਕਾਰਨ ਪੁੱਛਿਆ, ਤਾਂ ਉਸ ਨੇ ਦੋਸ਼ੀ ਨੂੰ ਖੇਸ ਹਟਾਉਣ ਲਈ ਕਿਹਾ। ਥੱਲਿਉਂ ਜੋ ਨਿਕਲਿਆ ਉਸ ਨੂੰ ਵੇਖ ਕੇ ਜੱਜ ਸਮੇਤ ਅਦਾਲਤ ਵਿਚ ਹਾਜ਼ਰ ਸਾਰੇ ਪੁਲਿਸ ਵਾਲੇ ਤੇ ਵਕੀਲ ਹੈਰਾਨ ਰਹਿ ਗਏ। ਚੌਧਰੀ ਥਾਣੇਦਾਰ ਨੂੰ ਤਾਂ ਹਾਰਟ ਅਟੈਕ ਆਉਣ ਵਾਲਾ ਹੋ ਗਿਆ। ਜਿਸ ਬੰਦੇ ਦੇ ਸੱਜੇ ਹੱਥ ਵਿਚ ਹਵਾਲਦਾਰ ਸਾਹਿਬ ਨੇ ਸ਼ਰਾਬ ਦੀਆਂ ਬੋਤਲਾਂ ਵਾਲਾ ਝੋਲਾ ਵਿਖਾਇਆ ਸੀ, ਉਹ ਹੈ ਹੀ ਨਹੀਂ ਸੀ। ਕਈ ਸਾਲ ਪਹਿਲਾਂ ਕਿਸੇ ਐਕਸੀਡੈਂਟ ਕਾਰਨ ਦੋਸ਼ੀ ਦੀ ਸੱਜੀ

# ਡਿਜ਼ੀਟਲ ਅਰੈਸਟ ਦੀ ਪਰਿਭਾਸ਼ਾ, ਖ਼ਤਰੇ ਤੇ ਬਚਾਅ

ਸਾਈਬਰ ਅਪਰਾਧੀਆਂ ਦੁਆਰਾ ਜਦ ਭਰਮ ਵਾਲੀ ਰਣਨੀਤੀ ਅਪਣਾ ਕੇ ਕਿਸੇ ਨੂੰ ਵੀਡੀਓ ਕਾਲ ਕਰਕੇ, ਆਨਲਾਈਨ ਜਾਂ ਫੋਨ 'ਤੇ ਗ੍ਰਿਫ਼ਤਾਰ ਕਰਨ ਦਾ ਝੂਠਾ ਤੇ ਨਕਲੀ ਦਾਅਵਾ ਕਰਕੇ, ਡਰਾ-ਧਮਕਾ ਕੇ ਵੱਡੀਆਂ ਰਕਮਾਂ ਵਸੂਲ ਕੀਤੀਆਂ ਜਾਂਦੀਆਂ ਹਨ, ਤਾਂ ਉਸਨੂੰ ਡਿਜ਼ੀਟਲ ਅਰੈਸਟ ਦਾ ਨਾਮ ਦਿੱਤਾ ਜਾਂਦਾ ਹੈ। ਅਰਥਾਤ ਡਿਜ਼ੀਟਲ ਕਿਸੇ ਨੂੰ ਗ੍ਰਿਫ਼ਤਾਰ ਕਰਕੇ, ਡਰਾ-ਧਮਕਾ ਕੇ ਉਸ ਤੋਂ ਆਪਣੀ ਮਰਜ਼ੀ ਮੁਤਾਬਕ ਪੈਸਿਆਂ ਦੀ ਮੰਗ ਪੂਰੀ ਕਰਵਾਉਣਾ।

ਅਜਿਹਾ ਕਰਦੇ ਸਮੇਂ ਅਪਰਾਧੀ ਆਪਣੇ ਆਪ ਨੂੰ ਪੁਲਿਸ ਦੇ ਵੱਡੇ ਅਧਿਕਾਰੀ, ਸੀ.ਬੀ.ਆਈ. ਜਾਂ ਆਰ.ਬੀ.ਆਈ. ਦੇ ਅਫ਼ਸਰ ਵਜੋਂ ਪੇਸ਼ ਕਰਦਾ ਹੈ। ਕਿਸੇ ਨੂੰ ਬਲੈਕਮੇਲ ਕਰਨ ਦਾ, ਠੱਗਣ ਦਾ ਇਹ ਅਤਿ ਆਧੁਨਿਕ ਢੰਗ-ਤਰੀਕਾ ਹੈ।

ਡਿਜ਼ੀਟਲ ਅਰੈਸਟ ਲਈ ਵਧੇਰੇ ਕਰਕੇ ਵੀਡੀਓ ਕਾਲ ਦੀ ਵਰਤੋਂ ਕੀਤੀ ਜਾਂਦੀ ਹੈ। ਅਪਰਾਧੀ ਦਾ ਪਹਿਰਾਵਾ ਅਤੇ ਪਿਛੋਕੜ ਵਿਚ ਨਜ਼ਰ ਆਉਣ ਵਾਲਾ ਦ੍ਰਿਸ਼ ਅਤੇ ਮਾਹੌਲ ਉਸ ਅਨੁਸਾਰ ਹੁੰਦਾ ਹੈ, ਜਿਸ ਅਫ਼ਸਰ, ਅਧਿਕਾਰੀ ਵਜੋਂ ਉਹ ਗੱਲ ਕਰ ਰਹੇ ਹੁੰਦੇ ਹਨ।

ਡਰਾਉਂਦੇ ਧਮਕਾਉਂਦੇ ਹੋਏ ਉਹ ਪੀੜਤ ਨੂੰ ਕਹਿੰਦੇ ਹਨ ਕਿ ਤੁਹਾਡੇ ਪੈਨ ਕਾਰਡ, ਆਧਾਰ ਕਾਰਡ ਦੀ ਦੁਰਵਰਤੋਂ ਕਰਕੇ ਗੈਰ-ਕਾਨੂੰਨੀ ਕੰਮ ਕੀਤਾ ਗਿਆ ਹੈ। ਜਾਂ ਕਹਿਣਗੇ ਤੁਹਾਡੇ ਨਾਂ ਇਕ ਪਾਰਸਲ ਆਇਆ ਹੈ, ਜਿਸ ਵਿਚ ਵਰਜਿਤ ਨਸ਼ੇ ਹਨ। ਅਜਿਹੀਆਂ ਡਰਾਉਣ ਵਾਲੀਆਂ ਗੱਲਾਂ ਕਰਕੇ ਉਹ ਪੀੜਤ ਨੂੰ ਲਗਾਤਾਰ ਵੀਡੀਓ ਕਾਲ 'ਤੇ ਬਣੇ ਰਹਿਣ ਲਈ ਕਹਿੰਦੇ ਹਨ ਅਤੇ ਕਿਸੇ ਹੋਰ ਨਾਲ ਗੱਲ ਕਰਨ ਮਿਲਣ ਸਲਾਹ ਕਰਨ ਜਾਂ ਮੈਸਜ ਕਰਨ ਦੀ ਆਗਿਆ ਨਹੀਂ ਦਿੰਦੇ।

ਇਸ ਤੋਂ ਅਗਲੇ ਪੜਾਅ 'ਤੇ ਉਹ ਪੀੜਤ ਨੂੰ ਸਮਝਾਉਂਦੇ ਡਰਾਉਂਦੇ ਹਨ ਕਿ ਜੇ ਇਸ ਝੰਜਟ ਤੋਂ ਬਚਣਾ ਹੈ ਜਾਂ ਅਗਾਊਂ ਜ਼ਮਾਨਤ ਕਰਾਉਣੀ ਹੈ, ਤਾਂ ਉਵੇਂ ਕਰੋ, ਜਿਵੇਂ ਅਸੀਂ ਕਹਿੰਦੇ ਹਾਂ। ਹੁਣ ਤੱਕ ਪੀੜਤ ਬਹੁਤ ਡਰ ਚੁੱਕਾ ਹੁੰਦਾ ਹੈ ਅਤੇ ਪੂਰੀ ਤਰ੍ਹਾਂ ਉਨ੍ਹਾਂ ਦੇ ਅਧੀਨ ਹੋ ਜਾਂਦਾ ਹੈ। ਉਹੀ ਕਰਨ ਲੱਗਦਾ ਹੈ, ਜੋ ਅਪਰਾਧੀ ਕਹਿੰਦੇ ਹਨ।



ਅਜਿਹੀਆਂ ਖ਼ਬਰਾਂ ਅਸੀਂ ਰੋਜ਼ਾਨਾ ਅਖ਼ਬਾਰਾਂ ਵਿਚ ਪੜ੍ਹਦੇ ਹਾਂ ਅਤੇ ਅਜਿਹੇ ਮਾਮਲਿਆਂ ਦੀ ਗਿਣਤੀ ਲਗਾਤਾਰ ਵੱਧਦੀ ਜਾ ਰਹੀ ਹੈ। ਭਾਰਤ ਵਿਚ ਹੁਣ ਤੱਕ ਕਰੋੜਾਂ ਨਹੀਂ, ਅਰਬਾਂ ਰੁਪਏ ਦੀ ਠੱਗੀ ਹੋ ਚੁੱਕੀ ਹੈ। ਇਸੇ ਲਈ ਬੀਤੇ ਦਿਨੀਂ ਪ੍ਰਧਾਨ ਮੰਤਰੀ ਨੇ ਵੀ ਇਸ ਮਸਲੇ ਬਾਰੇ ਵਿਸਥਾਰ ਵਿਚ ਗੱਲ ਕੀਤੀ। ਅਖ਼ਬਾਰਾਂ ਦੇ ਸੰਪਾਦਕ ਸੰਪਾਦਕੀ ਨੋਟ ਲਿਖ ਰਹੇ ਹਨ ਅਤੇ ਲੇਖਕ, ਪੱਤਰਕਾਰ ਸੰਪਾਦਕੀ ਸਫ਼ਿਆਂ 'ਤੇ ਲੰਮੇ ਲੇਖ ਲਿਖ ਰਹੇ ਹਨ, ਤਾਂ ਜੋ ਲੋਕਾਂ ਨੂੰ ਡਿਜ਼ੀਟਲ ਅਰੈਸਟ ਪ੍ਰਤੀ ਲੋੜੀਂਦੀ ਜਾਣਕਾਰੀ ਦੇ ਕੇ ਸੁਚੇਤ ਕੀਤਾ ਜਾ ਸਕੇ।

ਇਹ ਵੀ ਖ਼ਬਰਾਂ ਹਨ ਕਿ ਅਜਿਹੇ ਅਪਰਾਧੀ ਵਿਦੇਸ਼ਾਂ ਵਿਚੋਂ ਸਿਖਲਾਈ ਲੈ ਰਹੇ ਹਨ ਅਤੇ ਉਨ੍ਹਾਂ ਦਾ ਰੋਜ਼ਾਨਾ ਦਾ ਟੀਚਾ ਕਰੋੜਾਂ ਦੀ ਠੱਗੀ ਮਾਰਨਾ ਹੁੰਦਾ ਹੈ। ਬੀਤੇ ਦਿਨੀਂ 11 ਮੈਂਬਰਾਂ ਦੇ ਇਕ ਗਰੋਹ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਉਨ੍ਹਾਂ ਵਿਚੋਂ ਕੁਝ ਨੇ ਕੰਬੋਡੀਆ ਜਾ ਕੇ ਇਕ ਮਹੀਨਾ ਸਿਖਲਾਈ ਲਈ ਹੈ। ਉਥੇ ਅਦਾਲਤ ਅਤੇ ਪੁਲਿਸ ਥਾਣੇ ਦਾ ਸੈਟਅਪ ਬਣਾਇਆ ਹੈ। ਇਸ ਮਾਮਲੇ ਵਿਚ ਚੀਨ ਦੇ ਨਾਗਰਿਕ ਵੀ ਸ਼ਾਮਲ ਹਨ। ਝਾਰਖੰਡ ਅਤੇ ਬਿਹਾਰ ਦੇ ਕਈ ਨੌਜਵਾਨ ਜਿਹੜੇ ਕੰਬੋਡੀਆ ਰਹਿੰਦੇ ਹਨ, ਉਹ ਇਨ੍ਹਾਂ ਗਰੁੱਪਾਂ ਨਾਲ ਪੱਕੇ ਤੌਰ 'ਤੇ ਕੰਮ ਕਰ ਰਹੇ ਹਨ।

ਹਰਿਆਣਾ ਦੇ ਪਲਵਲ ਸਾਈਬਰ ਥਾਣੇ ਅਨੁਸਾਰ ਡਿਜ਼ੀਟਲ ਅਰੈਸਟ ਦੁਆਰਾ ਠੱਗੀ ਕਰਨ ਵਾਲੇ ਗਰੋਹ ਦੇ ਭਾਰਤ ਵਿਚ ਸੈਂਕੜੇ ਮੈਂਬਰ ਹਨ।

ਮੱਧ ਪ੍ਰਦੇਸ਼ ਵਿਚ ਬੀਤੇ ਦਿਨੀਂ ਅਜਿਹੇ ਤਿੰਨ ਮਾਮਲੇ ਸਾਹਮਣੇ ਆਏ ਹਨ, ਜਿੱਥੇ ਡਿਜ਼ੀਟਲ ਅਰੈਸਟ ਦੌਰਾਨ ਇਕ ਪ੍ਰਿੰਸੀਪਲ ਅਤੇ ਇਕ ਭਾਜਪਾ ਨੇਤਾ ਆਪਣੀ ਸੂਝ-ਬੂਝ ਨਾਲ ਅਪਰਾਧੀਆਂ ਦੇ ਚੁੰਗਲ ਵਿਚ ਫਸਣ ਤੋਂ ਬਚ ਗਏ। ਯਮੁਨਾਨਗਰ ਦੀ ਇਕ ਔਰਤ ਡਾਕਟਰ ਕੋਲੋਂ 13 ਲੱਖ 20 ਹਜ਼ਾਰ ਰੁਪਏ ਠੱਗ ਲਏ ਗਏ। ਇਸੇ ਤਰ੍ਹਾਂ ਇੰਦੌਰ ਦੇ ਇਕ ਬਜ਼ੁਰਗ ਨੂੰ ਡਿਜ਼ੀਟਲ ਅਰੈਸਟ ਕਰਕੇ 40.0 ਲੱਖ ਰੁਪਏ ਠੱਗ ਲਏ। ਲਖਨਊ ਦੇ ਇਕ ਸਾਬਕਾ ਪੰਚਾਇਤੀ ਰਾਜ ਕਰਮਚਾਰੀ ਵੀ ਸ਼ਿਕਾਰ ਬਣ ਗਏ। ਹੈਰਾਨੀ ਦੀ ਗੱਲ ਹੈ ਕਿ ਉਸਨੂੰ ਸੱਤ ਦਿਨ ਤੱਕ ਡਿਜ਼ੀਟਲ ਤੌਰ 'ਤੇ ਗ੍ਰਿਫ਼ਤਾਰ ਰੱਖਿਆ ਗਿਆ ਅਤੇ ਅਖੀਰ ਉਸ ਤੋਂ 19.50 ਲੱਖ ਰੁਪਏ ਠੱਗਣ ਵਿਚ ਕਾਮਯਾਬ ਹੋ ਗਏ।

ਅਜੇ ਕੁਝ ਦਿਨ ਪਹਿਲਾਂ ਅਖ਼ਬਾਰਾਂ ਵਿਚ ਖ਼ਬਰ ਪ੍ਰਕਾਸ਼ਿਤ ਹੋਈ ਕਿ ਦਿੱਲੀ ਦੇ ਇਕ 72 ਸਾਲਾਂ ਦੇ ਇੰਜੀਨੀਅਰ ਬਜ਼ੁਰਗ ਨੂੰ 8

ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਘੰਟੇ ਡਿਜ਼ੀਟਲ ਅਰੈਸਟ ਕਰਕੇ ਉਸ ਤੋਂ 10 ਕਰੋੜ ਰੁਪਏ ਬਟੋਰ ਲਏ ਗਏ। ਉਸਨੂੰ ਡਰਾਇਆ ਧਮਕਾਇਆ ਗਿਆ ਕਿ ਉਸਨੇ ਇਕ ਪਾਰਸਲ ਤੈਵਾਨ ਭੇਜਿਆ ਹੈ, ਜਿਸ ਵਿਚ ਵਰਜਿਤ ਨਸ਼ੇ ਸਨ। ਉਸਨੂੰ ਐਨਾਂ ਡਰਾ ਦਿੱਤਾ ਗਿਆ ਕਿ ਉਹ ਉਵੇਂ ਕਰਦਾ ਗਿਆ, ਜਿਵੇਂ ਅਪਰਾਧੀ ਕਹਿੰਦੇ ਗਏ। ਜਦੋਂ ਉਸਨੂੰ ਕਿਹਾ ਗਿਆ ਕਿ ਆਪਣੇ ਵਿਦੇਸ਼ ਰਹਿੰਦੇ ਬੱਚਿਆਂ ਕੋਲੋਂ ਵੀ ਪੈਸੇ ਮੰਗਵਾ ਕੇ ਦੇਵੇ। ਉਦੋਂ ਉਸਨੂੰ ਸ਼ੱਕ ਹੋਇਆ ਅਤੇ ਉਸਨੇ ਆਪਣਾ ਲੈਪਟਾਪ ਬੰਦ ਕਰ ਦਿੱਤਾ।

ਅਪਰਾਧੀ ਬੇਹੱਦ ਸ਼ਾਤਰ-ਦਿਮਾਗ ਹਨ। ਉਨ੍ਹਾਂ ਨੂੰ ਸਿਖਲਾਈ ਹੀ ਇਵੇਂ ਦਿੱਤੀ ਗਈ ਹੈ ਕਿ ਕਿਧਰੇ ਸ਼ੱਕ ਨਹੀਂ ਪੈਣ ਦਿੰਦੇ। ਦੇਸ਼-ਵਿਦੇਸ਼ ਵਿਚ ਪੂਰਾ ਨੈੱਟਵਰਕ ਹੈ। ਅੱਗੇ ਤੋਂ ਅੱਗੇ ਜਾਲ ਵਿਚ ਫਸਾਈ ਜਾਂਦੇ ਹਨ। ਡਰਾਈ ਧਮਕਾਈ ਜਾਂਦੇ ਹਨ। ਜੇਕਰ ਸੰਬੰਧਤ ਵਿਅਕਤੀ ਨੂੰ ਡਿਜ਼ੀਟਲ ਅਰੈਸਟ ਬਾਰੇ ਜਾਣਕਾਰੀ ਨਹੀਂ ਹੈ, ਜੇਕਰ ਇਸ ਪ੍ਰਤੀ ਉਹ ਸੁਚੇਤ ਨਹੀਂ ਹੈ, ਤਾਂ ਜਲਦੀ ਹੀ ਅਪਰਾਧੀਆਂ ਦੇ ਚੁੰਗਲ ਵਿਚ ਫਸ ਜਾਂਦਾ ਹੈ, ਸਹਿਮ ਜਾਂਦਾ ਹੈ।

## ਬਚਾਅ

ਡਿਜ਼ੀਟਲ ਅਰੈਸਟ ਅਤੇ ਡਿਜ਼ੀਟਲ ਠੱਗੀ ਤੋਂ ਬਚਣ ਦਾ ਸਭ ਤੋਂ ਕਾਰਗਰ ਤਰੀਕਾ ਜਾਣਕਾਰੀ ਹੈ। ਡਿਜ਼ੀਟਲ ਅਰੈਸਟ ਦੀ ਸ਼ੁਰੂਆਤ ਡਰ, ਸਹਿਮ ਅਤੇ ਘਬਰਾਹਟ ਨਾਲ ਹੁੰਦੀ ਹੈ। ਤੁਸੀਂ ਧਮਕੀਆਂ ਦੇ ਦਬਾਅ ਹੇਠ ਆ ਜਾਂਦੇ ਹੋ। ਪਹਿਲਾ ਕਦਮ ਇਹ ਹੈ ਕਿ ਅਜਿਹੇ ਕਿਸੇ ਫੋਨ ਜਾਂ ਵੀਡੀਓ ਕਾਲ ਤੋਂ ਡਰਨ ਦੀ ਲੋੜ ਨਹੀਂ ਹੈ। ਕੋਈ ਫੋਨ ਜਾਂ ਵੀਡੀਓ ਕਾਲ 'ਤੇ ਡਰਾਉਂਦਾ ਧਮਕਾਉਂਦਾ ਹੈ, ਤਾਂ ਡਰਨ ਦੀ ਬਜਾਏ ਸਿੱਧਾ ਸਪੱਸ਼ਟ ਜਵਾਬ ਦਿਓ ਜਾਂ ਫੋਨ ਬੰਦ ਕਰ ਦਿਓ। ਕੁਝ ਸਮੇਂ ਲਈ ਫੋਨ ਪਾਵਰ-ਆਫ਼ ਕਰ ਦਿਓ।

ਪੁਲਿਸ ਨੂੰ ਸ਼ਿਕਾਇਤ ਕਰ ਸਕਦੇ ਹੋ। ਜੇਕਰ ਕੋਈ ਮੈਸੇਜ ਜਾਂ ਈਮੇਲ ਆਈ ਹੈ, ਤਾਂ ਉਹ ਪੁਲਿਸ ਨੂੰ ਦੇ ਸਕਦੇ ਹੋ। ਸਬੂਤ ਵਜੋਂ ਵੀਡੀਓ ਕਾਲ ਦੀ ਰਿਕਾਰਡਿੰਗ ਕਰ ਸਕਦੇ ਹੋ, ਸਕਰੀਨ ਸ਼ਾਟ ਲੈ ਸਕਦੇ ਹੋ। ਨਾ ਡਰਨ ਦੀ ਲੋੜ ਹੈ, ਨਾ ਪੈਸੇ ਦੇਣ ਦੀ ਲੋੜ ਹੈ।

ਅਜਿਹੀ ਸਥਿਤੀ ਪੈਦਾ ਹੋਣ 'ਤੇ ਜਿੰਨੀ ਜਲਦੀ ਹੋ ਸਕੇ, ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਸੂਚਿਤ ਕਰੋ। ਨੈਸ਼ਨਲ ਸਾਈਬਰਕਰਾਈਮ ਹੈਲਪ ਲਾਈਨ 1930 'ਤੇ ਫੋਨ ਕਰਕੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹੋ। ਸੋਸ਼ਲ ਮੀਡੀਆ ਮੰਚ ਐਕਸ 'ਤੇ @cyberdost ਰਾਹੀਂ ਵੀ ਸ਼ਿਕਾਇਤ ਦਰਜ ਕੀਤੀ ਜਾ ਸਕਦੀ ਹੈ।


ਸਾਈਬਰ ਸਕੈਮ ਕਰਨ ਵਾਲੇ ਕਿਸੇ ਨੂੰ ਵੀ ਆਪਣਾ ਸ਼ਿਕਾਰ ਬਣਾ ਸਕਦੇ ਹਨ। ਇਸ ਲਈ ਆਪਣੇ ਡੇਟਾ ਦੀ ਸੁਰੱਖਿਆ ਦਾ ਵਿਸ਼ੇਸ਼ ਧਿਆਨ ਰੱਖੋ। ਕਿਸੇ ਵੀ ਅਨਜਾਣ ਲਿੰਕ 'ਤੇ ਕਲਿੱਕ ਨਾ ਕਰੋ। ਕਿਸੇ ਵੀ ਅਨਜਾਣ ਨੰਬਰ ਤੋਂ ਆਏ ਫੋਨ 'ਤੇ ਕਲਿੱਕ ਨਾ ਕਰੋ। ਕਿਸੇ ਵੀ ਅਨਜਾਣ ਨੰਬਰ ਤੋਂ ਆਏ ਫੋਨ 'ਤੇ ਨਿੱਜੀ ਜਾਂ ਬੈਂਕ ਜਾਣਕਾਰੀ ਨਾ ਦਿਓ। ਜਿੱਥੇ ਵੀ ਪਾਸਵਰਡ ਦੀ ਲੋੜ ਹੈ, ਮਜ਼ਬੂਤ ਪਾਸਵਰਡ ਲਾਓ। ਕੋਈ ਵੀ ਥਰਡ-ਪਾਰਟੀ ਐਪ ਡਾਊਨਲੋਡ ਨਾ ਕਰੋ ਅਤੇ ਕਿਸੇ ਵੀ ਅਣ-ਅਧਿਕਾਰਿਤ ਪਲੇਟਫਾਰਮ ਤੋਂ ਕੁਝ ਵੀ ਇੰਸਟਾਲ ਨਾ ਕਰੋ। ਆਪਣੇ ਡਿਵਾਈਸ ਅਤੇ ਐਪਸ ਨੂੰ ਅਪਡੇਟ ਰੱਖੋ।

ਮੁੱਕਦੀ ਗੱਲ ਇਹ ਹੈ ਕਿ ਕਿਸੇ ਵੀ ਦਬਾਅ ਜਾਂ ਧਮਕੀ ਅਧੀਨ ਪੈਸੇ ਟਰਾਂਸਫਰ ਨਾ ਕਰੋ ਕਿਉਂਕਿ ਕੋਈ ਵੀ ਏਜੰਸੀ ਜਾਂ ਅਦਾਰਾ ਅਜਿਹਾ ਕਰਨ ਲਈ ਨਹੀਂ ਕਹਿੰਦਾ। ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ 'ਮਨ ਕੀ ਬਾਤ' ਰਾਹੀਂ ਭਾਰਤ ਵਾਸੀਆਂ ਨੂੰ 'ਡਿਜ਼ੀਟਲ ਅਰੈਸਟ' ਪ੍ਰਤੀ ਚੁਕੰਨੇ ਕਰਦਿਆਂ ਇਹੀ ਗੱਲਾਂ ਕਹੀਆਂ ਸਨ।

# "ਚੁਗਲੀ" ਸ਼ਬਦ ਦਾ ਅਰਥ ਕੀ ਹੈ?

-ਠਾਕੁਰ ਦਲੀਪ ਸਿੰਘ
# ਮੋਬਾਈਲ : 98158-02070
ਪੰਜਾਬ ਮੇਲUSA





ਚੁਗਲੀ ਸ਼ਬਦ ਦਾ ਅਰਥ ਹੈ: ਕੋਈ ਐਸੀ ਗੱਲ, ਐਸੇ ਸ਼ਬਦਾਂ ਵਿਚ, ਐਸੇ ਢੰਗ ਨਾਲ, ਜਾਣਬੁੱਝ ਕੇ, ਲੜਾਈ ਪਵਾਉਣ ਦੀ ਭਾਵਨਾ ਨਾਲ ਕਰਨੀ: ਜਿਹੜੀ ਕੋਈ ਦੋ ਵਿਅਕਤੀਆਂ ਵਿਚ ਜਾਂ ਸਮਾਜ ਵਿਚ ਦੂਰੀਆਂ ਵਧਾ ਦੇਵੇ ਅਤੇ ਝਗੜੇ ਪੈਦਾ ਕਰ ਕੇ ਲੜਾਈਆਂ ਪਵਾ ਦੇਵੇ। ਚੁਗਲੀ ਕਰਨੀ ਇੱਕ ਪਾਪ ਹੈ। ਕਿਉਂਕਿ, ਬਾਣੀ ਵਿਚ ਗੁਰੂ ਜੀ ਨੇ ਲਿਖਿਆ ਹੈ "ਜਿਸੁ ਅੰਦਰਿ ਚੁਗਲੀ ਚੁਗਲੋ ਵਜੈ ਕੀਤਾ ਕਰਤਿਆ ਓਸ ਦਾ ਸਭੁ ਗਇਆ ॥" (ਪੰਨਾ : 308)। ਚੁਗਲੀ ਨਾਲ ਪਰਿਵਾਰਾਂ ਵਿਚ, ਸਮਾਜ ਵਿਚ ਦੂਰੀਆਂ ਵਧ ਕੇ ਝਗੜੇ, ਲੜਾਈਆਂ ਪੈਂਦੀਆਂ ਹਨ ਅਤੇ ਵਧਦੀਆਂ ਵੀ ਹਨ।

ਅਸਲ ਵਿਚ ਚੁਗਲੀ; ਨਿੰਦਿਆ ਨਹੀਂ, ਚੁਗਲੀ; ਸ਼ਿਕਾਇਤ ਵੀ ਨਹੀਂ। ਕਈ ਵਾਰ ਭੋਲੇਪਣ ਵਿਚ ਹੀ, ਕਿਸੇ ਨੂੰ ਕੋਈ ਗੱਲ ਦੱਸੀ ਜਾਂਦੀ ਹੈ। ਉਸ ਗੱਲ ਨੂੰ ਲੈ ਕੇ ਲੋਕਾਂ ਦੀਆਂ ਆਪਸ ਵਿਚ ਦੂਰੀਆਂ ਵਧ ਜਾਂਦੀਆਂ ਹਨ। ਪ੍ਰੰਤੂ, ਦੱਸਣ ਵਾਲੇ ਵਿਅਕਤੀ ਨੇ, ਉਹ ਗੱਲ ਚੁਗਲੀ ਦੀ ਭਾਵਨਾ ਨਾਲ ਨਹੀਂ ਦੱਸੀ ਹੁੰਦੀ। ਉਸ ਨੇ ਤਾਂ ਸਾਧਾਰਨ ਰੂਪ ਵਿਚ ਗੱਲਾਂ ਕਰਦਿਆਂ-ਕਰਦਿਆਂ ਕੋਈ ਗੱਲ ਕਰ ਦਿੱਤੀ ਹੁੰਦੀ ਹੈ, ਜਿਸ ਦਾ ਅਰਥ ਲੋਕ 'ਚੁਗਲੀ' ਕੱਢ ਲੈਂਦੇ ਹਨ ਜਾਂ ਉਸ ਗੱਲ ਨੂੰ 'ਚੁਗਲੀ' ਕਹਿ ਦਿੰਦੇ ਹਨ; ਜੋ ਕਿ ਗੱਲ ਕਰਨ ਵਾਲੇ ਨੇ ਚੁਗਲੀ ਦੀ ਭਾਵਨਾ ਨਾਲ ਨਹੀਂ ਕੀਤੀ ਹੁੰਦੀ। ਇਸ ਕਰਕੇ ਅਸਲ ਵਿਚ ਚੁਗਲੀ ਤਾਂ ਉਹ ਹੈ, ਜੋ ਦੂਰੀਆਂ ਵਧਾਉਣ ਵਾਲੀ ਭਾਵਨਾ ਨਾਲ ਅਤੇ ਲੜਾਈ ਪਵਾਉਣ ਵਾਲੇ ਸ਼ਬਦਾਂ ਵਿਚ ਕੀਤੀ ਗਈ ਹੋਵੇ। ਭੋਲੇਪਣ ਵਿਚ, ਸਾਧਾਰਨ ਰੂਪ ਵਿਚ ਕੀਤੀ ਹੋਈ ਕੋਈ ਐਸੀ ਗੱਲ, ਜੋ ਦੋ ਵਿਅਕਤੀਆਂ ਜਾਂ ਸਮਾਜ ਵਿਚ ਦੂਰੀਆਂ ਵਧਾਵੇ, ਉਹ 'ਚੁਗਲੀ' ਨਹੀਂ ਕਹੀ ਜਾ ਸਕਦੀ। ਪਰੰਤੂ, ਦੂਰੀਆਂ ਵਧਾਉਣ ਲਈ, ਲੜਾਈ-ਝਗੜੇ ਪਵਾਉਣ ਦੀ ਭਾਵਨਾ ਨਾਲ ਕੀਤੀ ਗਈ ਹਰ ਗੱਲ ਚੁਗਲੀ ਹੈ। ਇਸ ਕਰਕੇ, ਚੁਗਲੀ ਸ਼ਬਦ ਦਾ ਅਸਲੀ 'ਅਰਥ' ਸਮਝਣ ਦੀ ਲੋੜ ਹੈ।

ਜੇ ਕੋਈ ਗਲਤ ਕੰਮ ਹੋ ਰਿਹਾ ਹੋਵੇ ਜਾਂ ਕੋਈ ਕੰਮ ਖਰਾਬ ਹੋ ਰਿਹਾ ਹੋਵੇ; ਉਸ ਕੰਮ ਨੂੰ ਠੀਕ ਕਰਨ ਦੀ ਭਾਵਨਾ ਨਾਲ, ਕਿਸੇ ਨੂੰ ਸੂਚਨਾ ਦੇਣੀ, ਚੁਗਲੀ ਨਹੀਂ ਹੈ; ਇਹ ਤਾਂ ਇੱਕ ਤਰ੍ਹਾਂ ਦਾ ਉੱਤਮ ਕਾਰਜ ਹੈ। ਜਿਵੇਂ ਬਾਰਿਸ਼ ਦੌਰਾਨ, ਘਰ ਦੇ ਕਿਸੇ ਕਮਰੇ ਦੀ ਛੱਤ ਚੋਣ ਲੱਗ ਪਵੇ; ਤਾਂ ਘਰ ਦਾ ਨੌਕਰ ਜਾਂ ਪਰਿਵਾਰਿਕ ਜੀਅ ਪਰਿਵਾਰ ਦੇ ਬਾਕੀ ਜੀਆਂ ਨੂੰ ਦੱਸਦਾ ਹੈ "ਇਥੋਂ ਛੱਤ ਚੋਂਦੀ ਹੈ"। ਇਹ ਗੱਲ ਸ਼ਿਕਾਇਤ ਨਹੀਂ, ਇਹ ਚੁਗਲੀ ਵੀ ਨਹੀਂ; ਇਹ ਤਾਂ ਇੱਕ ਸੂਚਨਾ ਹੈ।

ਇਸੇ ਤਰ੍ਹਾਂ, ਜੇ ਕਿਸੇ ਪਰਿਵਾਰ ਦਾ ਬੱਚਾ ਮਾੜੀ ਸੰਗਤ ਕਰਦਾ ਹੋਵੇ, ਕੋਈ ਨਸ਼ਾ ਕਰਦਾ ਹੋਵੇ ਜਾਂ ਕੋਈ ਅਜਿਹਾ ਕਾਰਜ ਕਰਦਾ ਹੋਵੇ, ਜਿਸ ਨਾਲ ਪਰਿਵਾਰ ਜਾਂ ਸਮਾਜ ਨੂੰ ਹਾਨੀ ਹੋਣ ਦੀ ਸੰਭਾਵਨਾ ਹੋਵੇ; ਉਸ ਬੱਚੇ ਦੇ ਪਰਿਵਾਰ ਨੂੰ ਬੱਚੇ ਦੇ ਗਲਤ ਕਾਰਜ ਜਾਂ ਮਾੜੀ ਆਦਤ ਬਾਰੇ ਸੂਚਿਤ ਕਰਨਾ ਵੀ ਚੁਗਲੀ ਨਹੀਂ ਹੈ। ਕਿਸੇ ਗਲਤ ਆਦਤ ਵਾਲੇ ਪਰਿਵਾਰਕ ਜੀਅ ਬਾਰੇ ਸੂਚਨਾ ਦੇ ਕੇ ਉਸ ਜੀਅ ਨੂੰ ਮਾੜੀ ਆਦਤ ਤੋਂ ਹਟਾਉਣਾ ਤਾਂ ਪਰਉਪਕਾਰ ਹੈ, ਚੁਗਲੀ ਨਹੀਂ।

ਇਸੇ ਹੀ ਤਰ੍ਹਾਂ, ਜੇ ਆਪਾਂ ਖਰਾਬ ਹੋ ਰਹੇ ਕੰਮ ਨੂੰ ਠੀਕ ਕਰਨ ਦੀ ਭਾਵਨਾ ਨਾਲ ਅਤੇ ਸੁੰਦਰ ਸ਼ਬਦਾਂ ਵਿਚ ਕਿਸੇ ਨੂੰ ਸੂਚਨਾ ਦਿੰਦੇ ਹਾਂ, ਤਾਂ ਉਸ ਦਾ ਅਰਥ ਹੈ: ਖਰਾਬ ਹੋਏ ਜਾਂ ਹੋ ਰਹੇ ਕੰਮ ਨੂੰ ਠੀਕ ਕਰਨਾ, ਜਾਂ ਠੀਕ ਕਰਨ ਵਿਚ ਕਿਸੇ ਦੀ ਸਹਾਇਤਾ ਕਰਨੀ; ਉਹ ਵੀ ਚੁਗਲੀ ਨਹੀਂ। ਕੋਈ ਵੀ ਗੱਲ ਚੁਗਲੀ ਹੈ ਜਾਂ ਸੂਚਨਾ ਹੈ; ਇਹ ਗੱਲ ਕਰਨ ਵਾਲੇ ਦੀ ਭਾਵਨਾ ਅਤੇ ਉਸ ਦੇ ਸ਼ਬਦ-ਜੋੜ ਰਾਹੀਂ ਬਣੇ ਵਾਕ ਦੀ ਪ੍ਰਸਤੁਤੀ ਉੱਤੇ ਨਿਰਭਰ ਕਰਦਾ ਹੈ।

ਭਾਵੇਂ ਚੁਗਲੀ ਕਰਨੀ, ਭਾਵ ਲੋਕਾਂ ਨੂੰ ਆਪਸ ਵਿਚ ਲੜਾਉਣਾ, ਪਰਿਵਾਰਾਂ ਨੂੰ, ਸਮਾਜ ਨੂੰ ਪਾੜ ਦੇਣਾ; ਅਤਿਅੰਤ ਮਾੜਾ ਕਰਮ ਹੈ ਅਤੇ ਪਾਪ ਹੈ। ਪਰੰਤੂ ਇਸ ਦਾ ਦੂਸਰਾ ਪੱਖ ਇਹ ਹੈ: ਵਧੀਆ ਢੰਗ ਨਾਲ ਚੁਗਲੀ ਕਰਨ ਵਾਲੇ, ਬਹੁਤ ਵਾਰੀ ਆਪਣੇ ਕਾਰਜ ਅਤੇ ਲਕਸ਼ ਵਿਚ ਸਫਲ ਹੋ ਜਾਂਦੇ ਹਨ।

ਜੇ ਧਿਆਨ ਨਾਲ ਵਿਚਾਰ ਕਰੀਏ: ਅੰਗਰੇਜ਼ਾਂ ਨੇ ਵੀ ਚੁਗਲੀਆਂ ਕਰਕੇ, ਲੋਕਾਂ ਨੂੰ ਆਪਸ ਵਿਚ ਪਾੜ ਕੇ ਅਤੇ ਲੜਾ ਕੇ; ਸੰਸਾਰ ਦੇ ਬਹੁਤ ਵੱਡੇ ਹਿੱਸੇ ਉੱਤੇ ਆਪਣਾ ਰਾਜ ਸਥਾਪਿਤ ਕੀਤਾ ਸੀ ਅਤੇ ਅੱਜ ਇਸੇ ਕਰਕੇ ਉਨ੍ਹਾਂ ਦੀ ਭਾਸ਼ਾ, ਉਨ੍ਹਾਂ ਦੀ ਸੱਭਿਅਤਾ; ਪੂਰੇ ਸੰਸਾਰ ਵਿਚ ਛਾ ਗਈ ਹੈ। ਭਾਵ ਲਕਸ਼ ਪ੍ਰਾਪਤੀ ਲਈ ਸੁਚੱਜੇ ਢੰਗ ਨਾਲ ਕੀਤੀ ਗਈ ਚੁਗਲੀ, ਬਹੁਤ ਵਾਰੀ ਸਫਲਤਾ ਦੇ ਰਸਤੇ ਵੀ ਖੋਲ੍ਹ ਦਿੰਦੀ ਹੈ। 'ਪੰਚਤੰਤਰ' ਭਾਰਤ ਦੀ ਪ੍ਰਾਚੀਨ ਕਹਾਣੀ ਪੁਸਤਕ ਹੈ। ਉਸ ਵਿਚ ਲਿਖੀ ਕਹਾਣੀ ਅਨੁਸਾਰ: ਆਤਮ ਰੱਖਿਆ ਵਾਸਤੇ ਸਹੇ ਵਰਗੇ ਛੋਟੇ ਜਾਨਵਰ, ਸ਼ੇਰ ਜੈਸੇ ਵੱਡੇ ਜਾਨਵਰਾਂ ਨੂੰ: ਚੁਗਲੀ ਰਾਹੀਂ, ਆਪਸ ਵਿਚ ਲੜਵਾ ਕੇ ਮਰਵਾ ਦਿੰਦੇ ਹਨ। ਇਸ ਤਰ੍ਹਾਂ ਉਹ ਚੁਗਲੀ ਕਰਕੇ ਆਤਮ ਰੱਖਿਆ ਕਰ ਲੈਂਦੇ ਹਨ।

ਭਾਵੇਂ ਚੁਗਲੀ ਕਰਨੀ ਪਾਪ ਹੈ। ਪਰੰਤੂ, ਸਵੈ-ਰੱਖਿਆ ਜਾਂ ਉੱਤਮ ਟੀਚੇ ਦੀ ਪ੍ਰਾਪਤੀ ਕਰਨ ਲਈ; ਚੁਗਲੀ ਕਰਨੀ ਪਾਪ ਨਹੀਂ। ਜਿਵੇਂ: ਭਾਵੇਂ ਹਿੰਸਾ ਕਰਨੀ ਘੋਰ ਪਾਪ ਹੈ। ਜਿਸ ਬਾਰੇ 'ਜਪੁ ਜੀ ਸਾਹਿਬ' ਵਿਚ ਵੀ ਲਿਖਿਆ ਹੈ "ਅਸੰਖ ਗਲ ਵਢ ਹਤਿਆ ਕਮਾਹਿ ਅਸੰਖ ਪਾਪੀ ਪਾਪੁ ਕਰਿ ਜਾਹਿ ॥" (ਪੰਨਾ : 4)। ਪਰੰਤੂ, ਸਵੈ-ਰੱਖਿਆ ਵਾਸਤੇ ਅਤੇ ਧਰਮ ਸਥਾਪਨ ਵਰਗੇ ਉੱਤਮ ਟੀਚੇ ਦੀ ਪ੍ਰਾਪਤੀ ਵਾਸਤੇ; ਭਗਵਾਨ ਰਾਮ ਚੰਦਰ ਜੀ, ਭਗਵਾਨ ਕ੍ਰਿਸ਼ਨ ਚੰਦਰ ਜੀ ਅਤੇ ਸਿੱਖ ਗੁਰੂ ਸਾਹਿਬਾਨ ਨੇ ਵੀ ਲੋੜ ਅਨੁਸਾਰ ਹਿੰਸਾ ਕੀਤੀ ਸੀ। ਕਿਉਂਕਿ ਟੀਚਾ ਉੱਤਮ ਸੀ। ਪੁੰਨ ਪਾਪ ਦੀ ਵਿਆਖਿਆ: ਸਮੇਂ ਅਤੇ ਅਸਥਾਨ ਅਨੁਸਾਰ ਬਦਲ ਜਾਂਦੀ ਹੈ। ਮੈਨੂੰ ਕਿਸੇ ਵੀ ਕੋਸ਼ ਵਿਚ 'ਚੁਗਲੀ' ਸ਼ਬਦ ਦੀ ਸੰਤੋਸ਼ਜਨਕ ਵਿਆਖਿਆ ਨਹੀਂ ਮਿਲੀ। ਇਸ ਕਰਕੇ ਇਹ ਵਿਆਖਿਆ ਮੈਂ ਆਪਣੀ ਸੋਚ ਅਨੁਸਾਰ ਕਰ ਰਿਹਾ ਹਾਂ। ਇਸ ਵਿਆਖਿਆ ਸੰਬੰਧੀ ਪਾਠਕਾਂ ਦੇ ਸੁਝਾਵਾਂ ਦਾ ਸੁਆਗਤ ਹੈ।

# 'ਵੱਡਾ ਘਰ' ਨਾਲ ਮੁੜ ਚਰਚਾ ਵਿਚ ਆਇਆ 'ਜੋਬਨਪ੍ਰੀਤ'

-ਸੁਰਜੀਤ ਜੱਸਲ
98146-07737
ਪੰਜਾਬ ਮੇਲUSA



ਸਾਰਥਿਕ ਸਿਨਮਾ





ਉੱਚਾ-ਲੰਮਾ, ਭਰਮੇ ਜੁੱਸੇ ਵਾਲਾ ਅਦਾਕਾਰ ਜੋਬਨ ਪ੍ਰੀਤ ਪੰਜਾਬੀ ਫਿਲਮਾਂ ਦਾ ਇੱਕ ਨਾਮੀ ਅਦਾਕਾਰ ਹੈ, ਜਿਸ ਨੇ ਕਿ ਹਿੰਦੀ ਫਿਲਮਾਂ ਤੋਂ ਆਪਣਾ ਸਫਰ ਸ਼ੁਰੂ ਕਰਦਿਆਂ ਪੰਜਾਬੀ ਸਿਨਮੇ ਵਿਚ ਇੱਕ ਵੱਖਰੀ ਪਹਿਚਾਣ ਸਥਾਪਿਤ ਕੀਤੀ ਹੈ। ਉਸ ਦੀ ਫਿਲਮ ਸਾਕ ਅਤੇ ਜਹਾਨ ਖੇਲਾਂ ਨੇ ਉਸ ਨੂੰ ਅੱਗੇ ਵਧਣ ਦਾ ਹੌਂਸਲਾ ਦਿੱਤਾ ਅਤੇ ਇਨ੍ਹੀਂ ਦਿਨੀਂ ਉਸਦੀ ਇੱਕ ਹੋਰ ਫਿਲਮ ਵੱਡਾ ਘਰ ਰਿਲੀਜ਼ ਲਈ ਤਿਆਰ ਹੈ। ਫਿਲਮ ਵੱਡਾ ਘਰ ਪ੍ਰਵਾਸੀ ਪੰਜਾਬੀਆਂ ਦੀ ਜ਼ਿੰਦਗੀ ਨਾਲ ਜੁੜੇ ਵੱਖ-ਵੱਖ ਪਹਿਲੂਆਂ 'ਤੇ ਆਧਾਰਿਤ ਹੈ, ਜੋ ਕਿ ਸਾਡੀ ਅੱਜ ਦੀ ਨਵੀਂ ਪਨੀਰੀ ਨੂੰ ਇੱਕ ਚੰਗਾ ਮੈਸੇਜ ਦੇਵੇਗੀ। ਜੋਬਨਪ੍ਰੀਤ ਨੇ ਇਸ ਫਿਲਮ ਵਿਚ ਇੱਕ ਅਜਿਹੇ ਪੰਜਾਬੀ ਗੱਭਰੂ ਦਾ ਕਿਰਦਾਰ ਨਿਭਾਇਆ ਹੈ, ਜੋ ਆਪਣੇ ਵਤਨ ਅਤੇ ਪੰਜਾਬ ਦੀ ਮਿੱਟੀ ਨੂੰ ਹੱਦੋਂ ਵੱਧ ਪਿਆਰ ਕਰਦਾ ਹੈ। ਉਹ ਮੰਨਦਾ ਹੈ ਕਿ ਵਿਦੇਸ਼ਾਂ ਵਿਚ ਪੈਸਾ ਹੈ, ਚੰਗੀ ਸੁੱਖ-ਸਹੂਲਤ ਹੈ ਪਰ ਆਪਣੇ ਪੰਜਾਬ ਦਾ ਨਿੱਘ ਵਿਦੇਸ਼ਾਂ ਵਿਚ ਨਹੀਂ ਮਿਲਦਾ। ਇਸ ਨਵੀਂ ਫਿਲਮ ਵਿਚ ਜੋਬਨਪ੍ਰੀਤ ਦਾ ਸਾਥ ਹਰਮਨ ਪਿਆਰੀ ਅਦਾਕਾਰਾ ਮੈਂਡੀ ਤੱਖਰ ਨੇ ਦਿੱਤਾ ਹੈ। ਮੈਂਡੀ ਤੱਖਰ ਪਹਿਲੀ ਫਿਲਮਾਂ ਵਿਚ ਵੀ ਉਸਦੀ ਨਾਇਕਾ ਰਹੀ ਹੈ, ਜਿਸ ਨੂੰ ਦਰਸ਼ਕਾਂ ਨੇ ਪਸੰਦ ਵੀ ਕੀਤਾ ਹੈ। ਇਸ ਜੋੜੀ ਤੋਂ ਇਲਾਵਾ ਫਿਲਮ ਵੱਡਾ ਘਰ ਦੇ ਵਿਚ ਸਰਦਾਰ ਸੋਹੀ, ਨਿਰਮਲ ਰਿਸ਼ੀ, ਅਮਰ ਨੂਰੀ, ਭਿੰਦਾ ਔਜਲਾ ਵਰਗੇ ਕਲਾਕਾਰਾਂ ਨੇ ਵੀ ਅਹਿਮ ਕਿਰਦਾਰ ਨਿਭਾਏ ਹਨ। ਜੋਬਨਪ੍ਰੀਤ ਦਾ ਦੱਸਿਆ ਕਿ ਇਹ ਫਿਲਮ ਉਸ ਦੀ ਜ਼ਿੰਦਗੀ ਦੀ ਅਹਿਮ ਫਿਲਮ ਹੈ, ਜੋ ਉਸ ਦੇ ਕਲਾ-ਗਰਾਫ ਨੂੰ ਹੋਰ ਉੱਚਾ ਲੈ ਕੇ ਜਾਵੇਗੀ। ਇਹ ਪਰਿਵਾਰਾਂ ਸਮੇਤ ਵੇਖਣ ਵਾਲੀ ਇੱਕ ਸਿੱਖਿਆ ਭਰਪੂਰ ਕਹਾਣੀ ਹੈ। ਅਕਸਰ ਅੱਜ ਦੇ ਹਾਲਾਤ ਇਹ ਹਨ ਕਿ ਹਰ ਪੰਜਾਬੀ ਗੱਭਰੂ ਚਾਹੁੰਦਾ ਹੈ ਕਿ ਉਹ ਕਿਸੇ ਨਾ ਕਿਸੇ ਤਰੀਕੇ ਵਿਦੇਸ਼ਾਂ ਵਿਚ ਜਾ ਕੇ ਵਧੀਆ ਜ਼ਿੰਦਗੀ ਬਸਰ ਕਰੇ। ਉਸਦੇ ਮਾਂ-ਬਾਪ ਬੜੀ ਮੁਸ਼ੱਕਤ ਨਾਲ ਉਸ ਨੂੰ ਵੱਡੀਆਂ ਆਸਾਂ ਲਾ ਕੇ ਵਿਦੇਸ਼ਾਂ ਵਿਚ ਭੇਜਦੇ ਵੀ ਹਨ ਪਰ ਵਿਦੇਸ਼ਾਂ ਵਿਚ ਜਾ ਕੇ ਉਹ ਕੀ ਕੁਝ ਕਰਨ ਲਈ ਮਜਬੂਰ ਹੋ ਜਾਂਦਾ ਹੈ, ਇਹ ਇਸ ਫਿਲਮ ਰਾਹੀਂ ਬਹੁਤ ਨੇੜਿਓਂ ਵਿਖਾਇਆ ਗਿਆ ਹੈ। ਬਹੁਤ ਘੱਟ ਨੌਜਵਾਨ ਹਨ, ਜੋ ਵਿਦੇਸ਼ਾਂ ਵਿਚ ਜਾ ਕੇ ਵੀ ਆਪਣੀ ਮਿੱਟੀ ਨੂੰ ਨਹੀਂ ਭੁੱਲਦੇ। ਆਪਣੇ ਪਿਛੋਕੜ ਨੂੰ ਨਹੀਂ ਭੁੱਲਦੇ ਕਿ ਕਿਵੇਂ ਉਨ੍ਹਾਂ ਦੇ ਮਾਪਿਆਂ ਨੇ ਜ਼ਮੀਨਾਂ ਗਹਿਣੇ ਰੱਖ, ਕਰਜ਼ੇ ਦੀਆਂ ਪੰਡਾਂ ਚੱਕ ਉਨ੍ਹਾਂ ਨੂੰ ਵਿਦੇਸ਼ ਭੇਜਿਆ ਹੈ, ਤਾਂ ਕਿ ਉਨ੍ਹਾਂ ਦੇ ਨਾਲ-ਨਾਲ ਉਨ੍ਹਾਂ ਦੀ ਆਪਣੀ ਜ਼ਿੰਦਗੀ ਵੀ ਚੰਗੀ ਹੋ ਸਕੇ। ਇਸ ਤਰ੍ਹਾਂ ਦੇ ਹੋਰ ਵੀ ਅਨੇਕਾਂ ਪੱਖ ਹਨ, ਜੋ ਇਸ ਫਿਲਮ ਵਿਚ ਵਿਖਾਏ ਗਏ ਹਨ। ਮੈਨੂੰ ਆਸ ਹੈ ਕਿ ਦਰਸ਼ਕ ਮੇਰੀਆਂ ਪਹਿਲਾਂ ਫਿਲਮਾਂ ਵਾਂਗ ਇਸ ਫਿਲਮ ਨੂੰ ਵੀ ਭਰਮਾ ਪਿਆਰ ਦੇਣਗੇ।

ਜੋਬਨਪ੍ਰੀਤ ਨੇ ਦੱਸਿਆ ਕਿ ਸਿਨਮੇ ਤੇ ਅਦਾਕਾਰੀ ਨਾਲ ਉਸ ਨੂੰ ਬਚਪਨ ਤੋਂ ਹੀ ਮੋਹ ਰਿਹਾ ਹੈ। ਉਸਦੀ ਹਮੇਸ਼ਾ ਹੀ ਸੋਚ ਸੀ ਕਿ ਦੇਸ਼ ਭਗਤੀ ਦੇ ਜਜ਼ਬੇ ਦੇ ਨਾਲ-ਨਾਲ ਉਹ ਵੱਡੇ ਪਰਦੇ 'ਤੇ ਵੀ ਕੁਛ ਵੱਖਰਾ ਕਰਨ ਵਿਚ ਕਾਮਯਾਬ ਹੋਵੇ। ਇਸ ਲਈ ਉਸਨੇ ਆਪਣੀ ਪੜ੍ਹਾਈ ਦੌਰਾਨ ਹੀ ਪੰਜਾਬੀ ਰੰਗਮੰਚ ਅਤੇ ਫਿਲਮਾਂ ਵੱਲ ਕਦਮ ਵਧਾਇਆ। ਪਹਿਲੀ ਵਾਰ ਬਹੁਤ ਚਰਚਿਤ ਹਿੰਦੀ ਫਿਲਮ 'ਸਰਬਜੀਤ' ਵਿਚ ਉਸ ਨੂੰ ਐਸ਼ਵਰਿਆ ਰਾਏ ਬੱਚਨ ਨਾਲ ਇੱਕ ਅਹਿਮ ਕਿਰਦਾਰ ਨਿਭਾਉਣ ਦਾ ਮੌਕਾ ਮਿਲਿਆ, ਤਾਂ ਉਸ ਦਾ ਹੌਂਸਲਾ ਦੁੱਗਣਾ-ਚੌਗਣਾ ਹੋ ਗਿਆ। ਉਸ ਤੋਂ ਬਾਅਦ ਫਿਲਮ 'ਦਿਲ ਜੋ ਨਾ ਕਹਿ ਸਕਾ' ਵਿਚ ਵੀ ਚੰਗਾ ਕਿਰਦਾਰ ਮਿਲਿਆ। ਇਨ੍ਹਾਂ ਦੋਵੇਂ ਫਿਲਮਾਂ ਨੇ ਹੀ ਉਸਦੇ ਅੰਦਰਲੇ ਕਲਾਕਾਰਾਂ ਨੂੰ ਹੌਂਸਲਾ ਦਿੱਤਾ। ਫ਼ਿਰ ਉਸਨੂੰ ਲੁਧਿਆਣਾ ਨੇੜੇ ਹੀ ਫਿਲਮਾਈ ਗਈ ਅਮੀਰ ਖਾਨ ਪ੍ਰੋਡਕਸ਼ਨ ਦੀ ਫਿਲਮ 'ਦੰਗਲ' ਵਿਚ ਬਤੌਰ ਅਸਿਸਟੈਂਟ ਪ੍ਰੋਡਕਸ਼ਨ ਮੈਨੇਜਰ ਦਾ ਕੰਮ ਕਰਨ ਦਾ ਮੌਕਾ ਮਿਲਿਆ ਅਤੇ ਫਿਲਮ ਵਿਚ ਇੱਕ-ਦੋ ਅਹਿਮ ਕਿਰਦਾਰ ਵੀ ਨਿਭਾਏ। ਚੰਗੇ ਬੈਂਨਰਾਂ ਅਤੇ ਪ੍ਰੋਡਕਸ਼ਨ ਹਾਊਸਾਂ ਨਾਲ ਪਰਦੇ ਪਿੱਛੇ ਕੰਮ ਕਰਨ ਮਗਰੋਂ ਉਸਨੂੰ ਛੋਟੇ-ਛੋਟੇ ਕਿਰਦਾਰਾਂ ਨਾਲ ਪਰਦੇ 'ਤੇ ਆਉਣ ਦਾ ਵੀ ਮੌਕਾ ਮਿਲਿਆ, ਜਿਸ ਦੌਰਾਨ ਉਸਨੇ 'ਰੁਪਿੰਦਰ ਗਾਂਧੀ 2, ਕੰਡੇ, ਮਾਸੂਮ, ਸਰਾਭਾ' ਵਰਗੀਆਂ ਫਿਲਮਾਂ ਵਿਚ ਅਹਿਮ ਕਿਰਦਾਰ ਨਿਭਾਏ। ਫਿਰ 2019 ਵਿਚ ਪੰਜਾਬੀ ਫਿਲਮ 'ਸਾਕ' ਵਿਚ ਉਸਨੇ ਪਹਿਲੀ ਵਾਰ ਮੇਨ ਲੀਡ ਵਿਚ ਕੰਮ ਕੀਤਾ, ਜਿਸ ਵਿਚ ਉਸਦੀ ਜੋੜੀ ਨਾਮੀਂ ਅਦਾਕਾਰਾ ਮੈਂਡੀ ਤੱਖਰ ਨਾਲ ਪੰਜਾਬੀ ਦਰਸ਼ਕਾਂ ਨੇ ਖੂਬ ਪਸੰਦ ਕੀਤੀ। ਇਸ ਵਿਚ ਉਸ ਦਾ ਕਿਰਦਾਰ ਇੱਕ ਫੌਜੀ ਜਵਾਨ ਕਰਮ ਸਿੰਘ ਦਾ ਸੀ। ਜ਼ਿਕਰਯੋਗ ਹੈ ਕਿ ਉਸ ਦੀ ਪਹਿਲੀ ਡੈਬਿਊ ਫਿਲਮ 'ਸਾਕ' ਨੂੰ ਪੀ.ਟੀ.ਸੀ. ਪੰਜਾਬੀ ਫਿਲਮ ਐਵਾਰਡ ਲਈ ਵੀ ਚੁਣਿਆ ਗਿਆ।

ਰੋਬੀ ਐਂਡ ਲਾਡੀ ਫਿਲਮ ਪ੍ਰੋਡਕਸ਼ਨ ਲਿਮਿਟਡ ਅਤੇ ਜਸਵੀਰ ਗੁਣਾਚੌਰੀਆ ਪ੍ਰੋਡਕਸ਼ਨ ਲਿਮਿਟਡ ਦੀ ਪੇਸ਼ਕਸ਼ ਇਸ ਫਿਲਮ 'ਵੱਡਾ ਘਰ' ਨੂੰ ਨਿਰਮਾਤਾ ਸੰਦੀਪ ਸਿੰਘ ਧੰਜਲ (ਲਾਡੀ), ਮਨਜਿੰਦਰ ਸਿੰਘ ਕੰਵਲ (ਰੌਬ ਕੰਵਲ) ਅਤੇ ਜਸਵੀਰ ਗੁਣਾਚੌਰੀਆ ਨੇ ਬਣਾਇਆ ਹੈ। ਕਮਲਜੀਤ ਸਿੰਘ ਅਤੇ ਗੋਲਡੀ ਢਿੱਲੋਂ ਵਲੋਂ ਡਾਇਰੈਕਟ ਕੀਤੀ ਇਸ ਫ਼ਿਲਮ ਵਿਚ ਜੋਬਨਪ੍ਰੀਤ, ਮੈਂਡੀ ਤੱਖਰ, ਭਿੰਦਾ ਔਜਲਾ, ਸਰਦਾਰ ਸੋਹੀ, ਨਿਰਮਲ ਰਿਸ਼ੀ, ਅਮਰ ਨੂਰੀ, ਰਵਿੰਦਰ ਮੰਡ, ਕਵਲੀਨ, ਸਤਵੰਤ ਕੌਰ, ਤਰਸੇਮ ਪੌਲ, ਬਲਵੀਰ ਬੋਪਾਰਾਏ, ਹਰਪ ਨਾਜ਼, ਜੋਤੀ ਅਰੋੜਾ, ਸੁਖਵਿੰਦਰ ਰੋਡੇ ਅਤੇ ਬਾਲ ਕਲਾਕਾਰ ਗੁਰਬਾਜ਼ ਸੰਧੂ ਨੇ ਅਹਿਮ ਕਿਰਦਾਰ ਨਿਭਾਏ ਹਨ।


ਫ਼ਿਲਮ ਦੀ ਕਹਾਣੀ, ਡਾਇਲਾਗ ਅਤੇ ਸਕਰੀਨ ਪਲੇਅ ਗੀਤ ਜਸਬੀਰ ਗੁਣਾਚੌਰੀਆ ਨੇ ਲਿਖਿਆ ਹੈ। ਫ਼ਿਲਮ ਦੇ ਗੀਤ ਵੀ ਜਸਬੀਰ ਗੁਣਾਚੌਰੀਆ ਨੇ ਹੀ ਲਿਖੇ ਹਨ, ਜਿਨ੍ਹਾਂ ਨੂੰ ਨਛੱਤਰ ਗਿੱਲ, ਸੋਨੂੰ ਕੱਕੜ, ਮਾਸਟਰ ਸਲੀਮ, ਕੰਵਰ ਗਰੇਵਾਲ, ਗੁਰਸ਼ਬਦ, ਸੁਨਿਧੀ ਚੋਹਾਨ, ਜੀ ਖਾਨ ਅਤੇ ਅਫ਼ਸਾਨਾ ਖਾਨ ਨੇ ਪਲੇਅ ਬੈਕ ਗਾਇਆ ਹੈ। ਸੰਗੀਤ ਜਤਿੰਦਰ ਸ਼ਾਹ ਨੇ ਤਿਆਰ ਕੀਤਾ ਹੈ। ਨਿਰਮਾਤਾ ਤੇ ਡਿਸਟਰੀਬਿਊਟਰ ਲਵਪ੍ਰੀਤ ਸੰਧੂ ਲੱਕੀ ਦੀ ਨਵਰੋਜ਼ ਗੁਰਬਾਜ਼ ਐਂਟਰਟੇਨਮੈਂਟ ਵਲੋਂ ਸੰਸਾਰ ਭਰ 'ਚ 13 ਦਸੰਬਰ ਨੂੰ ਰਿਲੀਜ਼ ਕੀਤੀ ਜਾ ਰਹੀ ਇਸ ਫ਼ਿਲਮ ਰਾਹੀਂ ਗਾਇਕਾ ਅਤੇ ਅਦਾਕਾਰਾ ਅਮਰ ਨੂਰੀ ਲੰਮੇ ਸਮੇਂ ਬਾਅਦ ਮੁੜ ਪਰਦੇ 'ਤੇ ਨਜ਼ਰ ਆਵੇਗੀ।


# ਰਣਜੀਤ ਆਜ਼ਾਦ ਕਾਂਝਲਾ ਦਾ 'ਅਰਸ਼ ਦੇ ਤਾਰੇ' ਮਿੰਨੀ ਕਹਾਣੀ ਸੰਗ੍ਰਹਿ ਸਮਾਜਿਕ ਸਰੋਕਾਰਾਂ ਦਾ ਪ੍ਰਤੀਕ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਰਣਜੀਤ ਆਜ਼ਾਦ ਕਾਂਝਲਾ ਦਾ 'ਅਰਸ਼ ਦੇ ਤਾਰੇ' ਪਲੇਠਾ ਮਿੰਨੀ ਕਹਾਣੀ ਸੰਗ੍ਰਹਿ ਹੈ। ਉਹ ਕਾਫੀ ਲੰਬੇ ਸਮੇਂ ਤੋਂ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਵਿਚ ਲਿਖਦਾ ਆ ਰਿਹਾ ਹੈ। ਉਹ ਬਹੁ-ਵਿਧਾਵੀ ਤੇ ਬਹੁ-ਪੱਖੀ ਲੇਖਕ ਹੈ। ਉਸ ਦੀਆਂ ਮਿੰਨੀ ਕਹਾਣੀਆਂ ਸਾਹਿਤਕ ਰਸਾਲਿਆਂ ਅਤੇ ਅਖ਼ਬਾਰਾਂ ਵਿਚ ਪ੍ਰਕਾਸ਼ਤ ਹੁੰਦੀਆਂ ਰਹਿੰਦੀਆਂ ਹਨ। ਇਨ੍ਹਾਂ ਵਿਚੋਂ ਕੁਝ ਕੁ ਹੋਰ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਪ੍ਰਕਾਸ਼ਤ ਵੀ ਹੋਈਆਂ ਹਨ। ਸਰਕਾਰੀ ਨੌਕਰੀ ਦੀਆਂ ਜ਼ਿੰਮੇਵਾਰੀਆਂ ਕਰਕੇ ਹੁਣ ਤੱਕ ਉਹ ਕਹਾਣੀਆਂ ਦੀ ਕੋਈ ਪੁਸਤਕ ਪ੍ਰਕਾਸ਼ਤ ਨਹੀਂ ਕਰਵਾ ਸਕਿਆ। ਪ੍ਰੰਤੂ ਸਰਕਾਰੀ ਨੌਕਰੀ ਵਿਚੋਂ ਸੇਵਾਮੁਕਤ ਹੋਣ ਤੋਂ ਬਾਅਦ ਇਹ ਕਹਾਣੀ ਸੰਗ੍ਰਹਿ ਪ੍ਰਕਾਸ਼ਤ ਕਰਵਾਇਆ ਹੈ। 'ਅਰਸ਼ ਦੇ ਤਾਰੇ' ਮਿੰਨੀ ਕਹਾਣੀ ਸੰਗ੍ਰਹਿ ਵਿੱਚ ਉਸ ਦੀਆਂ 65 ਮਿੰਨੀ ਕਹਾਣੀਆਂ ਹਨ। ਇਨ੍ਹਾਂ ਕਹਾਣੀਆਂ ਦੇ ਵਿਸ਼ੇ ਸਮਾਜਿਕ ਸਰੋਕਾਰਾਂ ਦੀ ਪ੍ਰਤੀਨਿਧਤਾ ਕਰਦੇ ਹਨ। ਉਸ ਦੇ ਵਿਸ਼ਿਆਂ ਵਿਚ ਸਮਾਜਿਕ, ਆਰਥਿਕ, ਸੱਭਿਆਚਾਰਕ, ਵਿਦਿਅਕ, ਭਰੂਣ ਹੱਤਿਆ, ਦਾਜ ਦਹੇਜ, ਇਸਤਰੀਆਂ ਨਾਲ ਦੁਰਵਿਵਹਾਰ, ਧਾਰਮਿਕ ਅਤੇ ਰਾਜਨੀਤਿਕ ਸ਼ਾਮਲ ਹਨ। ਇਹ ਵਿਸ਼ੇ ਸਮਾਜਿਕ ਤਾਣੇ-ਬਾਣੇ ਵਿਚ ਮਹੱਤਵਪੂਰਨ ਹਨ ਕਿਉਂਕਿ ਇਨ੍ਹਾਂ ਦਾ ਸਿੱਧਾ ਸੰਬੰਧ ਮਨੁੱਖਤਾ ਦੀ ਜ਼ਿੰਦਗੀ ਨੂੰ ਬਿਹਤਰੀ ਬਣਾਉਣ ਨਾਲ ਸੰਬੰਧਤ ਹੈ। ਇਸ ਤੋਂ ਇਲਾਵਾ ਲੋਕਾਈ ਨੂੰ ਸਮਾਜ ਵਿਚ ਵਿਚਰਦਿਆਂ ਉਸ ਨੂੰ ਜਿਹੜੀਆਂ ਮੁਸ਼ਕਲਾਂ ਪੇਸ਼ ਆ ਰਹੀਆਂ ਹਨ, ਉਨ੍ਹਾਂ ਬਾਰੇ ਜਾਣਕਾਰੀ ਦੇ ਕੇ ਸਮਾਜ ਦੇ ਪ੍ਰਤੀਕੂਲ ਪ੍ਰਭਾਵ ਦਰਸਾਏ ਗਏ ਹਨ। ਕਹਾਣੀਕਾਰ ਦੀਆਂ ਕਹਾਣੀਆਂ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਇਹ ਬਹੁਤੀਆਂ ਕਹਾਣੀਆਂ ਉਸਦੀ ਸਰਕਾਰੀ ਨੌਕਰੀ ਦੇ ਤਜ਼ਰਬਿਆਂ 'ਤੇ ਆਧਾਰਿਤ ਹਨ। ਸਕੂਲ ਅਧਿਆਪਕ ਨੂੰ ਸਮਾਜ ਦੇ ਵੱਖ-ਵੱਖ ਵਰਗਾਂ ਦੇ ਲੋਕਾਂ ਨੂੰ ਮਿਲਣ ਦਾ ਇਤਫਾਕ ਹੁੰਦਾ ਹੈ। ਕੁਝ ਕਹਾਣੀਆਂ ਸਿਆਸਤਦਾਨਾਂ ਦੀਆਂ ਚੋਣਾਂ ਸਮੇਂ ਦੀਆਂ ਸਰਗਰਮੀਆਂ ਅਤੇ ਜਿੱਤਣ ਤੋਂ ਬਾਅਦ ਲੋਕਾਈ ਨੂੰ ਭਰਮਾਉਣ ਲਈ ਵਰਤੇ ਜਾਂਦੇ ਹੱਥਕੰਡਿਆਂ ਦਾ ਪਰਦਾਫਾਸ਼ ਕਰਦੀਆਂ ਹਨ। ਸਿਆਸਤਦਾਨ ਚੋਣਾਂ 'ਤੇ ਅਥਾਹ ਖ਼ਰਚੇ ਕਰਦੇ ਹਨ ਅਤੇ ਚੋਣਾਂ ਜਿੱਤਣ ਤੋਂ ਬਾਅਦ ਉਨ੍ਹਾਂ ਖ਼ਰਚਿਆਂ ਦੀ ਪੂਰਤੀ ਲਈ ਭ੍ਰਿਸ਼ਟਾਚਾਰ ਕਰਦੇ ਹਨ। ਲੋਕਾਂ ਨੂੰ ਅਣਡਿੱਠ ਵੀ ਕਰਦੇ ਹਨ। ਕਈ ਕਹਾਣੀਆਂ ਵਿਚ ਕਹਾਣੀਕਾਰ ਨੇ ਵਿਅੰਗਾਤਮਕ ਢੰਗ ਵਰਤਿਆ ਹੈ, ਪ੍ਰੰਤੂ ਕੁਝ ਕੁ ਸਿੱਧੀਆਂ ਸਪਾਟ ਹਨ। ਕੁਝ ਕੁ ਭਾਵਨਾਤਮਕ ਕਹਾਣੀਆਂ ਵੀ ਹਨ। ਗ਼ਰੀਬ ਅਮੀਰ ਦੇ ਪਾੜੇ ਬਾਰੇ ਵੀ ਉਸ ਦੀਆਂ ਕਹਾਣੀਆਂ ਪ੍ਰਗਟਾਵਾ ਕਰਦੀਆਂ ਹਨ, ਇੱਕ ਪਾਸੇ ਲੋਕ ਆਰਥਿਕ ਤੌਰ 'ਤੇ ਮਜ਼ਬੂਤ ਹੁੰਦੇ ਹੋਏ ਜ਼ਿੰਦਗੀ ਦਾ ਆਨੰਦ ਮਾਣਦੇ ਹਨ ਪ੍ਰੰਤੂ ਦੂਜੇ ਪਾਸੇ ਕੁਝ ਲੋਕ ਗ਼ਰੀਬੀ ਕਰਕੇ ਦੋ ਵਕਤ ਦੀ ਰੋਟੀ ਤੋਂ ਵੀ ਆਤੁਰ ਹਨ। ਗ਼ਰੀਬਾਂ ਦੀ ਜ਼ਿੰਦਗੀ ਨਾਲ 'ਭਵਿੱਖ ਦੀ ਚਿੰਤਾ', 'ਵਰਤ', 'ਸਰਕਾਰੀ ਸਹੂਲਤ', 'ਪੂਜਾ', 'ਆਜ਼ਾਦੀ ਦਾ ਅਰਥ' ਅਤੇ 'ਉਦਘਾਟਨ' ਕਹਾਣੀਆਂ ਸੰਬੰਧਤ ਹਨ।




'ਭਵਿੱਖ ਦੀ ਚਿੰਤਾ' ਮਿੰਨੀ ਕਹਾਣੀ ਵਿਚ ਇੱਕ ਇਸਤਰੀ ਆਪਣੇ ਪਤੀ ਦੇ ਸ਼ਰਾਬ ਪੀਣ ਦੀ ਆਦਤ ਨਾਲ ਸਵਰਗਵਾਸ ਹੋਣ ਤੋਂ ਬਾਅਦ ਲੋਕਾਂ ਦੇ ਘਰਾਂ ਵਿਚ ਭਾਂਡੇ ਮਾਂਜਕੇ ਬੱਚੇ ਨੂੰ ਪੜ੍ਹਾਉਣਾ ਚਾਹੁੰਦੀ ਹੈ, ਤਾਂ ਜੋ ਉਹ ਆਪਣਾ ਭਵਿੱਖ ਸੁਨਹਿਰਾ ਬਣਾ ਸਕੇ ਪ੍ਰੰਤੂ ਅਜਿਹੇ ਦੱਬੇ-ਕੁਚਲੇ ਲੋਕਾਂ ਦੇ ਹਾਲਾਤ ਸਾਜ਼ਗਾਰ ਨਹੀਂ ਰਹਿੰਦੇ। ਨਸ਼ਿਆਂ ਦੀ ਵਰਤੋਂ ਦੇ ਦੁਰਪ੍ਰਭਾਵ ਵੀ ਦੱਸੇ ਗਏ ਹਨ। 'ਵਰਤ' ਮਿੰਨੀ ਕਹਾਣੀ ਵਿਚ ਇੱਕ ਪਾਸੇ ਵਰਤ ਰੱਖਣ ਦੀ ਆੜ ਵਿਚ ਔਰਤ ਮਹਿੰਗੇ ਫਲ ਫਰੂਟਾਂ ਦਾ ਆਨੰਦ ਮਾਨਣ ਦੀ ਗੱਲ ਕਰਦੀ ਹੈ ਤੇ ਦੂਜੇ ਪਾਸੇ ਮਰਦ ਸੋਚਦਾ ਹੈ ਕਿ ਗ਼ਰੀਬ ਲੋਕਾਂ ਨੂੰ ਇਕ ਵਕਤ ਦੀ ਰੋਟੀ ਦੇ ਲਾਲੇ ਪਏ ਹੋਏ ਹਨ, ਪ੍ਰੰਤੂ ਇਸਤਰੀਆਂ ਵਰਤ ਰੱਖਣ ਮੌਕੇ ਅਜਿਹਾ ਬਿਲਕੁਲ ਨਹੀਂ ਸੋਚਦੀਆਂ, ਹਾਲਾਂਕਿ ਵਰਤ ਰੱਖਕੇ ਪਤੀ ਦੀ ਲੰਬੀ ਉਮਰ ਹੋਣ ਦੀ ਗੱਲ ਸਭ ਵਹਿਮ ਭਰਮ ਹੀ ਹਨ। 'ਸਰਕਾਰੀ ਸਹੂਲਤ' ਕਹਾਣੀ ਵਿਚ ਗ਼ਰੀਬਾਂ ਨੂੰ ਇਲਾਜ ਲਈ ਖ਼ਰਚਾ ਨਹੀਂ ਮਿਲਦਾ, ਦੂਜੇ ਪਾਸੇ ਸਰਕਾਰੀ ਮੁਲਾਜ਼ਮਾਂ ਨੂੰ ਤਨਖਾਹ ਤੋਂ ਇਲਾਵਾ ਇਲਾਜ ਲਈ ਸਰਕਾਰ ਖ਼ਰਚਾ ਵੀ ਦਿੰਦੀ ਹੈ। ਸਰਕਾਰ ਗ਼ਰੀਬ ਲੋਕਾਂ ਦੀ ਭਲਾਈ ਦੀ ਥਾਂ ਸਰਦੇ-ਪੁੱਜਦੇ ਲੋਕਾਂ ਦਾ ਹੀ ਪੱਖ ਪੂਰਦੀ ਲੱਗਦੀ ਹੈ। ਇਨ੍ਹਾਂ ਕਹਾਣੀਆਂ ਵਿਚ ਗ਼ਰੀਬਾਂ ਦੀ ਤ੍ਰਾਸਦੀ ਦਾ ਜ਼ਿਕਰ ਹੈ। ਇਸ ਕਹਾਣੀ ਸੰਗ੍ਰਹਿ ਵਿਚ ਲੜਕੀਆਂ ਸੰਬੰਧੀ 15 ਕਹਾਣੀਆਂ ਹਨ, ਜਿਨ੍ਹਾਂ ਵਿਚ ਤਿੰਨ ਕਹਾਣੀਆਂ ਕੰਜਕਾਂ ਸੰਬੰਧੀ ਹਨ। ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ 'ਕੰਜਕਾਂ' ਹੈ, ਜਿਸ ਵਿਚ ਦਰਸਾਇਆ ਗਿਆ ਹੈ ਕਿ ਲੋਕ ਇੱਕ ਪਾਸੇ ਕੰਜਕਾਂ ਦੀ ਪੂਜਾ ਕਰਨ ਦੀ ਗੱਲ ਕਰਦੇ ਹਨ ਪ੍ਰੰਤੂ ਉਹੀ ਲੋਕ ਲੜਕਿਆਂ ਨੂੰ ਹੀ ਆਪਣਾ ਅਸਲੀ ਵਾਰਸ ਸਮਝਦੇ ਹੋਏ ਗਰਭਪਾਤ ਕਰਵਾਉਂਦੇ ਹਨ। ਦੂਜੀ ਕਹਾਣੀ 'ਰੋਟੀ ਕੰਜਕਾਂ ਦੀ' ਸਿਰਲੇਖ ਵਾਲੀ ਹੈ, ਜਿਸ ਵਿਚ ਦੱਸਿਆ ਗਿਆ ਹੈ ਕਿ ਰੋਟੀ ਖਿਲਾਉਣ ਲਈ ਕੰਜਕਾਂ ਨਾ ਮਿਲਣ ਕਰਕੇ ਆਪਣੇ ਸਕੂਲ ਵਿਚ ਪੜ੍ਹਦੀਆਂ ਲੜਕੀਆਂ ਨੂੰ ਹੀ ਪੂਜੇ ਜਾਣ ਦੀ ਗੱਲ ਕਰਦੇ ਹਨ। ਇਹ ਇੱਕ ਪਖੰਡ ਬਣ ਗਿਆ ਹੈ। 'ਦੁਰਗਤ' ਕਹਾਣੀ ਭਰੂਣ ਹੱਤਿਆ ਬਾਰੇ ਹੈ। ਇਸ ਕਹਾਣੀ ਵਿਚ ਔਰਤ ਹੀ ਔਰਤ ਦੀ ਦੁਸ਼ਮਣ ਬਣਦੀ ਹੈ ਕਿਉਂਕਿ ਸੱਸ ਨੂੰਹ ਨੂੰ ਭਰੂਣ ਹੱਤਿਆ ਲਈ ਮਜਬੂਰ ਕਰਦੀ ਹੈ। ਇਸ ਕਹਾਣੀ ਵਿਚ ਨੂੰਹ ਦੀ ਦਲੇਰੀ ਵਿਖਾਈ ਗਈ ਹੈ, ਜਿਸ ਤੋਂ ਔਰਤਾਂ ਨੂੰ ਭਰੂਣ ਹੱਤਿਆ ਦਾ ਵਿਰੋਧ ਕਰਨ ਦੀ ਪ੍ਰੇਰਨਾ ਮਿਲਦੀ ਹੈ, ਕਹਾਣੀਕਾਰ ਨੇ ਨੂੰਹ ਨੂੰ ਆਦਰਸ਼ਕ ਪਾਤਰ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਪ੍ਰੰਤੂ ਆਮ ਜੀਵਨ ਵਿਚ ਅਜੇ ਇੰਝ ਹੋਣਾ ਅਸੰਭਵ ਲੱਗਦਾ ਹੈ। ਇਸੇ ਤਰ੍ਹਾਂ ਕਰਵਾ ਚੌਥ ਦਾ ਵਰਤ ਵੀ ਇੱਕ ਕਿਸਮ ਦਾ ਵਹਿਮ-ਭਰਮ ਤੇ ਪਖੰਡ ਹੀ ਹੈ। ਵਿਦਿਅਕ ਪ੍ਰਣਾਲੀ ਦੀਆਂ ਖਾਮੀਆਂ ਬਾਰੇ ਵੀ ਲਗਪਗ 10 ਕਹਾਣੀਆਂ ਹਨ। ਕੁਝ ਅਧਿਆਪਕ ਆਪਣੀ ਜ਼ਿੰਮੇਵਾਰੀ ਸੁਚੱਜੇ ਢੰਗ ਨਾਲ ਨਿਭਾਉਂਦੇ ਨਹੀਂ, ਸਗੋਂ ਬੱਚਿਆਂ ਨੂੰ ਟਿਊਸ਼ਨਾਂ ਪੜ੍ਹਾ ਕੇ ਪੈਸੇ ਕਮਾਉਂਦੇ ਹਨ। ਅਧਿਆਪਕ ਹੀ ਨਕਲ ਦੀ ਪ੍ਰਵਿਰਤੀ ਨੂੰ ਉਤਸ਼ਾਹਤ ਹੀ ਨਹੀਂ ਕਰਦੇ, ਸਗੋਂ ਨਕਲ ਦੀ ਰੁਚੀ ਦੀ ਪਹਿਰੇਦਾਰੀ ਕਰਨ ਵਾਲਾ ਫਲਾਇੰਗ ਸੁਕਐਡ ਵੀ ਨਕਲ ਮਾਰਨ ਲਈ ਪ੍ਰੇਰਿਤ ਕਰਦੇ ਹਨ। ਇਨ੍ਹਾਂ ਕਹਾਣੀਆਂ ਵਿਚ ਸਾਡੇ ਵਿਦਿਅਕ ਪ੍ਰਣਾਲੀ ਦੀ ਪੋਲ ਖੋਲ੍ਹੀ ਗਈ ਹੈ। 'ਹਾਥੀ ਦੇ ਦੰਦ ਖਾਣ ਨੂੰ ਹੋਰ ਵਿਖਾਉਣ ਨੂੰ ਹੋਰ' ਦੀ ਕਹਾਵਤ ਦੀ ਤਰ੍ਹਾਂ ਵਿਦਿਅਕ ਜਮਾਤ ਨਾਲ ਸੰਬੰਧਤ ਲੋਕ ਹਨ। ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਪ੍ਰਦੂਸ਼ਣ ਸੰਬੰਧੀ ਕਹਾਣੀਆਂ ਵੀ ਸਾਡੀ ਸਮਾਜਿਕ ਵਿਵਸਥਾ ਦੀਆਂ ਪਰਤਾਂ ਖੋਲ੍ਹਦੀਆਂ ਹਨ। ਤਜ਼ਰਬਾ ਕਹਾਣੀ ਬੇਰੁਜ਼ਗਾਰੀ ਦਾ ਮੁੱਖ ਕਾਰਨ ਸਾਡੀ ਵਿਦਿਅਕ ਪ੍ਰਣਾਲੀ ਨੂੰ ਕਹਿੰਦੀ ਹੈ ਕਿਉਂਕਿ ਅਸੀਂ ਦਲੀਲ ਨਾਲ ਗੱਲ ਕਹਿਣ ਤੇ ਸੁਣਨ ਨੂੰ ਤਿਆਰ ਹੀ ਨਹੀਂ। ਭ੍ਰਿਸ਼ਟਾਚਾਰ ਸੰਬੰਧੀ 'ਤੀਜੀ ਧਿਰ' ਅਤੇ 'ਵਿਉਂਤ' ਵਰਗੀਆਂ ਕਹਾਣੀਆਂ ਲਿਖੀਆਂ ਗਈਆਂ ਹਨ। ਧਾਰਮਿਕ ਪਖੰਡਾਂ ਬਾਰੇ ਵੀ 'ਦਿਲ 'ਚ ਵਾਸਾ', 'ਸ਼ਰਾਧ' ਅਤੇ 'ਪੇਟ ਦੀ ਭੁੱਖ' ਕਹਾਣੀਆਂ ਵੀ ਧਰਮ ਦੀ ਦੁਰਵਰਤੋਂ ਰੋਕਣ ਦੀ ਪ੍ਰੇਰਨਾ ਦਿੰਦੀਆਂ ਹਨ। ਕਿਸਾਨ ਅੰਦੋਲਨ ਸੰਬੰਧੀ ਵੀ ਕਹਾਣੀ ਲਿਖੀ ਗਈ ਹੈ। ਆਜ਼ਾਦੀ ਦੇ 77 ਸਾਲ ਬਾਅਦ ਵੀ ਪੁਲਿਸ ਦਾ ਖ਼ੌਫ ਲੋਕਾਂ ਦੇ ਮਨਾਂ ਵਿਚ ਬਰਕਰਾਰ ਹੈ। ਦਾਜ ਦੀ ਪ੍ਰਥਾ ਵੀ ਅਜੇ ਤੱਕ ਸਮਾਜਿਕ ਜਾਗ੍ਰਿਤੀ ਦੇ ਬਾਵਜੂਦ ਜਾਰੀ ਹੈ। 'ਆਪਣੀ ਤੇ ਪਰਾਈ', 'ਪਛਤਾਵਾ', 'ਬੋਲੀ' ਅਤੇ 'ਦੋਸ਼ੀ ਕੌਣ' ਕਹਾਣੀਆਂ ਦਾਜ ਦੀ ਲਾਹਣਤ ਦੀ ਨਿੰਦਿਆ ਕਰਦੀਆਂ ਲੋਕਾਂ ਨੂੰ ਇਸ ਸਮਾਜਿਕ ਬਿਮਾਰੀ ਨੂੰ ਤਿਲਾਂਜ਼ਲੀ ਦੇਣ ਦੀ ਪ੍ਰੇਰਨਾ ਕਰਦੀਆਂ ਹਨ। 'ਆਸ਼ੀਰਵਾਦ' ਅਤੇ 'ਕਲਾਸ ਵਨ' ਵਿਅੰਗਾਤਮਿਕ ਕਹਾਣੀਆਂ ਹਨ। ਆਵਾਜਾਈ ਦੇ ਸਾਧਨਾਂ ਵਿਚ ਵਾਧਾ ਹੋਣ ਕਰਕੇ ਅਤੇ ਡਰਾਇਵਰਾਂ ਦੀ ਅਣਗਹਿਲੀ ਨਾਲ ਦੁਰਘਟਨਾਵਾਂ ਹੁੰਦੀਆਂ ਹਨ। 'ਮੌਤ ਇਨਸਾਨੀਅਤ ਦੀ' ਕਹਾਣੀ ਲੋਕਾਂ ਨੂੰ ਦੁਰਘਟਨਾਗ੍ਰਸਤਾਂ ਦੀ ਫੌਰੀ ਮਦਦ ਦੀ ਤਾਕੀਦ ਕਰਦੀ ਹੈ ਪ੍ਰੰਤੂ ਲੋਕ ਬੇਪ੍ਰਵਾਹ ਹੋ ਕੇ ਕੋਲੋਂ ਲੰਘ ਜਾਂਦੇ ਹਨ। ਕਈ ਕਹਾਣੀਆਂ ਵਿਚ ਕਹਾਣੀਕਾਰ ਨੇ ਭਾਸ਼ਣ ਦੇਣ ਦੀ ਤਕਨੀਕ ਅਪਣਾਈ ਹੈ। ਕਹਾਣੀਕਾਰ ਤੋਂ ਭਵਿੱਖ ਵਿਚ ਚੰਗੀਆਂ ਕਹਾਣੀਆਂ ਦੀ ਆਸ ਕੀਤੀ ਜਾ ਸਕਦੀ ਹੈ।

66 ਪੰਨਿਆਂ, 250 ਕੀਮਤ ਵਾਲਾ ਇਹ ਮਿੰਨੀ ਕਹਾਣੀ ਸੰਗ੍ਰਹਿ ਸਾਹਿਤਯ ਕਲਸ਼ ਪਬਲੀਕੇਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।

**ਰਣਜੀਤ ਆਜ਼ਾਦ ਕਾਂਝਲਾ**
**ਮੋਬਾਈਲ:94646-97781**

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

Dr. Bindra Clinic
Dental Care & Hair Transplant
COSMETIC - IMPLANT - RESTORATIVE

ਐਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।

Dr. Simranpal Singh Bindra
M.D.S, Endodontist
HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in

Dr. Samarpan Kaur
B.D.S, M.H.M

Editorial Board
Chief Editor
Gurjatinder Singh Randhawa
Sub Editors
Sandeep Kumar
Amit Saini
Distributor
Jai Singh
Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਵਜ਼ਾਰਤ ’ਚ ਪੰਜਾਬੀ ਮੋਹਰੀ

**ਇਸ ਸਮੇਂ ਭਾਵੇਂ ਕੈਨੇਡਾ ਅਤੇ ਭਾਰਤ ਦੇ ਡਿਪਲੋਮੈਟਿਕ ਰਿਸ਼ਤੇ ਸੁਖਾਵੇਂ ਨਹੀਂ ਹਨ ਪ੍ਰੰਤੂ ਫਿਰ ਵੀ ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਨੇ 8 ਪੰਜਾਬੀਆਂ ਨੂੰ ਮੰਤਰੀ ਅਤੇ ਸੰਸਦੀ ਸਕੱਤਰ ਬਣਾਕੇ ਵੱਡਾ ਮਾਣ ਦਿੱਤਾ ਹੈ। ਇਥੋਂ ਤੱਕ ਕਿ ਇੱਕ ਪੰਜਾਬਣ ਨਿੱਕੀ ਸ਼ਰਮਾ ਨੂੰ ਉਪ ਮੁੱਖ ਮੰਤਰੀ ਬਣਾਇਆ ਹੈ। ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਵਜ਼ਾਰਤ ਵਿਚ ਭਾਰਤੀ ਮੂਲ ਦੇ ਪੰਜਾਬੀਆਂ ਨੂੰ ਪਹਿਲੀ ਵਾਰ ਵੱਡੀ ਮਾਤਰਾ ਵਿਚ ਪ੍ਰਤੀਨਿਧਤਾ ਮਿਲੀ ਹੈ।**

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲUSA



ਕੈਨੇਡਾ ਦੀ ਸਿਆਸਤ ਵਿਚ ਨਿਊ ਡੈਮੋਕਰੈਟਿਕ ਪਾਰਟੀ ਦੇ ਮੁਖੀ ਭਾਰਤੀ ਮੂਲ ਦੇ ਪੰਜਾਬੀ ਜਗਮੀਤ ਸਿੰਘ ਦੀ ਤੂਤੀ ਬੋਲਦੀ ਹੈ। ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਨਵੀਂ ਸਰਕਾਰ ਵੀ ਦੁਬਾਰਾ ਨਿਊ ਡੈਮੋਕਰੈਟਿਕ ਪਾਰਟੀ ਦੀ ਹੀ ਬਣੀ ਹੈ। ਕੈਨੇਡਾ ਦੀ ਫੈਡਰਲ ਸਰਕਾਰ ਵੀ ਨਿਊ ਡੈਮੋਕਰੈਟਿਕ ਪਾਰਟੀ ਦੀ ਮਦਦ ਨਾਲ ਚੱਲ ਰਹੀ ਹੈ। ਪੰਜਾਬੀਆਂ ਨੇ ਬ੍ਰਿਟਿਸ਼ ਕੋਲੰਬੀਆ ਵਿਚ ਆਪਣੀ ਕਾਬਲੀਅਤ ਦੇ ਝੰਡੇ ਗੱਡ ਦਿੱਤੇ ਹਨ। ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਜਗਮੀਤ ਸਿੰਘ ਦੀ ਨਿਊ ਡੈਮੋਕਰੈਟਿਕ ਪਾਰਟੀ ਦੀ ਨਵੀਂ ਸਰਕਾਰ ਨੇ ਡੇਵਿਡ ਈਬੀ ਦੀ ਪ੍ਰੀਮੀਅਰ ਦੀ ਅਗਵਾਈ ਵਿਚ 41 ਮੈਂਬਰੀ ਵਜ਼ਾਰਤ ਨੇ ਆਪਣਾ ਕਾਰਜ ਭਾਗ ਸੰਭਾਲ ਲਿਆ ਹੈ। ਡੇਵਿਡ ਈਬੀ ਬ੍ਰਿਟਿਸ਼ ਕੋਲੰਬੀਆ ਸੂਬੇ ਦੇ 37ਵੇਂ ਮੁੱਖ ਮੰਤਰੀ ਹਨ। ਨਵੀਂ ਸਰਕਾਰ ਵਿਚ 23 ਕੈਬਨਿਟ ਮੰਤਰੀ, 4 ਰਾਜ ਮੰਤਰੀ ਅਤੇ 14 ਸੰਸਦੀ ਸਕੱਤਰ ਬਣਾਏ ਗਏ ਹਨ। 27 ਕੈਬਨਿਟ ਤੇ ਰਾਜ ਮੰਤਰੀਆਂ ਵਿਚ 11 ਮਰਦ ਅਤੇ 16 ਇਸਤਰੀਆਂ ਹਨ। ਪਹਿਲੀ ਵਾਰ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਵਿਚ ਇਸਤਰੀਆਂ ਨੂੰ ਮਰਦਾਂ ਨਾਲੋਂ ਵੱਧ ਪ੍ਰਤੀਨਿਧਤਾ ਦਿੱਤੀ ਗਈ ਹੈ। ਡੇਵਿਡ ਈਬੀ ਦੀ ਵਜ਼ਾਰਤ ਵਿਚ ਭਾਰਤੀ ਮੂਲ ਦੇ ਪੰਜਾਬੀਆਂ ਦੀ ਸਰਦਾਰੀ ਹੈ। ਪੰਜਾਬੀਆਂ ਨੂੰ ਮਹੱਤਵਪੂਰਨ ਵਿਭਾਗਾਂ ਦੀ ਜ਼ਿੰਮੇਵਾਰੀ ਦੇ ਮਾਣ ਬਖ਼ਸ਼ਿਆ ਗਿਆ ਹੈ। ਭਾਰਤੀ ਮੂਲ ਦੀ ਉਘੀ ਪੰਜਾਬਣ ਨਿੱਕੀ ਸ਼ਰਮਾ ਨੂੰ ਉਪ ਮੁੱਖ ਮੰਤਰੀ ਬਣਾਇਆ ਗਿਆ ਹੈ। ਕੈਨੇਡਾ ਦੇ ਇਤਿਹਾਸ ਵਿਚ ਨਿੱਕੀ ਸ਼ਰਮਾ ਕੈਨੇਡਾ ਦੇ ਕਿਸੇ ਸੂਬੇ ਦੀ ਉਪ ਮੁੱਖ ਮੰਤਰੀ ਬਣਨ ਵਾਲੀ ਪਹਿਲੀ ਪੰਜਾਬਣ ਹੈ। ਇਸ ਤੋਂ ਪਹਿਲਾਂ ਭਾਰਤੀ ਮੂਲ ਦੇ ਪੰਜਾਬੀ ਉਜਲ ਦੁਸਾਂਝ 2002 ਵਿਚ ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਰਹੇ ਹਨ। ਨਵੇਂ ਮੰਤਰੀ ਮੰਡਲ ਵਿਚ ਭਾਰਤੀ/ਪੰਜਾਬੀ ਮੂਲ ਦੇ 4 ਕੈਬਨਿਟ ਮੰਤਰੀ ਅਤੇ 4 ਸੰਸਦੀ ਸਕੱਤਰ ਬਣਾਏ ਗਏ ਹਨ। ਭਾਰਤੀ/ਪੰਜਾਬੀ ਮੂਲ ਦੇ 8 ਮੰਤਰੀਆਂ ਵਿਚ 5 ਔਰਤਾਂ ਤੇ 3 ਮਰਦ ਸ਼ਾਮਲ ਹਨ। ਅਕਤੂਬਰ 2024 ਵਿਚ ਚੋਣਾਂ ਵਿਚ ਐੱਨ.ਡੀ.ਪੀ. ਨੇ 93 ਮੈਂਬਰੀ ਵਿਧਾਨ ਸਭਾ ਵਿਚੋਂ 47 ਸੀਟਾਂ ’ਤੇ ਜਿੱਤ ਪ੍ਰਾਪਤ ਕਰਕੇ ਬਹੁਮਤ ਪ੍ਰਾਪਤ ਕਰ ਲਿਆ ਸੀ। ਕੰਜ਼ਰਵੇਟਿਵ ਪਾਰਟੀ ਨੂੰ 44 ਸੀਟਾਂ ’ਤੇ ਜਿੱਤ ਨਸੀਬ ਹੋਈ ਸੀ। ਇਨ੍ਹਾਂ ਚੋਣਾਂ ਵਿਚ 15 ਭਾਰਤੀਆਂ/ਪੰਜਾਬੀਆਂ ਨੇ ਜਿੱਤ ਪ੍ਰਾਪਤ ਕੀਤੀ ਸੀ। ਵਿਧਾਨ ਸਭਾ ਵਿਚ ਹਰ ਛੇਵਾਂ ਭਾਰਤੀ ਮੂਲ ਦਾ ਮੈਂਬਰ ਹੈ। ਚਾਰ ਕੈਬਨਿਟ ਮੰਤਰੀਆਂ ਵਿਚ ਨਿੱਕੀ ਸ਼ਰਮਾ, ਜਗਰੂਪ ਸਿੰਘ ਬਰਾੜ, ਰਵਿੰਦਰ ਸਿੰਘ ਰਵੀ ਕਾਹਲੋਂ, ਰਵੀ ਪਰਮਾਰ ਅਤੇ ਸੰਸਦੀ ਸਕੱਤਰਾਂ ਵਿਚ ਜਸਪ੍ਰੀਤ ਕੌਰ ਜੈਸੀ ਸੁੰਨੜ, ਸੁਨੀਤਾ ਧੀਰ, ਹਰਵਿੰਦਰ ਸੰਧੂ ਅਤੇ ਪਾਕਿਸਤਾਨ ਵਾਲੇ ਪੱਛਮੀ ਪੰਜਾਬ ਤੋਂ ਅਮਨਾ ਸ਼ਾਹ ਸ਼ਾਮਲ ਹਨ। ਕੈਨੇਡਾ ਵਿਚ 2021 ਦੀ ਜਨਸੰਖਿਆ ਅਨੁਸਾਰ 9 ਲੱਖ 50 ਹਜ਼ਾਰ ਦੇ ਕਰੀਬ ਓਨਟਾਰੀਓ, ਬ੍ਰਿਟਿਸ਼ ਕੋਲੰਬੀਆ, ਅਲਬਰਟਾ, ਮੈਨੀਟੋਬਾ ਅਤੇ ਕਿਊਬਕ ਸੂਬਿਆਂ ਵਿਚ ਭਾਰਤੀ ਮੂਲ ਦੇ ਪੰਜਾਬੀਆਂ/ਸਿੱਖਾਂ ਦੀ ਵਸੋਂ ਹੈ। ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਪੰਜਾਬੀਆਂ/ਸਿੱਖਾਂ ਦੀ 3 ਲੱਖ 15 ਹਜ਼ਾਰ ਵੱਸੋਂ ਹੈ। ਨਿੱਕੀ ਸ਼ਰਮਾ ਦੇ ਪਿਤਾ ਪਾਲ ਸ਼ਰਮਾ ਦਾ ਪਿਛੋਕੜ ਲੁਧਿਆਣਾ ਦਾ ਹੈ, ਪ੍ਰੰਤੂ ਨਿੱਕੀ ਸ਼ਰਮਾ ਕੈਨੇਡਾ ਦੀ ਜੰਮਪਲ ਹੈ। ਉਹ ਦੂਜੀ ਵਾਰ ਵੈਨਕੂਵਰ-ਹੇਸਟਿੰਗ ਤੋਂ ਵਿਧਾਇਕਾ ਬਣੀ ਹੈ। ਪਹਿਲੀ ਵਾਰ ਵਿਧਾਇਕ ਬਣਨ ਤੋਂ ਬਾਅਦ ਉਹ ਬ੍ਰਿਟਿਸ਼ ਕੋਲੰਬੀਆ ਸਰਕਾਰ ਵਿਚ ਮੰਤਰੀ ਬਣ ਗਈ ਸੀ ਤੇ ਅਟਾਰਨੀ ਜਨਰਲ ਸੀ। ਇਸ ਵਾਰ ਵੀ ਉਸਨੂੰ ਅਟਾਰਨੀ ਜਨਰਲ ਬਣਾਇਆ ਗਿਆ ਹੈ। ਜਗਰੂਪ ਸਿੰਘ ਬਰਾੜ ਪਹਿਲੀ ਸਰਕਾਰ ਵਿਚ ਰਾਜ ਮੰਤਰੀ ਸੀ। ਇਸ ਵਾਰ ਉਸਨੂੰ ਤਰੱਕੀ ਦੇ ਕੇ ਕੈਬਨਿਟ ਮੰਤਰੀ ਬਣਾਇਆ ਗਿਆ ਹੈ। ਉਸਨੂੰ ਮਾਈਨਿੰਗ ਤੇ ਕ੍ਰਿਟੀਕਲ ਮਿਨਰਲਜ਼ ਵਿਭਾਗ ਦਾ ਮੰਤਰੀ ਬਣਾਇਆ ਗਿਆ ਹੈ। ਉਹ ਬਠਿੰਡਾ ਜ਼ਿਲ੍ਹੇ ਦੇ ਦਿਓਣ ਪਿੰਡ ਦਾ ਜੰਮਪਲ ਹੈ। ਜਗਰੂਪ ਸਿੰਘ ਬਰਾੜ ਸਰੀ-ਫਲੀਟਵੁੱਡ ਹਲਕੇ ਤੋਂ 7ਵੀਂ ਵਾਰ ਵਿਧਾਇਕ ਬਣਿਆ ਹੈ। ਉਹ ਬਾਸਕਟਵਾਲ ਦਾ ਨੈਸ਼ਨਲ ਪਲੇਅਰ ਹੈ ਅਤੇ ਆਪਣੀ ਕਾਬਲੀਅਤ ਕਰਕੇ ਬਠਿੰਡਾ ਦੇ ਟਿੱਬਿਆਂ ਦੀ ਮਹਿਕ ਬ੍ਰਿਟਿਸ਼ ਕੋਲੰਬੀਆ ਰਾਜ ਵਿਚ ਫ਼ੈਲਾ ਰਿਹਾ ਹੈ, ਜਿਸ ਦਾ ਆਨੰਦ ਕੈਨੇਡੀਅਨ ਨਾਗਰਿਕ ਮਾਣ ਰਹੇ ਹਨ। ਰਵਿੰਦਰ ਸਿੰਘ ‘ਰਵੀ ਕਾਹਲੋਂ’ ਜੋ ਕਿ ਗੁਰਦਾਸਪੁਰ ਜ਼ਿਲ੍ਹੇ ਦੀ ਬਟਾਲਾ ਤਹਿਸੀਲ ਦੇ ਭਾਗੋਵਾਲ ਪਿੰਡ ਤੋਂ ਹੈ, ਉਸਨੂੰ ਹਾਊਸਿੰਗ ਤੇ ਮਿਊਂਸਪਲ ਅਫ਼ੇਅਰਜ਼ ਵਿਭਾਗ ਦੇ ਮੰਤਰੀ ਬਣਾਇਆ ਗਿਆ ਹੈ। ਰਵੀ ਸਿੰਘ ਪਰਮਾਰ ਜੋ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਹਿਲਪੁਰ ਨੇੜਲੇ ਪਿੰਡ ਜੰਗੀਆਣਾ ਤੋਂ ਹੈ, ਉਸਨੂੰ ਜੰਗਲਾਤ ਵਿਭਾਗ ਦਾ ਮੰਤਰੀ ਬਣਾਇਆ ਗਿਆ ਹੈ। ਸੰਸਦੀ ਸਕੱਤਰਾਂ ਵਿਚ ਲੁਧਿਆਣਾ ਜ਼ਿਲ੍ਹੇ ਦੇ ਜਗਰਾਉਂ ਸ਼ਹਿਰ ਦੀ ਜੰਮਪਲ ਤੇ ਵੈਨਕੂਵਰ-ਲੰਗਾਰਾ ਹਲਕੇ ਤੋਂ ਪਹਿਲੀ ਵਾਰ ਵਿਧਾਇਕਾ ਬਣੀ ਸੁਨੀਤਾ ਧੀਰ ਨੂੰ ਅੰਤਰਰਾਸ਼ਟਰੀ ਪ੍ਰਮਾਣ ਪੱਤਰ ਬਾਰੇ ਸੰਸਦੀ ਸਕੱਤਰ ਬਣਾਇਆ ਗਿਆ ਹੈ। ਜ਼ਿਲ੍ਹਾ ਜਲੰਧਰ ਦੇ ਨੂਰਮਹਿਲ ਨੇੜਲੇ ਪਿੰਡ ਸੁੰਨੜ ਕਲਾਂ ਦੀ ਧੀ, ਮਨੁੱਖੀ ਅਧਿਕਾਰਾਂ ਦੀ ਉੱਘੀ ਵਕੀਲ ਤੇ ਸਰੀ-ਨਿਊਟਨ ਤੋਂ ਪਹਿਲੀ ਵਾਰ ਬਣੀ ਵਿਧਾਇਕਾ ਜਸਪ੍ਰੀਤ ਕੌਰ ਜੈਸੀ ਸੁੰਨੜ ਨੂੰ ਨਸਲਵਾਦ ਦੇ ਖਿਲਾਫ਼ ਪਹਿਲਕਦਮੀ ਬਾਰੇ ਸੰਸਦੀ ਸਕੱਤਰ ਬਣਾਇਆ ਗਿਆ ਹੈ। ਜ਼ਿਲ੍ਹਾ ਫਿਰੋਜ਼ਪੁਰ ਦੀ ਜ਼ੀਰਾ ਤਹਿਸੀਲ ਦੇ ਪਿੰਡ ਜੌੜਾ ਦੀ ਜੰਮਪਲ ਹਰਵਿੰਦਰ ਕੌਰ ਸੰਧੂ ਨੂੰ ਖੇਤੀਬਾੜੀ ਦਾ ਸੰਸਦੀ ਸਕੱਤਰ ਬਣਾਇਆ ਗਿਆ ਹੈ। ਉਹ ਵਰਨੋਨ-ਮੋਨਾਸ਼ਰੀ ਹਲਕੇ ਤੋਂ ਦੂਜੀ ਵਾਰ ਵਿਧਾਇਕ ਚੁਣੀ ਗਈ ਸੀ। ਪਾਕਿਸਤਾਨ ਵਾਲੇ ਪੱਛਮੀ ਪੰਜਾਬ ਤੋਂ ਅਮਨਾ ਸ਼ਾਹ ਨੂੰ ਵੀ ਮਾਨਸਿਕ ਸਿਹਤ ਅਤੇ ਨਸ਼ਾਖ਼ੋਰੀ ਲਈ ਸੰਸਦੀ ਸਕੱਤਰ ਬਣਾਇਆ ਗਿਆ ਹੈ, ਜੋ ਸਰੀ-ਸਿਟੀ ਸੈਂਟਰ ਤੋਂ ਜਿੱਤੇ ਸਨ। ਇਸ ਪ੍ਰਕਾਰ ਡੇਵਿਡ ਈਬੀ ਦੀ ਸਰਕਾਰ ਦਾ ਹਰ ਛੇਵਾਂ ਮੰਤਰੀ ਭਾਰਤੀ ਮੂਲ ਦਾ ਪੰਜਾਬੀ ਹੈ। ਲੁਧਿਆਣਾ ਜ਼ਿਲ੍ਹੇ ਦੇ ਗਹੌਰ ਪਿੰਡ ਦੇ ਜੰਮਪਲ ਬਰਨਬੀ-ਨਿਊਵੈਸਟ ਹਲਕੇ ਤੋਂ ਚੋਣ ਜਿੱਤੇ ਰਾਜ ਚੌਹਾਨ 2005 ਤੋਂ ਲਗਾਤਾਰ ਚੋਣ ਜਿੱਤਦੇ ਆ ਰਹੇ ਹਨ। ਉਸ ਦੇ ਸਪੀਕਰ ਚੁਣੇ ਜਾਣ ਦੀ ਪੂਰੀ ਉਮੀਦ ਹੈ, ਕਿਉਂਕਿ ਉਹ ਪਿਛਲੀ ਡੇਵਿਡ ਈਬੀ ਦੀ ਸਰਕਾਰ ਵਿਚ ਵੀ ਸਪੀਕਰ ਸੀ। ਬ੍ਰਿਟਿਸ਼ ਕੋਲੰਬੀਆ ਸੂਬੇ ਦੀ 43ਵੀਂ ਵਿਧਾਨ ਸਭਾ ਦੀਆਂ ਚੋਣਾਂ ਅਕਤੂਬਰ 2024 ਵਿਚ ਹੋਈਆਂ ਸਨ। ਇਨ੍ਹਾਂ ਚੋਣਾਂ ਵਿਚ ਪਹਿਲੀ ਵਾਰ ਭਾਰਤੀਆਂ/ਪੰਜਾਬੀਆਂ/ਸਿੱਖਾਂ ਨੇ 15 ਸੀਟਾਂ ਜਿੱਤਕੇ ਇਤਿਹਾਸ ਸਿਰਜਿਆ ਸੀ। ਇਸ ਤੋਂ ਪਹਿਲਾਂ ਉਨ੍ਹਾਂ ਕਦੀਂ ਵੀ ਇੰਨੀਆਂ ਸੀਟਾਂ ਜਿੱਤੀਆਂ ਨਹੀਂ ਸਨ। 2021 ਦੀ ਜਨਗਣਨਾ ਅਨੁਸਾਰ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਭਾਰਤੀਆਂ/ਪੰਜਾਬੀਆਂ/ਸਿੱਖਾਂ ਦੀ ਵਸੋਂ ਸਿਰਫ਼ 3 ਫੀਸਦੀ ਹੈ, ਜਦੋਂ ਕਿ ਉਨ੍ਹਾਂ ਨੇ ਵਿਧਾਨ ਸਭਾ ਦੀਆਂ 16 ਫੀਸਦੀ ਸੀਟਾਂ ਜਿੱਤਕੇ ਵੱਡਾ ਮਾਹਰਕਾ ਮਾਰਿਆ ਹੈ। ਜਗਮੀਤ ਸਿੰਘ ਕੈਨੇਡਾ ਦੀ ਨਿਊ ਡੈਮੋਕਰੈਟਿਕ ਪਾਰਟੀ ਦਾ ਪ੍ਰਧਾਨ ਹੈ। 37 ਪੰਜਾਬੀਆਂ/ਸਿੱਖਾਂ ਨੇ ਐੱਨ.ਡੀ.ਪੀ. ਅਤੇ ਕੰਜ਼ਰਵੇਟਿਵ ਪਾਰਟੀ ਵੱਲੋਂ ਚੋਣ ਲੜੀ ਸੀ, ਜਿਨ੍ਹਾਂ ਵਿਚੋਂ 15 ਨੇ ਆਪੋ ਆਪਣੀਆਂ ਸੀਟਾਂ ’ਤੇ ਜਿੱਤ ਪ੍ਰਾਪਤ ਕੀਤੀ ਹੈ। ਇਨ੍ਹਾਂ ਵਿਚ ਐੱਨ.ਡੀ.ਪੀ. ਦੇ 11 ਅਤੇ ਕੰਜ਼ਰਵੇਟਿਵ ਪਾਰਟੀ ਦੇ 4 ਉਮੀਦਵਾਰ ਚੋਣ ਜਿੱਤੇ ਹਨ। ਜਿੱਤਣ ਵਾਲੇ 15 ਵਿਧਾਨਕਾਰਾਂ ਵਿਚ 7 ਮਰਦ ਅਤੇ 8 ਇਸਤਰੀਆਂ ਹਨ। ਦੁਨੀਆਂ ਦਾ ਕੋਈ ਦੇਸ਼ ਅਜਿਹਾ ਨਹੀਂ, ਜਿੱਥੇ ਭਾਰਤੀ ਮੂਲ ਦੇ ਪੰਜਾਬੀ/ਭਾਰਤੀ ਨਾ ਹੋਣ। ਉਥੇ ਉਹ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ। ਸੰਸਾਰ ਵਿਚ ਸਭ ਤੋਂ ਵੱਧ ਭਾਰਤੀ ਮੂਲ ਦੇ/ਪੰਜਾਬੀ ਕੈਨੇਡਾ ਵਿਚ ਹਨ। ਕੈਨੇਡਾ ਦੇ ਵਿਕਾਸ ਵਿਚ ਪੰਜਾਬੀਆਂ ਨੇ ਵੱਡੀਆਂ ਮੱਲ੍ਹਾਂ ਮਾਰੀਆਂ ਹਨ। ਪੰਜਾਬੀਆਂ/ਸਿੱਖਾਂ ਨੇ ਹਮੇਸ਼ਾ ਕੈਨੇਡਾ ਦੀ ਸਿਆਸਤ ਵਿਚ ਧੁੰਮਾਂ ਪਾਈਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਪੰਜਾਬੀ/ਭਾਰਤੀ ਮਹੱਤਵਪੂਰਨ ਵਿਭਾਗਾਂ ਦੇ ਮੰਤਰੀ ਹਨ। ਉਨ੍ਹਾਂ ਕੈਨੇਡਾ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿਚ ਵਿਲੱਖਣ ਯੋਗਦਾਨ ਪਾਇਆ ਹੈ।







ਮੰਤਰੀਆਂ ਤੇ ਸੰਸਦੀ ਸਕੱਤਰਾਂ ਦੀਆਂ ਤਸਵੀਰਾਂ।

## ਦੋ ਸੋ ਛਪੰਜਾ ਦਮੜੇ ਦਾ ਇਕ ਰੁਪਈਆ ਕਿਵੇਂ ਬਣਿਆ

### ਕੰਡੇ ਦਾ ਕੰਡਾ

-ਡਾ ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ
ਨੇੜੇ ਨੈਸ਼ਲੇ ਮੋਗਾ
98557-35666
(Punjab Mail USA)



ਦੋ ਸਤੋ, ਅੱਜਕੱਲ੍ਹ ਤਾਂ ਚਵਾਨੀਆਂ, ਧੇਲੀਆਂ, ਰੁਪਈਏ, ਪੰਜ, ਦਸ ਰੁਪਈਏ ਦੀ ਕੋਈ ਵੈਲਿਊ ਨਹੀਂ ਹੈ। ਤੁਸੀਂ ਇਉਂ ਵੀ ਕਹਿ ਸਕਦੇ ਹੋ ਕਿ ਰੁਪਈਏ ਦੀ ਕਦਰ ਨਹੀਂ ਰਹੀ। ਜ਼ਮਾਨਾ ਬਦਲ ਗਿਆ। ਜ਼ਮਾਨੇ ਦੇ ਨਾਲ-ਨਾਲ ਕੋਡੀਆਂ ਤੋਂ ਰੁਪਈਏ ਦੀ ਕਹਾਣੀ, ਕਿਵੇਂ 256 ਦਮੜੇ ਤੋਂ ਰੁਪਈਆ ਬਣਿਆ। ਆਉ ਜਾਣੀਏ ਰੁਪਈਏ ਦਾ ਇਤਿਹਾਸ:
ਪ੍ਰਾਚੀਨ ਭਾਰਤੀ ਮੁਦਰਾ ਪ੍ਰਣਾਲੀ

ਫੂਟੀ ਕੋਡੀ ਤੋਂ ਕੋਡੀ ਤੇ ਫੇਰ ਕੋਡੀ ਤੋਂ ਦਮੜੀ ਤੇ ਫੇਰ ਦਮੜੀ ਤੋਂ ਧੇਲਾ ਤੇ ਫੇਰ ਧੇਲੇ ਤੋਂ ਪਾਈ ਤੇ ਫੇਰ ਪਾਈ ਤੋਂ ਪੈਸਾ ਤੇ ਫੇਰ ਪੈਸੇ ਤੋਂ ਆਨਾ ਤੇ ਫੇਰ ਆਨੇ ਤੋਂ ਰੁਪਇਆ ਬਣਿਆ ਮਤਲਬ 256 ਦਮੜੇ = 192 ਪਾਈ = 128 ਧੇਲੇ = 64 ਪੁਰਾਣੇ ਪੈਸੇ = 16 ਆਨੇ = 1 ਰੁਪਈਆ,

ਤਿੰਨ ਫੁੱਟੀ ਕੋਡੀ - 1 ਕੋਡੀ
10 ਕੋਡੀ - ਇਕ ਦਮੜੀ
2 ਦਮੜੀ - ਇਕ ਧੇਲਾ
1.5 ਪਾਈ - 1ਧੇਲਾ
3 ਪਾਈ - 1 ਪੈਸਾ ਪੁਰਾਣਾ
4 ਪੈਸੇ - ਇਕ ਆਨਾ
ਸੋਲਾਂ ਆਨੇ - ਇਕ ਰੁਪਈਆ

ਪ੍ਰਾਚੀਨ ਮੁਦਰਾ ਦੀ ਇਨ੍ਹਾਂ ਇਕਾਈਆਂ ਨੇ ਸਾਡੀ ਬੋਲਚਾਲ ਦੀ ਭਾਸ਼ਾ ਨੂੰ ਕਈ ਕਹਾਵਤਾਂ ਦਿੱਤੀਆਂ ਨੇ। ਜਿਹੜੀਆਂ ਪਹਿਲਾਂ ਵੀ ਸਨ ਤੇ ਹੁਣ ਵੀ ਪ੍ਰਚਲਿਤ ਨੇ। ਜਿਵੇਂ:-

ਇੱਕ ਫੂਟੀ ਕੋਡੀ ਵੀ ਨਹੀਂ ਦੇਵਾਂਗਾ
ਧੇਲੇ ਦਾ ਕੰਮ ਨਹੀਂ ਕਰਦਾ ਜਾਂ ਕਰਦੀ
ਚਮੜੀ ਜਾਵੇ ਪਰ ਦਮੜੀ ਨਾ ਜਾਵੇ
ਪਾਈ ਪਾਈ ਦਾ ਹਿਸਾਬ ਰੱਖਣਾ
ਸੋਲਾਂ ਆਨੇ ਸੱਚ

# ਮਰਦਾਨਿਆ ਰਬਾਬ ਵਜਾਇ

ਡਾਕਟਰ ਅਜੀਤ ਸਿੰਘ ਕੋਟਕਪੂਰਾ
ਮੋਬਾਈਲ : 585-305-0443
ਪੰਜਾਬ ਮੇਲ USA



ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੁੱਢ ਕਦੀਮ ਦਾ ਸਾਥੀ ਤੇ ਗੁਰੂ ਜੀ ਦੇ ਪਹਿਲੇ ਸਿੱਖਾਂ ਵਿਚ ਹੋਣ ਕਰਕੇ ਸਿਖ ਪੰਥ ਵਿਚ ਜੋ ਦਰਜਾ ਭਾਈ ਮਰਦਾਨੇ ਦਾ ਹੈ, ਉਹ ਹੋਰ ਕਿਸੇ ਹਜ਼ੂਰੀ ਸਿੱਖ ਦਾ ਨਹੀਂ ਮੰਨਿਆ ਜਾ ਸਕਦਾ। ਸਿੱਖ ਸਾਹਿਤ ਤੇ ਇਤਿਹਾਸ ਵਿਚ ਭਾਈ ਮਰਦਾਨੇ ਨੂੰ ਬੜੀ ਭਾਰੀ ਅਹਿਮੀਅਤ ਪ੍ਰਾਪਤ ਹੈ। ਉਹ ਜਾਤ ਦਾ ਮਰਾਸੀ ਅਤੇ ਅਵਲ ਦਰਜੇ ਦਾ ਗਵੱਈਆ ਅਥਵਾ ਸੰਗੀਤਕਾਰ ਸੀ। ਜਨਮ ਸਾਖੀ ਗੁਰੂ ਨਾਨਕ (ਭਾਈ ਪੈੜਾ ਮੋਖਾ) ਤੋਂ ਪਤਾ ਲੱਗਦਾ ਹੈ ਕਿ ਭਾਈ ਮਰਦਾਨਾ ਬੇਦੀਆਂ ਦਾ ਮਿਰਾਸੀ ਤੇ ਪਿੰਡ ਤਲਵੰਡੀ ਰਾਏ ਭੋਇ ਭੱਟੀ ਕੀ (ਹੁਣ ਪ੍ਰਸਿੱਧ ਨਗਰ ਨਨਕਾਣਾ ਸਾਹਿਬ, ਜ਼ਿਲ੍ਹਾ ਸ਼ੇਖ਼ੂਪੁਰਾ ਪਾਕਿਸਤਾਨ) ਦਾ ਵਸਨੀਕ ਸੀ। ਗੁਰੂ ਨਾਨਕ ਦੇ ਪਿਤਾ ਮਹਿਤਾ ਕਾਲੂ ਜੀ ਦਾ ਖਾਨਦਾਨੀ ਮਿਰਾਸੀ ਹੋਣ ਕਰਕੇ ਹੀ, ਉਹ ਗੁਰੂ ਨਾਨਕ ਦੀ ਖ਼ਬਰ ਸਾਰ ਪੁੱਛਣ ਵਾਸਤੇ ਪਹਿਲੀ ਵਾਰ ਤਲਵੰਡੀ ਤੋਂ ਸੁਲਤਾਨਪੁਰ ਲੋਧੀ ਗਿਆ ਤੇ ਫੇਰ ਉਥੇ ਹੀ ਗੁਰੂ ਜੀ ਦੇ ਕੋਲ ਰਹਿ ਗਿਆ ਸੀ। ਉਹ ਗੁਰੂ ਨਾਨਕ ਸਾਹਿਬ ਦਾ ਰਬਾਬੀ ਕਾਵ ਤੇ ਸੰਗੀਤ ਦਾ ਪੂਰਾ ਮਾਹਿਰ ਤੇ ਦੇਸ਼-ਵਿਦੇਸ਼ ਦੀਆਂ ਚਾਰੇ ਉਦਾਸੀਆਂ ਵਿਚ ਹਮੇਸ਼ਾ ਗੁਰੂ ਜੀ ਦੇ ਅੰਗ-ਸੰਗ ਰਹਿਣ ਵਾਲਾ ਜੀਉੜਾ ਸੀ।

ਭਾਈ ਮਰਦਾਨਾ ਉਮਰ ਵਿਚ ਗੁਰੂ ਨਾਨਕ ਤੋਂ ਦੱਸ ਵਰ੍ਹੇ ਵੱਡਾ ਸੀ। ਉਸ ਦੇ ਪਿਤਾ ਦਾ ਨਾਂ ਸੀ ਬਦਰਾ ਤੇ ਮਾਤਾ ਦਾ ਨਾਂ ਲਖੋ। ਆਖਿਆ ਜਾਂਦਾ ਹੈ ਕਿ ਪਹਿਲਾਂ ਮਾਈ ਲਖੋ ਦੇ ਛੇ ਬੱਚੇ ਪੈਦਾ ਹੋ ਕੇ ਮਰ ਚੁੱਕੇ ਸਨ, ਇਸ ਲਈ ਉਸ ਨੇ ਇਸ ਸੱਤਵੇਂ ਬੱਚੇ ਦਾ ਨਾਂ 'ਮਰਜਾਣਾ' ਰੱਖਿਆ ਸੀ। ਪਰ ਜਦ ਗੁਰੂ ਨਾਨਕ ਜੀ ਨੇ ਉਸ ਨੂੰ ਸੁਭਾਵਿਕ ਹੀ 'ਮਰਦਾਨਾ' ਕਹਿ ਕੇ ਸੱਦਿਆ ਤਾਂ ਉਹ ਅਮਰ ਪਦਵੀ 'ਮਰਦਾ ਨਾ' ਮਿਲਣ ਕਰ ਕੇ ਮਰਦਾਨਾ ਹੀ ਬਣ ਗਿਆ।

ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਅਨੁਸਾਰ ਭਾਈ ਮੰਗਲ ਸਿੰਘ ਉਪਦੇਸ਼ਕ ਦੀ ਇਹ ਲਿਖਤ ਸੰਨ 1916 ਵਿਚ ਪ੍ਰਕਾਸ਼ਿਤ ਹੋਈ ਮੰਗਲ ਸਿੰਘ ਉਪਦੇਸ਼ਕ ਨੇ ਇਸ ਪੁਸਤਕ ਦੀ ਆਧਾਰ ਸਮੱਗਰੀ ਦੇ ਸਰੋਤ ਦਾ ਕੋਈ ਸੰਕੇਤ ਨਹੀਂ ਦਿੱਤਾ। ਡਾਕਟਰ ਰਜਿੰਦਰ ਕੌਰ ਇਸ ਦੀ ਰੂਪਾਂਤਰਕਾਰ ਹੈ ਉਸ ਨੇ ਮਰਦਾਨੇ ਦੇ ਮੁਖੋਂ ਬਾਬਾ ਬੁੱਢਾ ਜੀ ਨਾਲ ਵਾਰਤਾਲਾਪ ਕਰਦਿਆਂ ਇਸ ਤਰ੍ਹਾਂ ਦਰਜ ਕਰਵਾਇਆ ਹੈ ------

"ਰਾਏ ਭੋਏ ਕੀ ਭੱਟੀ, ਰਾਜਪੂਤ ਨੇ 1486 ਬਿਕ੍ਰਮੀ ਅਥਵਾ ਸੰਨ 1429 ਈਸਵੀ ਵਿਚ ਜਦੋਂ ਆਪਣੇ ਨਾਮ 'ਤੇ ਰਾਏ ਭੋਇ ਕੀ ਤਲਵੰਡੀ ਵਸਾਈ, ਤਾਂ ਉਸ ਸਮੇਂ ਗੁਰੂ ਨਾਨਕ ਸਾਹਿਬ ਦੇ ਵੱਡੇ ਜਠੇਰੇ ਪਿੰਡ ਗੋਡੇ ਤੋਂ ਆਣ ਕੇ ਇੱਥੇ ਵਸੇ ਸਨ। ਭਾਈ ਮਰਦਾਨੇ ਨੇ ਕਿਹਾ ਕਿ ਉਸੀ ਸਮੇਂ ਮੇਰੇ ਜਜਮਾਨ ਪਿੰਡ ਲਖਣਕੇ ਤੋਂ ਸੰਧੂ ਜ਼ਿਮੀਂਦਾਰ ਜਿਨ੍ਹਾਂ ਵਿਚੋਂ ਭਾਈ ਬਾਲਾ ਜੀ ਹਨ, ਇਥੇ ਆ ਕੇ ਵਸੇ। ਉਨ੍ਹਾਂ ਦੇ ਨਾਲ ਮੇਰੇ ਵੱਡੇ ਰਜਾਨੀ ਜੀ ਚੌਬੜ ਜਾਤ ਦੇ ਮਰਾਸੀ ਵੀ ਇਥੇ ਇਸ ਜਗ੍ਹਾ ਆ ਗਏ। ਉਸ ਦੀ ਵੰਸ਼ ਤੋਂ ਭਾਦੜਾ ਤੇ ਭਾਦੜਾ ਤੋਂ ਮੇਰਾ ਪਿਤਾ ਬਾਦਰਾ (ਬਾਦੀਆ) ਪੈਦਾ ਹੋਇਆ। ਉਸ ਦੇ ਘਰ ਲਖੋ ਦੀ ਕੁਖੋਂ ਮੇਰਾ ਜਨਮ 1516 ਬਿਕ੍ਰਮੀ ਸੰਨ 1459 ਨੂੰ ਹੋਇਆ।

ਇਕ ਦਿਨ ਮੇਰਾ ਪਿਤਾ ਕਿਤੇ ਬਾਹਰ ਗਿਆ ਹੋਇਆ ਸੀ। ਦਾਣਿਆਂ ਦੀ ਤੰਗੀ ਵੇਖ ਕੇ ਮੇਰੀ ਮਾਂ ਨੇ ਮੈਨੂੰ ਆਖਿਆ,

"ਕਿਸੇ ਕੋਠਾ ਕਿਸੇ ਪੱਲਾ, ਮੈਨੂੰ ਆਸ ਤੇਰੀ ਅਲਾ"

ਉਸ ਵਕਤ ਗੁਰੂ ਜੀ ਬਾਲਕਾਂ ਨਾਲ ਖੇਡ ਕੇ ਘਰ ਵਾਪਸ ਜਾ ਰਹੇ ਸਨ। ਇਹ ਗੱਲ ਸੁਣ ਕੇ ਬਾਲਕ ਗੁਰੂ ਜੀ ਨੇ ਰਸ ਭਿੰਨੀ ਜ਼ੁਬਾਨ ਵਿਚ ਬਚਨ ਕੀਤੇ:-

"ਅਸੀਂ ਵੀ ਅੱਲ੍ਹਾ ਦਾ ਆਸਰਾ ਰੱਖਦੇ ਹਾਂ ਤੇ ਤੁਹਾਡਾ ਆਸਰਾ ਵੀ ਅੱਲ੍ਹਾ ਦਾ ਹੈ, ਸਾਨੂੰ ਅੱਲ੍ਹਾ ਵਾਲਿਆਂ ਦੀ ਅਤੀ ਲੋੜ ਹੈ, ਆਪਣਾ ਪੁੱਤ ਸਾਨੂੰ ਦੇ ਛੱਡ"

ਮੇਰੀ ਮਾਂ ਆਖਣ ਲੱਗੀ,

"ਤੁਸੀਂ ਮੇਰੇ ਜਜਮਾਨ ਹੋ, ਮੇਰਾ ਪੁੱਤਰ ਤਾਂ ਰਾਗ ਪ੍ਰੇਮੀ ਹੈ, ਇਸ ਗਵੱਈਏ ਤੋਂ ਤੁਹਾਡਾ ਕੀ ਕੰਮ ਸੰਵਰੇਗਾ ? ਸਾਡਾ ਤਾਂ ਇਹ ਕੁਝ ਨਹੀਂ ਸੰਵਾਰਦਾ।"

ਗੁਰੂ ਜੀ ਬੋਲੇ, "ਗਵਈਆ ਨਿਕੰਮਾ ਨਹੀਂ ਹੁੰਦਾ, ਗਵਈਆ ਤੇ ਕਵੀ ਦੋਵੇਂ ਮਰਦ, ਮਰਦਾਨਾ ਹੁੰਦੇ ਹਨ, ਸਾਨੂੰ ਇਸ ਦੇ ਰਾਗ ਦੀ ਲੋੜ ਹੈ।"

ਉਸੇ ਦਿਨ ਤੋਂ ਮੇਰੇ ਉਪਰ ਗੁਰੂ ਦੀ ਕਿਰਪਾ ਹੋ ਗਈ। ਮੈਨੂੰ ਉਨ੍ਹਾਂ ਨੇ ਮਰਦਾਨਾ ਨਾਮ ਬਖਸ਼ਿਆ।

ਬਚਪਨ ਤੋਂ ਭਾਈ ਮਰਦਾਨੇ ਦੀ ਸਭ ਤੋਂ ਵਡੀ ਸਿਫਤ ਇਹੋ ਸੀ ਕਿ ਉਸ ਦਾ ਬੱਚਿਆਂ ਵਰਗਾ ਸਾਫ, ਸ਼ੁੱਧ ਅਤੇ ਮਿਲਾਪੜਾ ਸੁਭਾਅ, ਸੰਜੀਦਾ ਵਰਤਾਅ, ਵਿਦਿਆ ਤੇ ਸੰਗੀਤ ਨਾਲ ਦਿਲੀ ਲਗਾਅ ਅਤੇ ਇਨਸਾਨੀਅਤ ਵੱਲ ਪੂਰੀ ਤਰ੍ਹਾਂ ਝੁਕਾਅ ਸੀ, ਜੋ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪਸੰਦ ਆਏ।

ਨੀਤੀਵਾਨਾ ਦਾ ਇਕ ਕਥਨ ਵੀ ਹੈ:-

ਪੁਰਖ ਰੂਪ-ਧਾਰੀ ਮਿਲਣ, ਨਟਖਟ ਲੋਕ ਅਨੇਕ॥

ਅਸਲੀ ਮਨੁੱਖ ਥੋੜਤੇ, ਮਨ, ਵਿਚ ਕਰਮੋ ਨੇਕ॥

(ਆਦਮੀ ਦੀ ਪਰਖ )

ਇਸੇ ਕਰਕੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਜੋ ਇਨਸਾਨੀਅਤ ਦੇ ਸੱਚੇ ਪਾਰਖੂ ਤੇ ਤਤਕਾਲੀਨ ਜਨ-ਸਮਾਜ ਦੇ ਸਹੀ ਰਹਿਬਰ ਸਨ, ਕਦੇ ਇਕ ਖਿਨ-ਪਲ ਵੀ ਮਰਦਾਨੇ ਨੂੰ ਆਪਣੇ ਨਾਲੋਂ ਵੱਖ ਕਰਨਾ ਪਸੰਦ ਨਾ ਕੀਤਾ।

ਭਾਈ ਮਨੀ ਸਿੰਘ ਨੇ ਭਾਈ ਮਰਦਾਨਾ ਦਾ ਗੁਰੂ ਪਾਤਸ਼ਾਹ ਨਾਲ ਪਹਿਲਾਂ ਮੇਲ ਲਗਭਗ 1480 ਈਸਵੀ ਵਿਚ ਹੋਇਆ ਦੱਸਿਆ ਹੈ। ਉਸ ਸਮੇਂ ਬਾਬਾ ਨਾਨਕ ਜੀ ਦੀ ਉਮਰ ਕੋਈ 11 ਕੁ ਸਾਲ ਦੀ ਸੀ ਤੇ ਮਰਦਾਨਾ 21 ਸਾਲਾਂ ਦਾ ਸੀ। ਦੋਵੇਂ ਪਿਆਰ ਦੇ ਬੰਧਨ ਵਿਚ ਬੰਨ੍ਹੇ ਗਏ ਸਨ। ਦੋਵੇਂ ਰਲ ਕੇ ਗਾਉਣ ਲੱਗੇ। ਦੋਹਾਂ ਦੀ ਸਾਂਝ ਰਾਗ ਸੀ, ਸ਼ਬਦ ਦਾ ਗਾਇਨ ਸੀ ਗੁਰੂ ਪਾਤਸ਼ਾਹ ਜਦ ਵੀ ਬੋਲਦੇ ਇਹੋ ਹੀ ਆਖਦੇ, "ਮਰਦਾਨਿਆ ਰਬਾਬ ਵਜਾਇ। ਕਾਈ ਸਿਫਤ ਖ਼ੁਦਾਇ ਦੇ ਦੀਦਾਰ ਦੀ ਕਰੀਏ।" ਦੋਵੇਂ ਤਰੁਨਮ ਨਾਲ ਵਜਦ ਵਿਚ ਆ ਜਾਂਦੇ। ਕਿਸੇ ਅਗੰਮੀ ਰਸ ਨਾਲ ਸਰਸ਼ਾਰ। ਕਹਿਣ ਨੂੰ ਤਾਂ ਇਕ ਮੁਰਸ਼ਦ ਤੇ ਦੂਜਾ ਮੁਰੀਦ ਸੀ ਪਰ ਇਹ ਤਾਂ ਜਨਮਾਂ ਦੀ ਸਾਂਝ ਭਿਆਲੀ ਰੱਖਣ ਵਾਲੇ ਦੋ ਸੰਗੀ ਸਨ। ਦੋਵੇਂ ਇਕ ਦੂਜੇ ਸੰਗ ਸਾਥ ਨੂੰ ਮਾਣਦੇ। ਦੋਨਾਂ ਦੀ ਖ਼ੁਦਾਵੰਦ ਕਰੀਮ ਨਾਲ ਮੁਹੱਬਤ। ਉਮਰਾਂ ਦੇ ਕਈ ਵਰ੍ਹੇ ਇਕੱਠੇ ਬਿਤਾਏ। ਜਿੰਨਾ ਲੰਮਾ ਅਰਸਾ ਭਾਈ ਮਰਦਾਨੇ ਨੇ ਬਾਬੇ ਨਾਨਕ ਦੀ ਛੋਹ ਦਾ ਸੁਆਦ ਮਾਣਿਆ, ਓਨਾ ਹੀ ਉਨ੍ਹਾਂ ਦਾ ਬਿੰਬ ਸਾਖੀਕਾਰਾਂ ਨੇ ਭੁੱਖਾ, ਤਿਹਾਇਆ, ਲਾਲਚੀ, ਮੰਗਤਾ ਤੇ ਡਰਪੋਕ ਜੇਹਾ ਬਣਾ ਕੇ ਉਭਾਰਿਆ। ਪ੍ਰੰਤੂ ਉਹ ਤਾਂ ਉੱਚੇ ਦਰਜੇ ਦਾ ਮਹਾਂਪੁਰਖ, ਨਿਰਛਲ, ਨਿਰਕਪਟ, ਹਲੀਮ, ਸੂਰਮਾ ਜੋ ਵਖਤੈ ਉਪਰ ਲੜ ਮਰਨ ਵਾਲਾ, ਕਸ਼ਟਾਂ ਨੂੰ ਹੱਸ ਕੇ ਝੱਲਣ ਵਾਲਾ, ਰਾਗ ਵਿਦਿਆ ਵਿਚ ਪ੍ਰਬੀਨ ਅਤੇ ਦਲੇਰ ਸ਼ਖਸੀਅਤ ਸੀ। ਗੁਰੂ ਜੀ ਦਾ ਅਜਿਹਾ ਸਾਥੀ ਬਣਿਆ, ਜਿਸ ਨੇ ਹਰ ਦੁੱਖ ਤੇ ਆਈ ਔਕੜ ਨੂੰ ਦਲੇਰੀ ਨਾਲ ਨਜਿੱਠਿਆ। ਕੌਡੇ ਰਾਖਸ਼ ਤੇ ਵਲੀ ਕੰਧਾਰੀ ਵਰਗਿਆਂ ਦਾ ਸਾਹਮਣਾ ਕੀਤਾ ਤੇ ਗੁਰੂ ਦੇ ਹੁਕਮਾਂ ਦੀ ਪਾਲਣਾ ਬੜੀ ਨਿਰਭੈਅਤਾ ਨਾਲ ਕੀਤੀ ਸੀ। ਮਰਦਾਨਾ ਆਪਣੇ ਪਿਤਾ ਦੇ ਵੇਲੇ ਦੀਆਂ ਗਾਇਕ ਢਾਣੀਆਂ ਦੀ ਸੰਗਤ ਵਿਚ ਸਾਜ਼-ਸੰਗੀਤ ਵਿਚ ਢਲ ਗਿਆ ਸੀ। ਉਹ ਸਾਰੰਗੀ ਤੇ ਰਬਾਬ ਦਾ ਮਾਹਿਰ ਉਸਤਾਦ ਬਣ ਗਿਆ। ਉਹ ਰਬਾਬ ਇਤਨੀ ਮਨਮੋਹਕ ਵਜਾਉਂਦਾ ਸੀ ਕਿ ਬਾਬਾ ਨਾਨਕ ਵੀ ਉਸ ਦੀ ਪ੍ਰਸ਼ੰਸਾ ਕਰਨੋਂ ਨਾ ਰਹਿ ਸਕਦੇ। ਹੁਣ ਗੁਰੂ ਨਾਨਕ ਸਾਹਿਬ ਜੀ ਨੇ ਮਾਨਵ ਕਲਿਆਣ ਦੇ ਤਰਾਨੇ ਲਿਖਣੇ ਤੇ ਗਾਉਣੇ ਸ਼ੁਰੂ ਕਰ ਦਿੱਤੇ। ਉਧਰ ਮਰਦਾਨੇ ਦੀ ਮਨ-ਮੁਗਧ ਰਬਾਬ ਨਾਲ ਗੁਰੂ ਬਾਬੇ ਦੀ ਰਸ ਭਰੀ ਆਵਾਜ਼ ਇਕ ਦੂਜੇ ਵਿਚ ਇਕਮਿਕ ਹੋ ਕੇ ਜੁਗ ਪਲਟਾਊ ਲਹਿਰ ਦਾ ਅਗਾਜ਼ ਕਰਨ ਲੱਗੀ। ਗੁਰੂ ਨਾਨਕ ਸਾਹਿਬ ਮਰਦਾਨੇ ਦੀ ਸਰਲਤਾ 'ਤੇ ਬਹੁਤ ਖੁਸ਼ ਹੋਏ ਤੇ ਆਖਣ ਲੱਗੇ, "ਮਰਦਾਨਿਆ ਉਚ ਨੀਚ ਜਾਤਾਂ ਦੇ ਭਰਮ ਤਾਂ ਲੋਕਾਂ ਨੇ ਪਾ ਦਿੱਤੇ। ਰੱਬ ਨੇ ਜਿਹੋ ਜਿਹਾ ਹੱਡ ਚੰਮ ਦਾ ਮੈਨੂੰ ਬਣਾਇਆ ਹੈ, ਤੇਹਾ ਹੀ ਤੈਨੂੰ ਬਣਾਇਆ ਹੈ। ਰੱਬ ਨੇ ਆਪਣੀ ਜੋਤ ਤੇਰੇ ਤੇ ਮੇਰੇ ਵਿਚ ਰੱਖੀ ਹੈ। ਰੱਬ ਨੇ ਤੈਨੂੰ ਕਈਆਂ ਨਾਲੋਂ ਚੰਗਾ ਬਣਾਇਆ ਹੈ ਕਿਉਂਕਿ ਤੈਨੂੰ ਰਾਗ ਦੀ ਸੂਝ ਦਿੱਤੀ ਹੈ। ਰਬਾਬ ਵਜਾਉਣ ਦਾ ਹੁਨਰ ਦਿੱਤਾ ਹੈ ਤੇ ਨਾਲ ਸੰਤੋਖ ਵੀ ਦਿੱਤਾ ਹੈ। ਤੂੰ ਸਮਾਜ ਦਾ ਢਾਡੀ ਬਣ, ਮੈਂ ਸੱਚੇ ਪਰਮੇਸ਼ਰ ਦਾ ਢਾਡੀ। ਸਾਡੇ ਵਿਚ ਫਰਕ ਕੋਈ ਨਾ। ਤੂੰ ਵੀ ਰੱਬ ਦਾ ਢਾਡੀ ਬਣ, ਤੇਰੇ ਸਾਰੇ ਮਨੋਰਥ ਪੂਰੇ ਹੋਣਗੇ। ਇਸ ਤਰ੍ਹਾਂ ਮਰਦਾਨੇ ਦਾ ਬਾਬੇ ਨਾਲ ਮੇਲ ਹੋਇਆ ਤੇ ਮਰਦਾਨਾ ਸਦਾ ਲਈ ਗੁਰੂ ਨਾਨਕ ਦਾ ਹੋ ਗਿਆ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਆਪਣੇ ਆਪ ਨੂੰ ਹਰ ਤਰ੍ਹਾਂ ਦੇ ਜਾਤੀ ਬੰਧਨਾਂ ਤੋਂ ਮੁਕਤ ਸਮਝਦੇ ਸਨ ਤੇ ਦਿਨੋਂ-ਦਿਨ ਜਾਤੀ-ਬੰਧਨਾਂ ਵਿਚ ਨਪੀੜੇ ਜਾ ਰਹੇ ਜਨ ਸਮਾਜ ਨੂੰ ਸਦੀਵੀ ਜੀਵਨ-ਮੁਕਤੀ ਪ੍ਰਾਪਤ ਕਰਨ ਵਾਸਤੇ ਉਹ ਇਸ ਖੁੱਲ੍ਹਦਿਲੀ ਦਾ ਉਪਦੇਸ਼ ਦਿੰਦੇ ਸਨ। ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਅੰਗ 1329 ਉਪਰ ਸੁਭਾਏਮਾਨ ਪਰਭਾਤੀ ਰਾਗ ਵਿਚ ਪਹਿਲੇ ਪਾਤਸ਼ਾਹ ਜੀ ਲਿਖਦੇ ਹਨ ਕਿ:-

ਉਚਾ ਤੇ ਫੁਨਿ ਨੀਚੁ ਕਰਤ ਹੈ, ਨੀਚੁ ਕਰੇ ਸੁਲਤਾਨ॥

ਜਿਨੀ ਜਾਣ ਸੁਜਾਣਿਆ, ਜਗਿ ਤੇ ਪੂਰੇ ਪਰਵਾਣ॥ (ਸ.ਗ.ਗ.ਸ. - ਅੰਗ : 1329)

ਇਸੇ ਕਾਰਨ ਗੁਰੂ ਨਾਨਕ ਸਾਹਿਬ ਹਮੇਸ਼ਾਂ ਨੀਵਿਆਂ ਨੂੰ ਉੱਚਿਆਉਂਦੇ, ਸਲਾਹੁੰਦੇ ਤੇ ਵਡਿਆਉਂਦੇ ਹੋਏ ਕਹਿੰਦੇ ਹਨ:-

ਨੀਚਾ ਅੰਦਰ ਨੀਚ ਜਾਤਿ, ਨੀਚੀ ਹੂ ਅਤਿ ਨੀਚ।

ਨਾਨਕ ਤਿਨ ਕੇ ਸੰਗ ਸਾਥ, ਵਡਿਆਂ ਸੋ ਕਿਆ ਰੀਸ।

ਜਿਥੇ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸ਼ੀਸ਼।



(ਸ.ਗ.ਗ.ਸ. - ਅੰਗ : 15 : ਸ੍ਰੀ ਰਾਗ ਮੋਹੱਲਾ: 1)

ਭਾਈ ਮਰਦਾਨਾ ਗੁਰੂ ਸਾਹਿਬ ਜੀ ਦਾ ਸਾਥੀ ਸੀ। ਉਸ ਦੇ ਮਨ ਅੰਦਰ ਜਦੋਂ ਵੀ ਕੋਈ ਸ਼ੰਕਾ ਪੈਦਾ ਹੁੰਦੀ, ਤਾਂ ਉਹ ਬੜੀ ਦਲੇਰੀ ਨਾਲ ਬਾਬਾ ਜੀ ਤੋਂ ਸਪੱਸ਼ਟੀਕਰਣ ਲੈ ਲਿਆ ਕਰਦਾ ਸੀ। ਉਸ ਦੀ ਦਲੀਲ ਹਮੇਸ਼ਾ ਹੀ ਦਮਦਾਰ ਹੁੰਦੀ ਸੀ ਅਤੇ ਸਪੱਸ਼ਟੀਕਰਣ ਗੁਰੂ ਸਾਹਿਬ ਆਪ ਹੀ ਦਿਆ ਕਰਦੇ ਸਨ। ਜੇਕਰ ਉਸ ਦੀ ਤਸੱਲੀ ਨਾ ਹੁੰਦੀ, ਤਾਂ ਉਹ ਦੁਬਾਰਾ ਪੁੱਛਣ ਤੋਂ ਘਬਰਾਉਂਦਾ ਨਹੀਂ ਸੀ। ਉਸ ਨੇ ਇਕ ਵਾਰ ਦੋਵੇਂ ਹੱਥ ਜੋੜ ਆਖਿਆ,

'ਬਾਬਾ ਤੇਰਾ ਮੇਰਾ ਅੰਤਰ ਨਾਹੀਂ, ਤੂੰ ਖ਼ੁਦਾਇ ਦਾ ਡੂਮ ਹਉ ਤੇਰਾ ਡੂਮ। ਤੈਂ ਖ਼ੁਦਾਇ ਪਾਇਆ ਹੈ, ਤੈਂ ਖ਼ੁਦਾਇ ਦੇਖਿਆ ਹੈ, ਤੇਰਾ ਕਿਹਾ ਖ਼ੁਦਾਇ ਕਰਦਾ ਹੈ,

ਮੇਰੀ ਬੇਨਤੀ ਹੈ, ਇਕ, ਮੈਨੂੰ ਵਿਛੋੜਨਾ ਨਾਹੀਂ ਆਪ ਨਾਲੋਂ, ਨਾ ਏਥੇ, ਨਾ ਓਥੇ।'

ਬਾਬੇ ਗੁਰੂ ਨੇ ਉਸੇ ਵੇਲੇ ਰਹਿਮ ਕਰਕੇ ਫਰਮਾਇਆ, 'ਮਰਦਾਨਿਆ ਤੁਧ ਉਪਰ ਮੇਰੀ ਖ਼ੁਸ਼ੀ ਹੈ। ਜਿਥੇ ਤੇਰਾ ਵਾਸਾ, ਉਥੇ ਮੇਰਾ ਵਾਸਾ।'

ਭਾਈ ਮਰਦਾਨਾ ਜੀ ਦੇ ਨਾਲ ਗੁਰੂ ਬਾਬੇ ਨੇ ਅਨੇਕਾਂ ਬਚਨ ਬਿਲਾਸ ਕੀਤੇ। ਅਨੇਕ ਪ੍ਰਸ਼ਨ ਉਤਰ ਕਰਕੇ ਕਈ ਗੁੱਝੇ ਭਾਵ ਖੋਲ੍ਹੇ ਹਨ।

ਉਦਾਹਰਣ ਵਜੋਂ:- ਰਾਗਾਂ ਦੀ ਮਹੱਤਤਾ, ਸਮਾਂ ਕਿਹੜਾ ਚੰਗਾ, ਦਰਿਆ 'ਤੇ ਤਾਂ ਬੇੜਾ ਹੁੰਦਾ ਹੈ, ਮਲਾਹ ਪਾਰ ਲੰਘਾਂਦਾ ਹੈ। ਇਹ ਸੰਸਾਰ ਮਾਨੋਂ ਦਰਿਆ ਹੈ, ਇਸ ਦਰਿਆ ਦਾ ਬੇੜਾ ਕੌਣ ਹੈ, ਲੰਘਾਵਣ ਵਾਲਾ ਕੌਣ ਹੈ। ਮਨੁੱਖ ਖੁਦਾ ਨੂੰ ਮਿਲਦਾ ਕਿਵੇਂ ਹੈ ਤੇ ਵਿਛੜਦਾ ਕਿਵੇਂ। ਜਿਸ ਨੇ ਉਸ ਨੂੰ ਪਾ ਲਿਆ, ਉਸ ਨੂੰ ਕਿਵੇਂ ਜਾਣੀਏ। ਇਤਨੇ ਸਵਾਲ ਪੁੱਛੇ ਹਨ। ਇਨ੍ਹਾਂ ਪ੍ਰਸ਼ਨਾਂ ਤੋਂ ਬਾਬੇ ਦੀ ਤੀਖਣ ਬੁੱਧੀ ਦਾ ਗਿਆਨ ਹੁੰਦਾ ਹੈ।

ਸੰਸਾਰ ਦੇ ਭਲੇ ਲਈ ਗੁਰੂ ਸਾਹਿਬ ਹਰੇਕ ਪ੍ਰਸ਼ਨ ਦਾ ਉਤਰ ਦਿੰਦੇ ਹਨ। ਰਾਗ ਤਾਂ ਸਭ ਭਲੇ ਹਨ ਪਰ ਸਭ ਤੋਂ ਭਲਾ ਉਹ ਹੀ ਹੈ, ਜਿਸ ਦੁਆਰਾ ਉਹ ਚਿਤ ਆਵੇ। ਸਭ ਰੁਤੀ ਔਰ ਸਭੇ ਮਾਹ ਉਸੇ ਨੂੰ ਭਲੇ ਹਨ ਕਿ ਜਿਨ੍ਹਾਂ ਨੂੰ ਪਰਮੇਸ਼ਵਰ ਚਿਤ ਆਂਵਦਾ ਹੈ। ਬਾਣੀ ਬੋਹਿਥੁ ਹੈ, ਗੁਰੂ ਲੰਘਾਵਣਹਾਰ ਮਲਾਹ ਹੈ।

ਇਹ ਮਰਦਾਨੇ ਦੀ ਜ਼ੁਰੱਅਤ ਕਮਾਲ ਹੈ ਕਿ ਉਨ੍ਹਾਂ ਨੇ ਇਸਲਾਮੀ ਦੇਸ਼ਾਂ ਵਿਚ ਰਬਾਬ ਨਾਲ ਕੀਰਤਨ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ। ਭਾਈ ਗੁਰਦਾਸ ਜੀ ਨੇ 35ਵੀਂ ਪੌੜੀ ਵਿਚ ਲਿਖਿਆ ਹੈ ਕਿ:-

ਸੁੰਨ ਮੁਨ ਨਗਰੀ ਭਈ ਦੇਖ ਪੀਰ ਹੋਆ ਹੈਰਾਨਾ।

ਵੇਖੈ ਧਿਆਨ ਲਗਾਏ ਕਰਿ ਇਕ ਫਕੀਰੁ ਵਡਾ ਮਸਤਾਨਾ।

ਇਨ੍ਹਾਂ ਮੁਲਕਾਂ ਵਿਚ 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' ਦੇ ਕੀਰਤਨੀ ਸ਼ਬਦ ਗਾਏ। ਪੀਰ ਦੇ ਪੁੱਤਰ ਨੇ ਕਿਹਾ, "ਜਾਂ ਇਹ ਕਾਫਰ ਹੈ ਜਾਂ ਬਾਉਲਾ"। ਮਰਦਾਨੇ ਨੇ ਉੱਤਰ ਦਿੱਤਾ, "ਮੈਂ ਬਾਵਲਾ ਨਹੀਂ, ਮੁਰਸ਼ਦ ਦੀ ਆਵਾਜ਼ ਸੁਣਾ ਰਿਹਾ ਹਾਂ"। ਜਦੋਂ ਉਨ੍ਹਾਂ ਕਿਹਾ, ਆਪਣੇ ਮੁਰਸ਼ਦ ਨੂੰ ਬੁਲਾਓ। "ਪੀਰ ਉਹ ਕਿਸੇ ਦੇ ਸੱਦਿਆਂ ਨਹੀਂ ਆਉਂਦਾ, ਬੇਪ੍ਰਵਾਹ ਹੈ। ਆਪ ਭਾਵੇਂ ਕਿਸੇ ਥਾਂ ਚਲਿਆ ਜਾਵੇ"।

ਮਰਦਾਨਾ ਜੀ ਜਿਹੀ ਮਹਾਨ ਸ਼ਖਸੀਅਤ ਦਾ ਸ਼ਬਦ ਚਿਤ੍ਰ ਪੇਸ਼ ਕਰਨਾ, ਭਾਵੇਂ ਬੇਹੱਦ ਮੁਸ਼ਕਲ ਹੈ, ਤਾਂ ਵੀ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਰੂਪਕ ਰੂਪ ਕਬਿੱਤ ਵਿਚ ਉਨ੍ਹਾਂ ਬਾਰੇ ਕਦੇ ਕੁਝ ਇਸ ਤਰ੍ਹਾਂ ਲਿਖਿਆ ਸੀ:-

ਬਾਬਾ! ਮੈਂ ਤਾਂ ਤਾਲੋਂ ਘੁਥਾ ਕਰਮ ਬੇਤਾਲੇ ਕਰਾਂ,
ਸੁਰ ਨਹੀਂ ਮਿਲਦਾ, ਮੈਂ ਹੋ ਗਿਆ ਬੜਾ ਲਚਾਰ।
ਲੈ ਗਈ ਉੱਖੜ ਨ ਤਾਨ ਬੈਠਦੀ ਠਿਕਾਣੇ,
ਤੀਬਰ ਸਰਗਮ ਸੁਧ ਕਮਲ ਨਹੀਂ ਵਿਚਾਰ।
ਵਾਦੀ ਤੇ ਸੰਵਾਦੀ ਅਨੁਵਾਦੀ ਨਾ ਗਿਆਨ ਕੁਝ,
ਟੁੱਟੇ ਫੁੱਟੇ ਸਾਜ਼ ਲੈ ਕੇ ਢੱਠਾ ਆਣ ਤੇਰੇ ਦਵਾਰ।
ਮਿਹਰਾਂ ਦੇ ਸਾਈਂ! ਮਰਦਾਨੇ ਨੂੰ ਇਸ਼ਾਰਾ ਕਰੀਂ,
ਸੁਰ ਠੀਕ ਕਰੇ ਨਾਲੇ ਛੇੜੇ ਜ਼ਰਾ ਮੇਰੀ ਤਾਰ।

ਉਸ ਸਮੇਂ ਦੇ ਲੋਕਾਂ ਨੇ ਬਾਬੇ ਨਾਨਕ ਨੂੰ ਠੀਕ ਤਰ੍ਹਾਂ ਨਹੀਂ ਸਮਝਿਆ ਸੀ। ਕਈ ਲੋਕਾਂ ਨੇ ਉਨ੍ਹਾਂ ਨੂੰ ਵੀ ਬੇਤਾਲਾ ਆਖਿਆ ਸੀ, ਜਿਸ ਦਾ ਵਰਨਣ ਉਨ੍ਹਾਂ ਨੇ ਆਪਣੀ ਬਾਣੀ ਵਿਚ ਲਿਖਿਆ ਹੈ ਕਿ:-

ਮਾਰੂ ਮਹਲਾ 1॥
ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ॥ 1॥
ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥
ਹਉ ਹਰਿ ਬਿਨੁ ਅਵਰੁ ਨ ਜਾਨਾ ॥ 1॥ ਰਹਾਉ॥
ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ॥
ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ॥2॥
ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ॥
ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ॥3॥
ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ॥
ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ॥ 4॥7॥

(ਸ.ਗ.ਗ.ਸ. - ਅੰਗ : 991)

ਗੁਰੂ ਨਾਨਕ ਸਾਹਿਬ ਜੀ ਨੇ ਸੁਲਤਾਨਪੁਰ ਲੋਧੀ ਤੋਂ ਚੱਲ ਕੇ ਚਾਰ ਸੰਸਾਰ ਫੇਰੀਆਂ (ਉਦਾਸੀਆਂ) ਕਰਨ ਤੋਂ ਪਹਿਲਾਂ ਭਾਈ ਲਾਲੋ ਤਰਖਾਣ (ਸਿੱਖ) ਦੇ ਕੋਲ ਸੈਦਪੁਰ (ਐਮਨਾਬਾਦ) ਪਹੁੰਚ ਕੇ ਰੋੜੀ ਸਾਹਿਬ ਦੇ ਸਥਾਨ ਉਤੇ ਬੜੀ ਭਾਰੀ ਤਪੱਸਿਆ ਕੀਤੀ, ਜਿਸ ਬਾਰੇ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਲਿਖਿਆ ਹੈ ਕਿ:-

ਪਹਿਲਾ ਬਾਬੇ ਪਾਯਾ ਬਖਸੁ ਦਰਿ, ਪਿਛੋ ਦੇ ਫਿਰਿ ਘਾਲਿ ਕਮਾਈ।

ਰੇਤੁ ਅਕੁ ਆਹਾਰੁ ਕਰਿ, ਰੋੜਾ ਕੀ ਗੁਰ ਕਰੀ ਵਿਛਾਈ।

ਜਨਮ ਸਾਖੀ (ਪੈੜਾ-ਮੋਖਾ) ਦੇ ਕਥਨ ਅਨੁਸਾਰ ਇਸ ਸਮੇਂ ਭਾਈ ਮਰਦਾਨੇ ਤੇ ਮਹਿਤਾ ਕਾਲੂ ਜੀ ਅਤੇ ਰਾਏ ਬੁਲਾਰ ਦੀ ਜੋ ਪਰਸਪਰ ਸੁਆਦਲੀ ਬਾਤ-ਚੀਤ ਹੋਈ, ਉਸ ਦਾ ਵੇਰਵਾ ਕ੍ਰਮਵਾਰ ਇਸ ਤਰ੍ਹਾਂ ਹੈ:-

1. ਤਾਂ ਕਾਲੂ ਕਿਹਾ, 'ਮਰਦਾਨਾ ਦੇਹ ਨਾਨਕ ਦੀਆਂ ਗੱਲਾਂ ਖਬਰਾਂ, ਤਾਂ ਮਰਦਾਨੇ ਕਿਹਾ, ਮਹਿਤਾ ਜੀ! ਤੁਸੀਂ ਗਿਣਤੀ ਕਾਈ ਨਾ ਕਰੋ ਜੀ। ਗੁਰੂ ਨਾਨਕ ਜੀ ਤੇਰੇ ਘਰ ਚੰਦ, ਸੂਰਜ ਅਤੇ ਰਾਮ ਕ੍ਰਿਸ਼ਨ ਅਉਤਾਰ ਲੀਤਾ ਹੈ ਜੀ। ਮਹਿਤਾ ਜੀ! ਤੁਸੀਂ ਅਨੰਦ ਮੰਗਲ ਗਾਵੋ ਜੀ। ਤਾਂ ਕਾਲੂ ਕਿਹਾ, ਸੁਣਦੇ ਹੋ ਲੋਕੋ! ਨਾਨਕ ਤਾਂ ਮੇਰਾ ਨਾਂਓ ਡੋਬਿਆ ਹੈ ਜੀ, ਇਹ ਬੇਅਕਲ ਡੂਮ ਆਖਦਾ ਹੈ ਜੀ, ਜੋ ਤੇਰੇ ਘਰ ਚੰਦ, ਸੂਰਜ ਅਤੇ ਰਾਮ, ਕ੍ਰਿਸ਼ਨ ਪੈਦਾ ਹੋਇਆ ਹੈ ਜੀ। ਤਾਂ ਮਰਦਾਨੇ (ਬੜੀ ਗੰਭੀਰਤਾ ਨਾਲ) ਆਖਿਆ, ਜਜਮਾਨ! ਤੈਨੂੰ ਏਹਾ ਖਬਰ ਹੈ ਜੀ।

2. ਤਾਂ ਫੇਰ ਰਾਏ ਬੁਲਾਰ ਨੇ ਆਪਣਾ ਆਦਮੀ ਭੇਜ ਕੇ ਭਾਈ ਮਰਦਾਨੇ ਨੂੰ ਸੱਦਿਆ ਅਤੇ ਗੁਰੂ ਨਾਨਕ ਦੀਆਂ ਖਬਰਾਂ ਪੁੱਛੀਆਂ :-

ਤਾਂ ਮਰਦਾਨੇ ਆਖਿਆ, ਲਵੋ ਰਾਏ ਜੀ! ਗੁਰੂ ਨਾਨਕ ਦੀਆਂ ਖਬਰਾਂ। ਗੁਰੂ ਨਾਨਕ ਜੀ ਪਾਤਸ਼ਾਹਾਂ ਦਾ ਪਾਤਸ਼ਾਹ, ਗੁਰੂ ਨਾਨਕ ਜੀ ਪੀਰਾਂ ਦਾ ਪੀਰ, ਗੁਰੂ ਨਾਨਕ ਜੀ ਫਕੀਰਾਂ ਸਿਰਿ ਫਕੀਰ। ਰਾਏ ਜੀ! ਗੁਰੂ ਨਾਨਕ ਜੀ ਦੇ ਤੁਲ ਅੱਜ ਕੋਈ ਨਹੀਂ ਹੈ ਜੀ। ਰਾਏ ਜੀ ਗੁਰੂ ਨਾਨਕ ਜੀ ਦੇ ਉਪਰ ਇਕ ਖੁਦਾਇ ਹੈ ਜੀ। ਗੁਰੂ ਨਾਨਕ ਜੀ ਨੂੰ ਖੁਦਾਇ ਵੱਡਾ ਮਰਤਬਾ ਦਿੱਤਾ ਹੈ ਜੀ। ਤਾਂ ਮਰਦਾਨੇ ਨੂੰ ਰਾਏ ਆਖਿਆ ਮਰਦਾਨਾ! ਤੂੰ ਸੱਚ ਆਖਦਾ ਹੈ ਜੀ। ਗੁਰੂ ਨਾਨਕ ਜੀ ਐਸਾ ਹੀ ਪ੍ਰਵਾਨ ਹੈ ਜੀ। (ਹੱਥ ਲਿਖਤ ਜਨਮ ਸਾਖੀ ਗੁਰੂ ਨਾਨਕ ਸੰਮਤ 1882 ਬਿਕ੍ਰਮੀ)

ਰਾਏ ਬੁਲਾਰ ਉਸ ਸਮੇਂ ਬੜਾ ਬਿਰਧ ਹੋ ਚੁੱਕਾ ਸੀ, ਇਸ ਲਈ ਭਾਈ ਮਰਦਾਨੇ ਹੱਥ ਉਸ ਦੀ ਪ੍ਰੀਤ-ਮਿਲਣੀ ਦਾ ਸੰਦੇਸ਼ ਪੁੱਜਣ ਉਤੇ ਗੁਰੂ ਨਾਨਕ ਖੁਦ ਸੈਦਪੁਰ ਤੋਂ ਤਲਵੰਡੀ ਪੁੱਜੇ ਤੇ ਭਾਈ ਮਰਦਾਨੇ ਸਮੇਤ, ਰਾਏ ਜੀ ਦੇ ਨਾਲ ਹੀ ਮਾਤਾ-ਪਿਤਾ ਨੂੰ ਵੀ ਮਿਲ ਗਏ।

ਗੁਰੂ ਨਾਨਕ ਸਾਹਿਬ ਨੇ ਪਹਿਲਾਂ ਰੋੜੀ ਸਾਹਿਬ ਸੈਦਪੁਰ ਤਪ-ਸਾਧਨਾ ਕਰਕੇ ਆਪਣੇ ਸਰੀਰ ਨੂੰ ਚੰਗੀ ਤਰ੍ਹਾਂ ਸਾਧਿਆ, ਨਾਲੇ ਇਕ ਵਾਰ ਤਲਵੰਡੀ ਵੀ ਹੋ ਆਏ ਤੇ ਫੇਰ ਇਕ ਚੰਗੇ ਯਾਤਰੀ ਵਾਂਗ ਲੰਮੇ ਸਫ਼ਰ 'ਤੇ ਨਿਕਲਣ ਲਈ ਕਮਰਾਂ ਕੱਸ ਲਈਆਂ।

ਗੁਰੂ ਨਾਨਕ ਸਾਹਿਬ ਨੇ ਮਨੁੱਖ ਜਾਤੀ ਦਾ ਉਧਾਰ ਕਰਨ ਖਾਤਿਰ ਲੰਮੀਆਂ ਉਦਾਸੀਆਂ ਕੀਤੀਆਂ। ਇਹ ਉਦਾਸੀਆਂ ਪ੍ਰਚਾਰ ਫੇਰੀਆਂ ਹੀ ਸਨ ਅਤੇ ਇਤਿਹਾਸਕਾਰਾਂ ਨੇ ਇਨ੍ਹਾਂ ਪ੍ਰਚਾਰ ਫੇਰੀਆਂ ਨੂੰ ਉਦਾਸੀਆਂ ਲਿਖਿਆ ਹੈ।

ਉਦਾਸੀ ਤੋਂ ਭਾਵ - ਉਦਾਸ ਬਿਰਤੀ ਜਾਂ ਵਿਰਕਤ ਬਿਰਤੀ।

ਗੁਰੂ ਜੀ ਸੰਸਾਰਕ ਵਿਹਾਰ ਤੋਂ ਮੁਕਤ ਹੋ ਕੇ ਕੇਵਲ ਤੇ ਕੇਵਲ ਗੁਰੂ ਘਰ ਦਾ ਪ੍ਰਚਾਰ ਕਰ ਰਹੇ ਸਨ, ਜਿਸ ਦਾ ਮੁੱਖ ਉਦੇਸ਼ ਲੋਕ-ਕਲਿਆਣ ਸੀ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਦੱਸਿਆ ਹੈ ਕਿ:-

ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।

ਚੜ੍ਹਿਆ ਸੋਧਣਿ ਧਰਤਿ ਲੁਕਾਈ॥ 24॥

ਮਰਦਾਨੇ ਸਮੇਤ ਚਾਰ ਉਦਾਸੀਆਂ ਇਕ ਨਿਸ਼ਚਿਤ ਸੋਚ-ਵਿਚਾਰ ਦੇ ਅਧੀਨ ਵਿਉਂਤ ਕੀਤੀਆਂ ਗਈਆਂ ਸਨ।

ਭਾਈ ਮਰਦਾਨਾ ਸਤਿਗੁਰ ਦੇ ਰੰਗ ਵਿਚ ਪੂਰਨ ਪਦ ਨੂੰ ਪਹੁੰਚਾ। ਇਕ ਦਿਨ ਮਰਦਾਨੇ ਨੂੰ ਸਤਿਗੁਰਾਂ ਨੇ ਫਰਮਾਇਆ ਸੀ ਕਿ ਅਸੀਂ ਤੈਨੂੰ ਗੰਧਰਵ ਲੋਕ ਤੋਂ ਨਾਲ ਲਿਆਏ ਸੀ, ਜਦੋਂ ਅਸੀਂ ਬੈਕੁੰਠ ਧਾਮ ਜਾਵਾਂਗੇ, ਤਾਂ ਤੈਨੂੰ ਨਾਲ ਲੈ ਜਾਵਾਂਗੇ। ਸਤਿਗੁਰੂ ਜੀ ਫਰਮਾਉਂਦੇ ਹਨ ਕਿ ਤੁਧ ਬ੍ਰਹਮ ਪਛਾਤਾ ਹੈ ਤਾਂ ਤੇ ਤੂੰ ਬ੍ਰਾਹਮਣ ਹੋਇਆ। ਮਰਦਾਨਾ ਸਤਿਗੁਰਾਂ ਦੇ ਚਰਣੀ ਲੱਗਾ ਰਿਹਾ ਤੇ ਜੀਵਨ ਮੁਕਤ ਤੇ ਪਾਰਗਰਾਮੀ ਹੋ ਗਿਆ। ਮਰਦਾਨਾ ਬਾਕੀ ਉਮਰ ਕਿਸੇ ਕੰਦਰਾ ਗੁਫਾ ਵਿਚ ਨਹੀਂ ਬੀਤੀ ਪਰ ਸਤਿਗੁਰੂ ਦੇ ਚਰਨਾਂ ਵਿਚ ਸਾਧ ਸੰਗਤ ਨੂੰ ਹਰੀ ਜੱਸ ਸੁਣਾਉਂਦਿਆਂ ਸਫਲ ਹੋਈ। ਆਪ ਤਰਿਆ ਤੇ ਹੋਰਨਾਂ ਨੂੰ ਬੇੜੇ ਚਾੜਦਾ ਮਰਦਾਨਾ 'ਸਫਲ ਸਿੱਖ' ਹੋਇਆ।

ਬਲਬੀਰ ਸਿੰਘ ਕੰਵਲ ਨੇ ਆਪਣੀ ਪੁਸਤਕ ਪੰਜਾਬ ਦੇ ਪ੍ਰਸਿੱਧ ਰਾਗੀ ਦੇ ਪੰਨਾ 74 'ਤੇ ਦਰਜ ਕੀਤਾ ਹੈ ਕਿ ਭਾਈ ਮਰਦਾਨਾ 13 ਮੱਘਰ ਸੰਮਤ 1591 ਨੂੰ ਅਫਗਾਨਿਸਤਾਨ ਦੇ ਦਰਿਆ ਕੁਰਮ ਦੇ ਕੰਢੇ ਵੱਸਦੇ ਕੁਰਮ ਸ਼ਹਿਰ ਵਿਚ ਆਪ ਚਲਾਣਾ ਕਰ ਗਏ ਅਤੇ ਆਪਣੇ ਜੁਗਾਂ ਦੇ ਸਾਥੀ ਨੂੰ ਵਿਛੋੜਾ ਦੇ ਗਏ। ਭਾਈ ਮਰਦਾਨੇ ਦੇ ਅੰਤਿਮ ਸਮੇਂ ਪਰ ਤ੍ਰੈ ਵਿਚਾਰਾਂ ਹਨ। 1581, 1591 ਤੇ 1595 ਬਿਕ੍ਰਮੀ। ਆਪ ਦੇ ਚਲਾਣੇ ਬਾਬਤ ਕੁਰਮ ਵਿਚ ਹੋਣਾ ਅਤੇ ਅਗਨੀ ਦਾਹ ਨਾਲ ਸਸਕਾਰ ਕੀਤਾ ਜਾਣਾ ਵੀ ਲਿਖਿਆ ਹੈ ਪਰ ਕੁਰਮ ਵਿਚ ਟਿਕਾਣੇ ਦਾ ਪਤਾ ਅੱਜ ਤੱਕ ਨਹੀਂ ਲੱਭਾ। ਭਾਈ ਮਨੀ ਸਿੰਘ ਜੀ ਆਪ ਦਾ ਦਿਹਾਂਤ ਰਾਵੀ ਕੰਢੇ ਕਰਤਾਰਪੁਰ ਵਿਚ ਹੋਇਆ ਲਿਖਦੇ ਹਨ।

ਭਾਈ ਮਰਦਾਨਾ ਗੁਰੂ ਬਾਬੇ ਦੇ ਸਾਥ ਵਿਚ ਬਹੁਤ ਹੀ ਉਚੇਰੀ ਅਵਸਥਾ ਨੂੰ ਪ੍ਰਾਪਤ ਹੋ ਗਿਆ ਸੀ। ਇਕ ਦਿਨ ਸਹਿਵਨ ਹੀ ਗੁਰੂ ਬਾਬੇ ਨੇ ਮਰਦਾਨੇ ਦਾ ਅੰਤਿਮ ਸਮਾਂ ਨੇੜੇ ਜਾਣ ਕੇ ਮਰਦਾਨੇ ਨੂੰ ਪੁੱਛਿਆ, 'ਮਰਦਾਨਿਆ! ਜੇ ਤੂੰ ਚਾਹੇ ਤਾਂ ਤੇਰੀ ਦੇਹ ਨੂੰ ਬ੍ਰਾਹਮਣ ਵਾਂਗੂ ਦਰਿਆ ਵਿਚ ਸੁੱਟ ਦੇਈਏ। ਜੇ ਤੇਰੀ ਖਾਹਿਸ਼ ਹੋਵੇ ਤਾਂ ਖੱਤ੍ਰੀ ਵਾਂਗ ਸਾੜ ਦੇਈਏ। ਮਰਦਾਨਿਆ ਜੇ ਤੇਰੀ ਇੱਛਾ ਹੋਵੇ, ਤਾਂ ਵੈਸ਼ ਵਾਂਗੂ ਹਵਾ ਵਿਚ ਸੁਟਵਾ ਦੇਈਏ, ਜੇ ਤੇਰਾ ਚਿੱਤ ਹੋਵੇ, ਤਾਂ ਦਬਵਾ ਦੇਈਏ'। ਮਰਦਾਨਾ ਜੀ ਉਤਰ ਵਿਚ ਆਖਿਆ, "ਵਾਹ, ਬਾਬਾ ਵਾਹ! ਅਜੇ ਵੀ ਸਰੀਰ ਦੇ ਚੱਕਰਾਂ ਵਿਚ। ਤੁਹਾਡੇ ਉਪਦੇਸ਼ ਕਾਰਨ ਤਾਂ ਦੇਹੀ ਦਾ ਖਿਆਲ ਹੀ ਖਤਮ ਹੋ ਗਿਆ ਹੈ। ਮੈਂ ਤਾਂ ਆਪਣੀ ਆਤਮਾ ਨੂੰ ਹੀ ਕੇਵਲ ਆਪਣਾ ਸਾਥੀ ਸਮਝਦਾ ਹਾਂ"। ਬਾਬਾ ਨਾਨਕ ਅੱਜ ਦੇ ਮੇਹਰ ਦੇ ਘਰ ਆਏ ਹੋਏ ਸਨ, ਫੇਰ ਬੋਲੇ, "ਮਰਦਾਨਿਆ, ਮੇਰਾ ਚਿੱਤ ਕਰਦਾ ਹੈ ਕਿ ਤੇਰੀ ਸਮਾਧ ਬਣਾ ਕੇ ਤੈਨੂੰ ਜਗਤ ਵਿਚ ਪ੍ਰਸਿੱਧ ਕਰ ਦੇਈਏ"। ਮਰਦਾਨਾ ਨੇ ਕੁਝ ਗੰਭੀਰ ਹੋ ਕੇ ਕਿਹਾ, "ਬਾਬਾ ਬੜੀ ਮੁਸ਼ਕਲ ਨਾਲ ਤਾਂ ਸਰੀਰ ਰੂਪੀ ਸਮਾਧ ਵਿਚੋਂ ਨਿਕਲਣ ਲੱਗਾ ਹਾਂ, ਇਸ ਨੂੰ ਫਿਰ ਪੱਥਰ ਵਿਚ ਕਿਉਂ ਪਾਂਵਦੇ ਹੋ।" ਬਾਬੇ ਨੇ ਅੱਗੇ ਵੱਧ ਕੇ ਮਰਦਾਨੇ ਨੂੰ ਆਪਣੀ ਛਾਤੀ ਨਾਲ ਲਾ ਲਿਆ ਤੇ ਕਿਹਾ ਮਰਦਾਨਿਆ, "ਤੂੰ ਬ੍ਰਹਮ ਨੂੰ ਪਛਾਣ ਲਿਆ ਹੈ, ਤੂੰ ਬ੍ਰਹਮ ਗਿਆਨੀ ਹੋਇਆ। ਅਸੀਂ ਤੈਨੂੰ ਅੱਗ ਦਾ ਦਾਗ ਦੇਵਾਂਗੇ ਅਤੇ ਰਾਵੀ ਵਿਚ ਤੈਨੂੰ ਪ੍ਰਵਾਹ ਕਰਾਂਗੇ।" ਤੂੰ ਰਾਵੀ ਦੇ ਕੰਢੇ ਆਸਣ ਮਾਰ ਕੇ ਬੈਠ, ਪ੍ਰਮੇਸ਼ਵਰ ਦਾ ਧਿਆਨ ਧਰ ਕੇ ਵਾਹਿਗੁਰੂ ਵਾਹਿਗੁਰੂ ਜਪ, ਇਸ ਤਰ੍ਹਾਂ ਮਰਦਾਨੇ ਨੇ ਆਪਣਾ ਸਰੀਰ ਤਿਆਗਿਆ। ਭਾਈ ਮਨੀ ਸਿੰਘ ਜੀ ਨੇ ਗਿਆਨ ਰਤਨਾਵਲੀ ਦੀ ਪਉੜੀ ਨੰਬਰ 45 ਵਿਚ ਲਿਖਿਆ ਹੈ:- ਮਰਦਾਨੇ ਨੇ ਆਪਣੀ ਇੱਛਾ ਅਨੁਸਾਰ ਸਾਹਿਬਾਂ ਨੇ ਆਪਣੇ ਹਸਤ ਕਮਲਾਂ ਨਾਲ ਉਸ ਦਾ ਸੰਸਕਾਰ ਕੀਤਾ। ਸੰਸਕਾਰ ਉਪਰੰਤ ਗੁਰਦੇਵ ਨੇ ਅੰਮ੍ਰਿਤ ਵੇਲੇ ਕੜਾਹ ਪ੍ਰਸ਼ਾਦਿ ਤਿਆਰ ਕਰ ਕੇ ਸੰਗਤਾਂ ਵਿਚ ਵਰਤਾਇਆ। ਇਸ ਮੌਕੇ 'ਤੇ ਮਰਦਾਨਾ ਜੀ ਦਾ ਪੁੱਤਰ ਸ਼ਹਿਜ਼ਾਦਾ ਹਾਜ਼ਰ ਸੀ। ਉਸ ਨੂੰ ਬਾਬੇ ਕਿਹਾ, ਜੋ ਆਪਣੇ ਘਰ ਜਾਂਦੇ ਹਨ, ਉਨ੍ਹਾਂ ਦਾ ਸੋਗ ਨਹੀਂ ਕਰਨਾ।

## ਕੁਦਰਤੀ ਨਿਆਂ ਦੇ ਸਿਧਾਂਤ ਦੇ ਵਿਰੁੱਧ, ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ

# ਬੁਲਡੋਜ਼ਰ ਜਸਟਿਸ: ਪ੍ਰਸ਼ਾਸਨਿਕ ਕੁਸ਼ਲਤਾ ਅਤੇ ਸੰਵਿਧਾਨਕ ਅਧਿਕਾਰਾਂ ਵਿਚਕਾਰ ਟਕਰਾਅ

*ਹਾਲ ਹੀ ਵਿਚ, ਸੁਪਰੀਮ ਕੋਰਟ ਨੇ ਸੰਵਿਧਾਨ ਦੇ ਅਨੁਛੇਦ 142 ਦੇ ਤਹਿਤ ਜਾਇਦਾਦ ਨੂੰ ਢਾਹੁਣ ਲਈ ਦਿਸ਼ਾ-ਨਿਰਦੇਸ਼ ਸਥਾਪਤ ਕੀਤੇ, ਵਿਅਕਤੀਗਤ ਨੋਟਿਸ ਜਾਰੀ ਕਰਨ ਅਤੇ ਅਪੀਲ ਲਈ ਢੁੱਕਵਾਂ ਸਮਾਂ ਮੁਹੱਈਆ ਕਰਵਾਉਣਾ ਜ਼ਰੂਰੀ ਕੀਤਾ। ਅਦਾਲਤ ਨੇ ਬੁਲਡੋਜ਼ਰ ਨਿਆਂ ਦੇ ਮੁੱਦੇ ਨੂੰ ਉਜਾਗਰ ਕੀਤਾ ਅਤੇ ਆਪਣੇ ਹਾਲ ਹੀ ਦੇ ਫੈਸਲੇ ਵਿਚ ਇਸ ਨੂੰ ਕਾਨੂੰਨ ਦੇ ਸ਼ਾਸਨ ਅਧੀਨ ਅਸਵੀਕਾਰਨਯੋਗ ਮੰਨਿਆ। ਨਾਗਰਿਕਾਂ ਨੂੰ ਜਾਇਦਾਦ ਅਤੇ ਢਾਹੁਣ ਦੇ ਅਧਿਕਾਰਾਂ ਬਾਰੇ ਸਿੱਖਿਅਤ ਕਰਨਾ ਭਾਈਚਾਰਿਆਂ ਨੂੰ ਗੈਰ-ਕਾਨੂੰਨੀ ਕਾਰਵਾਈਆਂ ਦਾ ਵਿਰੋਧ ਕਰਨ ਅਤੇ ਉਚਿਤ ਪ੍ਰਕਿਰਿਆ ਦੀ ਮੰਗ ਕਰਨ ਵਿਚ ਮਦਦ ਕਰਦਾ ਹੈ। ਮਹਾਰਾਸ਼ਟਰ ਵਿਚ ਸਥਾਨਕ ਐੱਨ.ਜੀ.ਓਜ਼ ਦੁਆਰਾ ਕੀਤੀਆਂ ਗਈਆਂ ਪਹਿਲਕਦਮੀਆਂ ਕਾਨੂੰਨੀ ਸਲਾਹ ਪ੍ਰਦਾਨ ਕਰਦੀਆਂ ਹਨ, ਪਰਿਵਾਰਾਂ ਨੂੰ ਨਾਜਾਇਜ਼ ਢਾਹੇ ਜਾਣ ਦਾ ਵਿਰੋਧ ਕਰਨ ਦੇ ਯੋਗ ਬਣਾਉਂਦੀਆਂ ਹਨ। ਜਵਾਬਦੇਹੀ ਫਰੇਮਵਰਕ ਨੂੰ ਲਾਗੂ ਕਰਨਾ ਇਹ ਯਕੀਨੀ ਬਣਾਉਂਦਾ ਹੈ ਕਿ ਜੋ ਅਧਿਕਾਰੀ ਉਚਿਤ ਪ੍ਰਕਿਰਿਆ ਵਿਚ ਰੁਕਾਵਟ ਪਾਉਂਦੇ ਹਨ, ਉਨ੍ਹਾਂ ਨੂੰ ਜਵਾਬਦੇਹ ਠਹਿਰਾਇਆ ਜਾਂਦਾ ਹੈ, ਜਿਸ ਨਾਲ ਪ੍ਰਸ਼ਾਸਨ ਵਿਚ ਵਿਸ਼ਵਾਸ ਵਧਦਾ ਹੈ। ਢਾਹੇ ਜਾਣ ਦੀ ਨਿਗਰਾਨੀ ਕਰਨ ਲਈ ਇੱਕ ਲੋਕਪਾਲ ਦੀ ਸਥਾਪਨਾ ਕਰਨਾ ਦੁਰਵਿਵਹਾਰ ਨੂੰ ਰੋਕ ਸਕਦਾ ਹੈ ਅਤੇ ਨਿਰਪੱਖਤਾ ਨੂੰ ਉਤਸ਼ਾਹਿਤ ਕਰ ਸਕਦਾ ਹੈ।* -ਡਾ. ਸਤਿਆਵਾਨ ਸੌਰਭ

ਬੁਲਡੋਜ਼ਰ ਨਿਆਂ ਅਕਸਰ ਕਾਨੂੰਨੀ ਪ੍ਰਕਿਰਿਆਵਾਂ ਨੂੰ ਬਾਈਪਾਸ ਕਰਦਾ ਹੈ, ਜਿਵੇਂ ਕਿ ਸਹੀ ਨੋਟਿਸ ਜਾਂ ਬਚਾਅ ਕਰਨ ਦਾ ਮੌਕਾ, ਸੰਵਿਧਾਨ ਵਿਚ ਦਰਜ ਨਿਰਪੱਖ ਸੁਣਵਾਈ ਦੇ ਅਧਿਕਾਰ ਨੂੰ ਚੁਣੌਤੀ ਦੇਣਾ। ਹਾਲ ਹੀ ਵਿਚ ਢਾਹੇ ਗਏ ਕੰਮਾਂ ਵਿਚ, ਪਰਿਵਾਰਾਂ ਨੂੰ ਘੱਟੋ-ਘੱਟ ਨੋਟਿਸ ਦਿੱਤਾ ਗਿਆ ਸੀ, ਜੋ ਕਿ ਧਾਰਾ 21 ਦੀ ਉਲੰਘਣਾ ਹੈ, ਜੋ ਜੀਵਨ ਅਤੇ ਨਿੱਜੀ ਆਜ਼ਾਦੀ ਦੇ ਅਧਿਕਾਰ ਦੀ ਰੱਖਿਆ ਕਰਦੀ ਹੈ। ਇਹ ਅਭਿਆਸ ਨਿਰਦੋਸ਼ ਹੋਣ ਦੀ ਧਾਰਨਾ ਦਾ ਖੰਡਨ ਕਰਦਾ ਹੈ, ਜਿੱਥੇ ਵਿਅਕਤੀਆਂ ਨੂੰ ਮੁਕੱਦਮੇ ਜਾਂ ਸਜ਼ਾ ਤੋਂ ਬਿਨਾਂ ਦੋਸ਼ੀ ਮੰਨਿਆ ਜਾਂਦਾ ਹੈ, ਜੋ ਕਿ ਕਾਨੂੰਨ ਦੇ ਨਿਯਮ ਦੀ ਉਲੰਘਣਾ ਹੈ। ਉੱਤਰ ਪ੍ਰਦੇਸ਼ ਵਿਚ, ਸਬੂਤ ਦੇ ਕਾਨੂੰਨੀ ਮਾਪਦੰਡਾਂ ਦੀ ਅਣਦੇਖੀ ਕਰਦੇ ਹੋਏ, ਬਿਨਾਂ ਕਿਸੇ ਠੋਸ ਸਬੂਤ ਦੇ ਸਿਰਫ਼ ਦੋਸ਼ਾਂ ਦੇ ਆਧਾਰ 'ਤੇ ਜਾਇਦਾਦਾਂ ਨੂੰ ਢਾਹ ਦਿੱਤਾ ਗਿਆ ਸੀ। ਸਮੂਹਿਕ ਸਜ਼ਾ ਦੇ ਵਿਰੁੱਧ ਸਿਧਾਂਤ ਦੀ ਉਲੰਘਣਾ ਕਰਦੇ ਹੋਏ ਨਾ ਸਿਰਫ਼ ਦੋਸ਼ੀ, ਸਗੋਂ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਵੀ ਢਾਹੁਣਾ ਪ੍ਰਭਾਵਿਤ ਕਰਦਾ ਹੈ। ਮੱਧ ਪ੍ਰਦੇਸ਼ ਵਿਚ, ਇੱਕ ਮੈਂਬਰ ਦੀ ਕਥਿਤ ਸ਼ਮੂਲੀਅਤ ਕਾਰਨ ਢਾਹੇ ਜਾਣ ਕਾਰਨ ਪਰਿਵਾਰਾਂ ਨੂੰ ਬੇਘਰ ਕਰ ਦਿੱਤਾ ਗਿਆ, ਜਿਸ ਨਾਲ ਨਿਰਦੋਸ਼ ਆਸ਼ਰਿਤ ਪ੍ਰਭਾਵਿਤ ਹੋਏ। ਬੁਲਡੋਜ਼ਰ ਨਿਆਂ ਕਾਰਜਕਾਰੀ ਅਤੇ ਨਿਆਂਇਕ ਭੂਮਿਕਾਵਾਂ ਨੂੰ ਧੁੰਦਲਾ ਕਰ ਦਿੰਦਾ ਹੈ, ਕਿਉਂਕਿ ਪ੍ਰਬੰਧਕੀ ਸੰਸਥਾਵਾਂ ਧਾਰਾ 50 ਦੀ ਉਲੰਘਣਾ ਕਰਨ ਵਾਲੀਆਂ ਅਦਾਲਤਾਂ ਲਈ ਸਜ਼ਾਵਾਂ ਲਾਗੂ ਕਰਦੀਆਂ ਹਨ। ਅਦਾਲਤ ਦੇ ਨਿਰਦੇਸ਼ਾਂ ਤੋਂ ਬਿਨਾਂ ਜਾਇਦਾਦਾਂ ਨੂੰ ਢਾਹੁਣਾ ਅਧਿਕਾਰੀਆਂ ਨੂੰ ਉਨ੍ਹਾਂ ਦੇ ਦਾਇਰੇ ਤੋਂ ਬਾਹਰ ਕੰਮ ਕਰਦੇ ਦਿਖਾਉਂਦਾ ਹੈ, ਜੋ ਨਿਆਂਪਾਲਿਕਾ ਦੀ ਭੂਮਿਕਾ ਦੀ ਉਲੰਘਣਾ ਕਰਦਾ ਹੈ।

ਜਿਵੇਂ ਕਿ ਸੁਪਰੀਮ ਕੋਰਟ ਦੁਆਰਾ ਉਜਾਗਰ ਕੀਤਾ ਗਿਆ ਹੈ, ਉਚਿਤ ਨੋਟਿਸ ਜਾਂ ਸੁਣਵਾਈ ਦੀ ਘਾਟ ਕੁਦਰਤੀ ਨਿਆਂ ਦੇ ਸਿਧਾਂਤਾਂ ਦੀ ਉਲੰਘਣਾ ਕਰਦੀ ਹੈ, ਜਿਸ ਨਾਲ ਉਨ੍ਹਾਂ ਨੂੰ ਬਚਾਅ ਦਾ ਕੋਈ ਮੌਕਾ ਨਹੀਂ ਮਿਲਦਾ। ਬੁਲਡੋਜ਼ਰ ਜਸਟਿਸ ਪ੍ਰਸ਼ਾਸਨਿਕ ਕੁਸ਼ਲਤਾ ਨੂੰ ਕਾਇਮ ਰੱਖਦਾ ਹੈ ਅਤੇ ਕਬਜ਼ਿਆਂ 'ਤੇ ਤੁਰੰਤ ਕਾਰਵਾਈ ਕਰਦਾ ਹੈ। ਅਣਅਧਿਕਾਰਤ ਢਾਂਚਿਆਂ ਨੂੰ ਤੁਰੰਤ ਢਾਹੁਣਾ ਸ਼ਹਿਰੀ ਵਿਕਾਸ ਵਿਚ ਦੇਰੀ ਨੂੰ ਦੂਰ ਕਰਦਾ ਹੈ ਅਤੇ ਭੂਮੀ ਪ੍ਰਬੰਧਨ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਂਦਾ ਹੈ। ਦਿੱਲੀ (2023) ਵਿਚ, ਜਹਾਂਗੀਰਪੁਰੀ ਵਰਗੇ ਖੇਤਰਾਂ ਵਿਚ ਢਾਹੁਣ ਦੀ ਮੁਹਿੰਮ ਦਾ ਉਦੇਸ਼ ਗੈਰ-ਕਾਨੂੰਨੀ ਉਸਾਰੀ ਦੀਆਂ ਰਿਪੋਰਟਾਂ ਸਾਹਮਣੇ ਆਉਣ ਤੋਂ ਬਾਅਦ ਜਨਤਕ ਥਾਵਾਂ 'ਤੇ ਤੇਜ਼ੀ ਨਾਲ ਮੁੜ ਦਾਅਵਾ ਕਰਨਾ ਸੀ, ਜਿਸ ਨਾਲ ਸ਼ਹਿਰੀ ਵਿਕਾਸ ਪ੍ਰੋਜੈਕਟਾਂ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨਾ ਯਕੀਨੀ ਬਣਾਇਆ ਗਿਆ ਸੀ। ਗੈਰ-ਕਾਨੂੰਨੀ ਉਸਾਰੀ ਦੇ ਫੌਰੀ ਨਤੀਜੇ ਇੱਕ ਸ਼ਕਤੀਸ਼ਾਲੀ ਚੇਤਾਵਨੀ ਦੇ ਰੂਪ ਵਿਚ ਕੰਮ ਕਰਦੇ ਹਨ, ਭਵਿੱਖ ਵਿਚ ਉਲੰਘਣਾਵਾਂ ਨੂੰ ਨਿਰਾਸ਼ ਕਰਦੇ ਹਨ। ਕਬਜ਼ੇ ਵਾਲੇ ਖੇਤਰਾਂ ਦੀ ਤੇਜ਼ੀ ਨਾਲ ਮੁੜ ਪ੍ਰਾਪਤੀ ਉਨ੍ਹਾਂ ਦੀ ਸਹੀ ਵਰਤੋਂ ਨੂੰ ਯਕੀਨੀ ਬਣਾਉਂਦੀ ਹੈ, ਜਿਸ ਨਾਲ ਬਿਹਤਰ ਸ਼ਹਿਰੀ ਸ਼ਾਸਨ ਅਤੇ ਜਨਤਕ ਉਪਯੋਗਤਾ ਵਿਚ ਯੋਗਦਾਨ ਹੁੰਦਾ ਹੈ। ਨਿਰਣਾਇਕ ਕਾਰਵਾਈ ਕਾਨੂੰਨਾਂ ਨੂੰ ਬਰਕਰਾਰ ਰੱਖਣ ਦੀ ਰਾਜ ਦੀ ਯੋਗਤਾ ਨੂੰ ਮਜ਼ਬੂਤ ਕਰਦੀ ਹੈ, ਜਿਸ ਨਾਲ ਪ੍ਰਸ਼ਾਸਨ ਵਿਚ ਜਨਤਾ ਦਾ ਵਿਸ਼ਵਾਸ ਵਧਦਾ ਹੈ। ਲੰਮੀ ਕਾਨੂੰਨੀ ਅਤੇ ਨੌਕਰਸ਼ਾਹੀ ਦੇਰੀ ਨੂੰ ਬਾਈਪਾਸ ਕਰਕੇ, ਇਹ ਲਾਗਤਾਂ ਨੂੰ ਘਟਾਉਂਦਾ ਹੈ ਅਤੇ ਜ਼ਮੀਨੀ ਵਿਵਾਦਾਂ ਦੇ ਹੱਲ ਨੂੰ ਤੇਜ਼ ਕਰਦਾ ਹੈ। ਦਿੱਲੀ ਵਿਚ ਜੀ20 ਸਿਖਰ ਸੰਮੇਲਨ (2023) ਦੀਆਂ ਤਿਆਰੀਆਂ ਦੌਰਾਨ, ਅੰਤਰਰਾਸ਼ਟਰੀ ਸਮਾਗਮਾਂ ਲਈ ਪ੍ਰਭਾਵਸ਼ਾਲੀ ਸਰੋਤ ਪ੍ਰਬੰਧਨ ਦਾ ਪ੍ਰਦਰਸ਼ਨ ਕਰਦੇ ਹੋਏ, ਖੇਤਰ ਨੂੰ ਸੁੰਦਰ ਬਣਾਉਣ ਅਤੇ ਸੁਰੱਖਿਆ ਨੂੰ ਵਧਾਉਣ ਲਈ ਮੁੱਖ ਸਥਾਨਾਂ ਤੋਂ ਕਬਜ਼ੇ ਨੂੰ ਤੇਜ਼ੀ ਨਾਲ ਹਟਾ ਦਿੱਤਾ ਗਿਆ।



**ਜੀਵਨ ਅਤੇ ਨਿੱਜੀ ਸੁਤੰਤਰਤਾ ਦੇ ਅਧਿਕਾਰ ਦੀ ਉਲੰਘਣਾ:-** ਉਚਿਤ ਪ੍ਰਕਿਰਿਆ ਤੋਂ ਬਿਨਾਂ ਢਾਹੁਣਾ ਆਰਟੀਕਲ 21 ਦੀ ਉਲੰਘਣਾ ਕਰਦਾ ਹੈ, ਜੋ ਸ਼ਰਣ ਦੇ ਅਧਿਕਾਰ ਸਮੇਤ ਜੀਵਨ ਅਤੇ ਨਿੱਜੀ ਆਜ਼ਾਦੀ ਦੀ ਗਾਰੰਟੀ ਦਿੰਦਾ ਹੈ। ਓਲਗਾ ਟੇਲਿਸ ਬਨਾਮ ਬੰਬੇ ਮਿਉਂਸਪਲ ਕਾਰਪੋਰੇਸ਼ਨ ਵਿਚ, ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਕਿ ਰਿਹਾਇਸ਼ੀ ਅਧਿਕਾਰ ਜੀਵਨ ਦੇ ਅਧਿਕਾਰ ਦਾ ਅਨਿੱਖੜਵਾਂ ਅੰਗ ਹਨ, ਇੱਕ ਸਿਧਾਂਤ ਜਿਸਦੀ ਹਾਲ ਹੀ ਵਿਚ ਢਾਹੇ ਜਾਣ ਦੇ ਦੌਰਾਨ ਉਲੰਘਣਾ ਕੀਤੀ ਗਈ ਸੀ। ਢਾਹੁਣ ਦੀਆਂ ਨੀਤੀਆਂ ਨੂੰ ਲਾਗੂ ਕਰਨ ਵਿਚ ਇਕਸਾਰਤਾ ਦੀ ਘਾਟ ਪ੍ਰਕਿਰਿਆਤਮਕ ਮਨਮਾਨੀਆਂ ਨੂੰ ਜਨਮ ਦਿੰਦੀ ਹੈ, ਜੋ ਸੰਵਿਧਾਨ ਦੀ ਧਾਰਾ 14 ਦੀ ਉਲੰਘਣਾ ਕਰਦੀ ਹੈ। ਪੂਜਾ ਸਥਾਨਾਂ ਜਾਂ ਸੱਭਿਆਚਾਰਕ ਮਹੱਤਵ ਵਾਲੇ ਸਥਾਨਾਂ ਦੀ ਤਬਾਹੀ ਧਰਮ ਦੇ ਅਭਿਆਸ ਅਤੇ ਪ੍ਰਚਾਰ ਦੀ ਆਜ਼ਾਦੀ ਦੀ ਉਲੰਘਣਾ ਕਰ ਸਕਦੀ ਹੈ (ਆਰਟੀਕਲ 25-30)। ਕਾਨੂੰਨੀ ਨੋਟਿਸ ਜਾਂ ਸੁਣਵਾਈ ਤੋਂ ਬਿਨਾਂ ਮਨਮਾਨੇ ਢੰਗ ਨਾਲ ਢਾਹੁਣਾ ਕਿਸੇ ਵਿਅਕਤੀ ਦੇ ਜਾਇਦਾਦ ਦੇ ਮਾਲਕ ਹੋਣ ਅਤੇ ਆਨੰਦ ਲੈਣ ਦੇ ਅਧਿਕਾਰ ਨੂੰ ਕਮਜ਼ੋਰ ਕਰਦਾ ਹੈ। ਸੰਵਿਧਾਨ ਇਹ ਹੁਕਮ ਦਿੰਦਾ ਹੈ ਕਿ ਕਾਨੂੰਨ ਦੇ ਅਧਿਕਾਰ ਤੋਂ ਬਿਨਾਂ ਕਿਸੇ ਵੀ ਵਿਅਕਤੀ ਨੂੰ ਉਸਦੀ ਜਾਇਦਾਦ ਤੋਂ ਵਾਂਝਾ ਨਹੀਂ ਕੀਤਾ ਜਾਵੇਗਾ। ਢਾਹੁਣ ਦੀਆਂ ਮੁਹਿੰਮਾਂ ਦਾ ਅਸਹਿਮਤੀ 'ਤੇ ਠੰਡਾ ਪ੍ਰਭਾਵ ਪੈਂਦਾ ਹੈ, ਜਦੋਂ ਕਾਰਕੁੰਨਾਂ, ਪੱਤਰਕਾਰਾਂ, ਆਦਿ ਦੇ ਵਿਰੁੱਧ ਸਜ਼ਾਤਮਕ ਉਪਾਵਾਂ ਵਜੋਂ ਵਰਤਿਆ ਜਾਂਦਾ ਹੈ। ਨਾਗਰਿਕਾਂ ਨੂੰ ਜਾਇਦਾਦ ਅਤੇ ਢਾਹੁਣ ਦੇ ਅਧਿਕਾਰਾਂ ਬਾਰੇ ਸਿੱਖਿਅਤ ਕਰਨਾ ਭਾਈਚਾਰਿਆਂ ਨੂੰ ਗੈਰ-ਕਾਨੂੰਨੀ ਕਾਰਵਾਈਆਂ ਦਾ ਵਿਰੋਧ ਕਰਨ ਅਤੇ ਉਚਿਤ ਪ੍ਰਕਿਰਿਆ ਦੀ ਮੰਗ ਕਰਨ ਵਿਚ ਮਦਦ ਕਰਦਾ ਹੈ। ਮਹਾਰਾਸ਼ਟਰ ਵਿਚ ਸਥਾਨਕ ਐੱਨ.ਜੀ.ਓਜ਼ ਦੁਆਰਾ ਕੀਤੀਆਂ ਗਈਆਂ ਪਹਿਲਕਦਮੀਆਂ ਕਾਨੂੰਨੀ ਸਲਾਹ ਪ੍ਰਦਾਨ ਕਰਦੀਆਂ ਹਨ, ਪਰਿਵਾਰਾਂ ਨੂੰ ਨਾਜਾਇਜ਼ ਢਾਹੇ ਜਾਣ ਦਾ ਵਿਰੋਧ ਕਰਨ ਦੇ ਯੋਗ ਬਣਾਉਂਦੀਆਂ ਹਨ। ਜਵਾਬਦੇਹੀ ਫਰੇਮਵਰਕ ਨੂੰ ਲਾਗੂ ਕਰਨਾ ਇਹ ਯਕੀਨੀ ਬਣਾਉਂਦਾ ਹੈ ਕਿ ਜੋ ਅਧਿਕਾਰੀ ਉਚਿਤ ਪ੍ਰਕਿਰਿਆ ਵਿਚ ਰੁਕਾਵਟ ਪਾਉਂਦੇ ਹਨ, ਉਨ੍ਹਾਂ ਨੂੰ ਜਵਾਬਦੇਹ ਠਹਿਰਾਇਆ ਜਾਂਦਾ ਹੈ, ਜਿਸ ਨਾਲ ਪ੍ਰਸ਼ਾਸਨ ਵਿਚ ਵਿਸ਼ਵਾਸ ਵਧਦਾ ਹੈ। ਢਾਹੇ ਜਾਣ ਦੀ ਨਿਗਰਾਨੀ ਕਰਨ ਲਈ ਇੱਕ ਲੋਕਪਾਲ ਦੀ ਸਥਾਪਨਾ ਕਰਨਾ ਦੁਰਵਿਵਹਾਰ ਨੂੰ ਰੋਕ ਸਕਦਾ ਹੈ ਅਤੇ ਨਿਰਪੱਖਤਾ ਨੂੰ ਉਤਸ਼ਾਹਿਤ ਕਰ ਸਕਦਾ ਹੈ।



-ਡਾ. ਸਤਿਆਵਾਨ ਸੌਰਭ
ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ,
ਆਲ ਇੰਡੀਆ ਰੇਡੀਓ ਅਤੇ ਟੀ.ਵੀ. ਪੈਨਲਿਸਟ, ਹਰਿਆਣਾ
94665-26148, 01255281381
ਪੰਜਾਬ ਮੇਲ USA


ਪੂਰਵ ਨੋਟਿਸ, ਨਿਆਂਇਕ ਸਮੀਖਿਆ ਅਤੇ ਅਪੀਲ ਦੇ ਸਮੇਂ ਲਈ ਪ੍ਰੋਟੋਕੋਲ ਵਿਕਸਿਤ ਕਰਨਾ ਨਾਗਰਿਕਾਂ ਦੇ ਅਧਿਕਾਰਾਂ ਦੀ ਰੱਖਿਆ ਕਰਦਾ ਹੈ। ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ 15 ਦਿਨਾਂ ਦੇ ਨੋਟਿਸ ਪੀਰੀਅਡ ਨੂੰ ਲਾਜ਼ਮੀ ਕਰਦੇ ਹਨ, ਜੋ ਪਾਰਦਰਸ਼ਤਾ ਨੂੰ ਯਕੀਨੀ ਬਣਾਉਂਦੇ ਹਨ ਅਤੇ ਮਨਮਾਨੇ ਢਾਹੁਣ ਤੋਂ ਬਚਦੇ ਹਨ। ਪ੍ਰਭਾਵਿਤ ਪਰਿਵਾਰਾਂ ਲਈ ਵਿਕਲਪਕ ਰਿਹਾਇਸ਼ ਜਾਂ ਮੁਆਵਜ਼ਾ ਪ੍ਰਦਾਨ ਕਰਨਾ ਪ੍ਰਬੰਧਕੀ ਕਾਰਵਾਈਆਂ ਨੂੰ ਸਮਾਜਿਕ ਨਿਆਂ ਦੇ ਸਿਧਾਂਤਾਂ ਨਾਲ ਜੋੜਦਾ ਹੈ। ਦਿੱਲੀ ਵਿਚ, ਕਬਜ਼ੇ ਹਟਾਉਣ ਦੌਰਾਨ ਵਿਸਥਾਪਿਤ ਪਰਿਵਾਰਾਂ ਦੇ ਮੁੜ ਵਸੇਬੇ ਨੇ ਆਸਰਾ ਦੇ ਅਧਿਕਾਰਾਂ ਨੂੰ ਸੁਰੱਖਿਅਤ ਰੱਖਿਆ। ਢਾਹੁਣ ਦੀ ਨਿਗਰਾਨੀ ਨਿਰਪੱਖਤਾ ਨੂੰ ਯਕੀਨੀ ਬਣਾਉਣ ਅਤੇ ਕਾਨੂੰਨੀ, ਬਰਾਬਰੀ ਵਾਲੀਆਂ ਕਾਰਵਾਈਆਂ ਨੂੰ ਲਾਗੂ ਕਰਨ ਲਈ ਵਿਤਕਰੇ ਦੀਆਂ ਚਿੰਤਾਵਾਂ ਨੂੰ ਹੱਲ ਕਰਦੀ ਹੈ। ਯੂ.ਪੀ. ਵਿਚ ਸੁਤੰਤਰ ਆਡਿਟ ਟੀਮਾਂ ਕਾਨੂੰਨੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਦੀ ਪੁਸ਼ਟੀ ਕਰਨ ਅਤੇ ਪੱਖਪਾਤੀ ਨਿਸ਼ਾਨੇ ਨੂੰ ਰੋਕਣ ਲਈ ਢਾਹੁਣ ਦਾ ਮੁਲਾਂਕਣ ਕਰਦੀਆਂ ਹਨ। ਬੁਲਡੋਜ਼ਰ ਜਸਟਿਸ ਪ੍ਰਸ਼ਾਸਨਿਕ ਕੁਸ਼ਲਤਾ ਅਤੇ ਸੰਵਿਧਾਨਕ ਅਧਿਕਾਰਾਂ ਵਿਚਕਾਰ ਗੁੰਝਲਦਾਰ ਸੰਤੁਲਨ ਨੂੰ ਉਜਾਗਰ ਕਰਦਾ ਹੈ। ਕਾਨੂੰਨੀ ਸੁਰੱਖਿਆ, ਪਾਰਦਰਸ਼ੀ ਪ੍ਰੋਟੋਕੋਲ ਅਤੇ ਜਵਾਬਦੇਹੀ ਨੂੰ ਯਕੀਨੀ ਬਣਾ ਕੇ, ਭਾਰਤ ਅਜਿਹੇ ਸ਼ਾਸਨ ਨੂੰ ਉਤਸ਼ਾਹਿਤ ਕਰ ਸਕਦਾ ਹੈ, ਜੋ ਕਾਨੂੰਨ ਦੇ ਸ਼ਾਸਨ ਅਤੇ ਮਨੁੱਖੀ ਸਨਮਾਨ ਦਾ ਆਦਰ ਕਰਦਾ ਹੈ, ਲੋਕਤੰਤਰੀ ਕਦਰਾਂ-ਕੀਮਤਾਂ ਨਾਲ ਮੇਲ ਖਾਂਦਾ ਹੈ ਅਤੇ ਪ੍ਰਭਾਵਸ਼ਾਲੀ ਸ਼ਾਸਨ ਨੂੰ ਸਮਰੱਥ ਬਣਾਉਂਦਾ ਹੈ।

# ਘਬਰਾਹਟ ਦੀ ਸਮੱਸਿਆ (Panic Attack/Disorder)

ਪੈਨਿਕ ਡਿਸਆਰਡਰ ਨਾਲ ਪੀੜਤ ਲੋਕਾਂ ਨੂੰ ਵਾਰ-ਵਾਰ ਅਤੇ ਅਚਾਨਕ ਪੈਨਿਕ ਅਟੈਕ ਆਉਂਦੇ ਹਨ। ਪੈਨਿਕ ਅਟੈਕ ਅਚਾਨਕ ਤੀਬਰ ਡਰ, ਬੇਚੈਨੀ ਅਤੇ ਆਪਣੇ ਆਪ ਤੋਂ ਕੰਟਰੋਲ ਗਵਾਉਣ ਦੀ ਭਾਵਨਾ ਹੈ, ਭਾਵੇਂ ਕੋਈ ਡਰ ਖ਼ਤਰਾ ਜਾਂ ਟਰਿੱਗਰ ਹੋਵੇ ਜਾਂ ਨਾ ਹੋਵੇ। ਪੈਨਿਕ ਅਟੈਕ ਦਾ ਅਨੁਭਵ ਕਰਨ ਵਾਲਾ ਹਰ ਵਿਅਕਤੀ ਪੈਨਿਕ ਡਿਸਆਰਡਰ ਨਾਲ ਗ੍ਰਸਤ ਹੋਏ ਇਹ ਜ਼ਰੂਰੀ ਵੀ ਨਹੀਂ। ਇਹ ਇਕ ਤਰ੍ਹਾਂ ਦੀ ਤੀਬਰ ਦੁਸ਼ਚਿੰਤਾ ਦੀ ਅਵਸਥਾ ਹੋ ਸਕਦੀ ਹੈ।

### ਪੈਨਿਕ ਅਟੈਕ ਦੇ ਦੌਰਾਨ ਇਕ ਵਿਅਕਤੀ ਨੂੰ ਹੇਠ ਲਿਖੇ ਅਨੁਭਵ ਹੋ ਸਕਦੇ ਹਨ:-

1. ਦਿਲ ਦਾ ਤੇਜ਼ ਧੜਕਣਾ ਜਾ ਤੇਜ਼ ਚੱਲਣਾ।
2. ਪਸੀਨਾ (ਤ੍ਰੇਲੀਆਂ) ਆਉਣਾ।
3. ਕੰਬਣਾ ਜਾਂ ਕਾਂਬਾ।
4. ਛਾਤੀ 'ਚ ਦਰਦ ਹੋਣਾ ਜਾਂ ਮਹਿਸੂਸ ਹੋਣਾ।
5. ਏਦਾਂ ਲੱਗਣਾ ਕਿ ਕੁਛ ਗ਼ਲਤ ਹੋਣ ਵਾਲਾ ਹੈ ਜਾਂ ਮੌਤ ਦਾ ਡਰ।
6. ਸਾਹ ਲੈਣ ਵਿਚ ਤਕਲੀਫ ਹੋਣਾ।
7. ਪੇਟ ਵਿਚ ਦਰਦ ਜਾਂ ਉਲਟੀ ਵਰਗਾ ਲੱਗਣਾ
8. ਕਮਜ਼ੋਰੀ ਮਹਿਸੂਸ ਹੋਣਾ ਜਾਂ ਚੱਕਰ ਆਉਣਾ
9. ਹੱਥਾਂ ਵਿਚ ਸੁੰਨਾਪਣ ਜਾਂ ਝੰਝਨਾਹਟ ਹੋਣਾ।

ਪੈਨਿਕ ਅਟੈਕ ਨਾਲ ਪੀੜਤ ਵਿਅਕਤੀ ਅਕਸਰ ਚਿੰਤਾ ਵਿਚ ਰਹਿੰਦਾ ਹੈ ਕਿ ਅਗਲਾ ਅਟੈਕ ਕਦੋਂ ਹੋਏਗਾ ਤੇ ਉਹ ਪੈਨਿਕ ਅਟੈਕ ਨਾਲ ਜੁੜੀਆਂ ਜਗ੍ਹਾ, ਹਾਲਤ ਅਤੇ ਵਿਵਹਾਰ ਤੋਂ ਬੱਚ ਕੇ ਅੱਗੇ ਹੋਣ ਵਾਲੇ ਅਟੈਕ ਨੂੰ ਰੋਕਣ ਦੀ ਕੋਸ਼ਿਸ਼ ਕਰਦਾ ਹੈ। ਪੈਨਿਕ ਤੱਕ ਦਿਨ 'ਚ ਕਈ ਵਾਰ ਜਾਂ ਸਾਲ 'ਚ ਕੁਛ ਵਾਰੀ ਵਾਪਰ ਸਕਦਾ ਹੈ।





ਡਾਕਟਰ ਕੁਲਦੀਪ ਸਿੰਘ
(ਅੰਬਾਲਾ) ਮਨੋਵਿਗਿਆਨਿਕ
+91-98960-63134
ਪੰਜਾਬ ਮੇਲ USA


### ਪੈਨਿਕ ਅਟੈਕ ਦਾ ਮਨੋਵਿਗਿਆਨਿਕ ਇਲਾਜ

1. ਸੀ.ਬੀ.ਟੀ. (ਸੰਗਯਾਨਾਤ੍ਮਕ ਵਿਵਹਾਰ ਥੈਰੇਪੀ) ਇਸਨੂੰ ਪੈਨਿਕ ਅਟੈਕ ਦੇ ਇਲਾਜ ਲਈ ਇਕ ਮੁੱਖ ਥੈਰੇਪੀ ਵਜੋਂ ਜਾਣਿਆ ਜਾਂਦਾ ਹੈ। ਇਸ ਤੋਂ ਇਲਾਵਾ 2. ਮਨੋਸ਼ਿਕਸ਼ਾ, 3. ਗਲਤ ਮਾਨਤਾਵਾਂ ਨੂੰ ਚੁਣੌਤੀ ਦੇਣਾ ਤੇ ਬਦਲਣਾ ਅਤੇ 4. ਭੈਅ ਭੀਤ ਕਰਨ ਵਾਲੀਆਂ ਸਰੀਰਕ ਸੰਵੇਦਨਾਵਾਂ ਦਾ ਸਾਹਮਣਾ ਕਰਨਾ।

ਸੀ.ਬੀ.ਟੀ. ਤੁਹਾਨੂੰ ਪੈਨਿਕ ਅਟੈਕ ਤੋਂ ਪਹਿਲਾਂ ਜਾਂ ਉਸਦੇ ਦੌਰਾਨ ਭਾਵਨਾਵਾਂ ਅਤੇ ਵਿਚਾਰਾਂ 'ਤੇ ਸੋਚਣ ਅਤੇ ਉਸਦਾ ਸਾਹਮਣਾ ਕਰਨ ਦੇ ਵੱਖੋ-ਵੱਖਰੇ ਤਰੀਕਿਆਂ ਬਾਰੇ ਦੱਸਦੀ ਹੈ। ਸੀ.ਬੀ.ਟੀ. ਭਵਿੱਖ ਦੇ ਖ਼ਤਰਿਆਂ ਨੂੰ ਘੱਟ ਕਰਨ ਜਾਂ ਰੋਕਣ ਵਿਚ ਮਦਦ ਕਰ ਸਕਦੀ ਹੈ। ਤੁਸੀਂ ਚੰਗਾ ਮਹਿਸੂਸ ਕਰ ਸਕਦੇ ਹੋ।

# ਕਿਸਾਨਾਂ ਦਾ ਘੱਟਦਾ ਮੁਨਾਫ਼ਾ ਅਤੇ ਵੱਧਦੀ ਖੱਜਲ ਖੁਆਰੀ


ਡਾ. ਅਮਨਪ੍ਰੀਤ ਸਿੰਘ ਬਰਾੜ

ਮੋਬਾ: 96537-90000

ਪੰਜਾਬ ਮੇਲ USA






ਭਾਵੇਂ ਕਿ ਅਨਾਜ ਦੀਆਂ ਕੀਮਤਾਂ ਹਰ ਸਾਲ ਵਧਾਈਆਂ ਜਾਂਦੀਆਂ ਹਨ ਪਰ ਫਿਰ ਵੀ ਕਿਸਾਨ ਦਾ ਮੁਨਾਫ਼ਾ ਹਰ ਸਾਲ ਘੱਟਦਾ ਜਾ ਰਿਹਾ ਹੈ। ਇਸ ਦੇ ਕਈ ਕਾਰਨ ਹਨ, ਇੱਕ ਕਾਰਨ ਤਾਂ ਇਹ ਵੀ ਹੈ ਕਿ ਜਿੰਨੀ ਬਾਕੀ ਵਸਤੂਆਂ ਦੀ ਮਹਿੰਗਾਈ ਵੱਧਦੀ ਹੈ ਕਿਸਾਨ ਦੀ ਉੱਪਜ ਦਾ ਮੁੱਲ ਉਸ ਹਿਸਾਬ ਨਾਲ ਨਹੀਂ ਵੱਧਦਾ। ਇਸ ਤੋਂ ਅੱਗੇ ਆਉਂਦੀਆਂ ਹਨ ਕੁਦਰਤੀ ਜਾਂ ਆਦਮੀਆਂ ਦੀਆਂ ਖੜ੍ਹੀਆਂ ਕੀਤੀਆਂ ਆਫਤਾਂ, ਪਿਛਲੇ ਸਾਲ ਹੜ੍ਹਾਂ ਦੀ ਕਰੋਪੀ ਹੋਈ। ਇਸ ਸਾਲ ਕੁਦਰਤ ਦੀ ਮੇਹਰ ਰਹੀ, ਮੌਸਮ ਵਧੀਆ ਰਿਹਾ, ਕੁੱਝ ਥਾਵਾਂ ’ਤੇ ਮੌਨਸੂਨ ਘੱਟ ਰਹੀ ਪਰ ਸਿੰਚਾਈ ਦੇ ਸਾਧਨ ਚੰਗੇ ਹੋਣ ਕਰਕੇ ਫ਼ਸਲ ਚੰਗੀ ਹੋਈ। ਵਾਡੀ ਦੇ ਮੌਸਮ ਵਿਚ ਕੁਦਰਤ ਨੇ ਹੁਣ ਤੱਕ ਸਾਥ ਦਿੱਤਾ, ਜੇ ਕਿਤੇ ਚਾਰ ਕਣੀਆਂ ਪੈ ਜਾਂਦੀਆਂ, ਤਾਂ ਮੰਡੀਆਂ ਦਾ ਪਤਾ ਨਹੀਂ ਕੀ ਹਾਲ ਹੋਣਾ ਸੀ।

ਸਾਰਾ ਸਾਲ ਬੀਤ ਗਿਆ, ਨਾ ਸਰਕਾਰਾਂ ਨੂੰ ਪਤਾ ਲੱਗਾ ਕਿ ਅਸੀਂ ਫ਼ਸਲ ਸਟੋਰ ਕਰਨ ਲਈ ਜਗ੍ਹਾ ਬਣਾਉਣੀ, ਨਾ ਸ਼ੈਲਰਾਂ ਵਾਲਿਆਂ ਨੂੰ ਕਿ ਰਿਕਵਰੀ ਘੱਟ ਹੈ, ਨਾ ਆੜ੍ਹਤੀਆਂ ਨੂੰ ਯਾਦ ਆਇਆ ਕਿ ਅਸੀਂ ਕਮਿਸ਼ਨ ਵਧਾਉਣਾ ਹੈ। ਜਦੋਂ ਪਹਿਲੀ ਅਕਤੂਬਰ ਆਈ, ਸਭ ਨੂੰ ਯਾਦ ਆ ਗਿਆ, ਕਾਵਾਂ ਰੌਲੀ ਪਾਉਣੀ ਸ਼ੁਰੂ ਕਰ ਦਿੱਤੀ। ਹਾਲਾਂਕਿ ਫ਼ਸਲ ਮੰਡੀਆਂ ਵਿਚ ਦਸ ਦਿਨ ਲੇਟ ਆਈ ਪਰ ਫ਼ਸਲ ਆਉਣ ਤੱਕ ਤਿੰਨਾਂ ਧਿਰਾਂ ਨੇ ਕਮਰਕੱਸੇ ਕੱਸ ਲਏ ਕਿ ਕਿਸਾਨ ਯੂਨੀਅਨਾਂ ਵਾਲੇ ਬਹੁਤੇ ਚਾਬਲੇਂ ਫਿਰਦੇ ਹਨ, ਐਤਕੀ ਇਨ੍ਹਾਂ ਨੂੰ ਸਬਕ ਸਿਖਾਉਣਾ ਹੈ। ਖਰੀਦ ਸ਼ੁਰੂ ਨਹੀਂ ਹੋਈ, ਮੰਡੀਆਂ ਭਰਨੀਆਂ ਸ਼ੁਰੂ ਹੋ ਗਈਆਂ ਸੋਸ਼ਲ ਮੀਡੀਆ ’ਤੇ ਖ਼ਬਰਾਂ ਝੋਨੇ ਦੀਆਂ ਹੀ, ਇੱਕ ਦੂਜੇ ’ਤੇ ਇਲਜ਼ਾਮਬਾਜ਼ੀ, ਹੱਲ ਕੋਈ ਨਹੀਂ, ਹਾਲਾਂਕਿ ਰਿਕਵਰੀ ਦਾ ਮਸਲਾ ਸਭ ਤੋਂ ਸੌਖਾ ਹੱਲ ਕੀਤਾ ਜਾ ਸਕਦਾ ਸੀ। ਉਸ ’ਤੇ ਵੀ ਫੈਸਲਾ ਲਟਕਾਈ ਰੱਖਿਆ, ਸਾਰੀਆਂ ਧਿਰਾਂ ਦੀ ਗਿਆਰਾਂ ਮੈਂਬਰੀ ਕਮੇਟੀ ਬਣਾ ਦਿੰਦੇ। ਰਿਕਵਰੀ ਅਮਲੀ ਤੌਰ ’ਤੇ ਕਮੇਟੀ ਦੇ ਸਾਹਮਣੇ ਕਰਵਾ ਲੈਂਦੇ, ਪਰ ਸਾਨੂੰ ਕੀ, ਰਗੜਾ ਤਾਂ ਕਿਸਾਨ ਨੂੰ ਲੱਗਦਾ ਹੈ। ਤਰਾਸਦੀ ਵੇਖੋ, ਕਿਸਾਨਾਂ ਦਾ ਨੁਕਸਾਨ ਕਰਨ ਵਾਲਿਆਂ ਨੇ ਹੀ ਕਿਸਾਨਾਂ ਨੂੰ ਅੱਗੇ ਲਾ ਕੇ ਸੜਕਾਂ ਰੋਕੀਆਂ।

**ਨਮੀ:** ਮੰਡੀਆਂ ਵਿਚ ਝੋਨੇ ਦੇ ਅੰਬਾਰ ਲੱਗ ਗਏ, ਝਾਰ ਲਾਉਣ ਲਈ ਵੀ ਜਗ੍ਹਾ ਨਹੀਂ। ਸਭ ਨੂੰ ਪਤਾ ਹੈ ਕਿ ਝੋਨੇ ਵਿਚ ਨਮੀ ਘੱਟ ਵੀ ਹੋਵੇ, ਤਾਂ ਅਣਛਾਣਿਆ ਝੋਨਾ ਢੇਰੀ ਵਿਚ ਪਿਆ, ਨਮੀ ਛੱਡ ਜਾਂਦਾ ਹੈ। ਸਾਇੰਸ ਦੇ ਹਿਸਾਬ ਨਾਲ ਵੀ ਜਦੋਂ ਕਿਸੇ ਵੀ ਚੀਜ ’ਤੇ ਦਬਾਅ ਬਣੇਗਾ, ਤਾਂ ਉਹ ਸਿੱਲ ਛੱਡੇਗੀ। ਇਸ ਤਰ੍ਹਾਂ ਜਦੋਂ ਢੇਰ ਪਿਆ ਰਿਹਾ, ਜਿਹੜੀ ਚੋਲਾਂ ਵਿਚ ਨਮੀ ਹੈ ਉਸਨੇ ਛਿਲਕੇ ਨੂੰ ਸਲਾਬਾ ਕਰਨਾ ਹੈ, ਛਿਲਕਾ ਸਲਾਬਿਆ ਗਿਆ, ਤਾਂ ਨਮੀ ਕਿਵੇਂ ਘਟੂ। ਹੁਣ ਕਈ ਦਹਾਕਿਆਂ ਤੋਂ ਕਿਸਾਨ ਸੁੱਕਾ ਝੋਨਾ ਵੱਡਦੇ ਹਨ। ਮੰਡੀ ਵਿਚ ਨਾਲ-ਨਾਲ ਝਾਰਿਆ ਜਾਂਦਾ ਹੈ, ਜਿਸ ਕਾਰਨ ਬਰੀਕ ਕੰਡ ਅਤੇ ਪੱਤੀ ਨਿਕਲ ਜਾਂਦੀਆਂ ਹਨ। ਜੇ ਕੋਈ ਛੋਟੀ-ਮੋਟੀ ਢੇਰੀ ਸਲਾਬੀ ਵੀ ਆ ਗਈ, ਤਾਂ ਖਲਾਰਨ ਨੂੰ ਜਗ੍ਹਾ ਹੁੰਦੀ ਸੀ, ਉਹ ਦੂਜੇ ਦਿਨ ਤੁੱਲ ਜਾਂਦੀ ਸੀ। ਸਾਰਾ ਚੱਕਰ ਮੰਡੀਆਂ ਵਿਚੋਂ ਪਹਿਲਾਂ ਨਾਲ ਦੀ ਨਾਲ ਛਾਣਿਆਂ ਨਾ ਜਾਣਾ ਅਤੇ ਤੋਲਿਆ ਝੋਨਾ ਮੰਡੀਆਂ ਵਿਚੋਂ ਚੁੱਕਿਆ ਨਾ ਜਾਣ ਕਰਕੇ ਪਿਆ ਹੈ। ਜਦੋਂ ਕੱਟ ਲੱਗ ਗਿਆ, ਫਿਰ ਗਿੱਲਾ ਸੁੱਕਾ, ਕਾਲਾ, ਗੋਰਾ ਸਭ ਤੁਲ ਜਾਂਦਾ ਹੈ।

**ਪਰਾਲੀ:** ਇੱਕ ਪਾਸੇ ਕਿਸਾਨ ਝੋਨੇ ਦੀ ਤੁਲਾਈ ਨੂੰ ਲੈ ਕੇ ਪਰੇਸ਼ਾਨ ਹੈ, ਦੂਜੇ ਪਾਸੇ ਉਸ ਨੂੰ ਪਰਾਲੀ ਦਾ ਫਿਕਰ ਹੈ, ਉਹ ਗੰਢਾਂ ਬੰਨ੍ਹਣ ਵਾਲੀਆਂ ਮਸ਼ੀਨਾਂ ਵਾਲਿਆਂ ਦੀਆਂ ਮਿੰਨਤਾਂ ਕਰਦਾ ਫਿਰਦਾ ਹੈ। ਭਾਵੇਂ ਕਿ ਯੂਨੀਵਰਸਿਟੀ ਅਤੇ ਸਰਕਾਰ ਨੇ ਕਈ ਤਰ੍ਹਾਂ ਦੀਆਂ ਮਸ਼ੀਨਾਂ ਅਤੇ ਤਰੀਕੇ ਦੱਸੇ ਹਨ ਪਰ ਸਭ ਤੋਂ ਚੰਗਾ ਤਰੀਕਾ ਹੈ ਗੰਢਾਂ ਬੰਨ੍ਹਣ ਵਾਲਾ। ਜੇ ਗੰਢਾਂ ਬੰਨ੍ਹਕੇ ਪਰਾਲੀ ਚੁੱਕੀ ਜਾਵੇ, ਤਾਂ ਕਿਸਾਨ ਆਪਣੇ ਟਰੈਕਟਰ ਅਤੇ ਮਸ਼ੀਨ ਨਾਲ ਬਿਜਾਈ ਕਰ ਲੈਂਦਾ ਹੈ ਪਰ ਇਸ ਸਾਲ ਗੰਢਾਂ ਬੰਨ੍ਹਣ ਵਾਲੇ ਇੱਕ ਤਾਂ ਹੈ ਘੱਟ, ਦੂਜੇ ਜਿਨ੍ਹਾਂ ਨੇ ਪਰਾਲੀ ਖਰੀਦਣੀ ਹੈ, ਉਹ ਪੈਰ ਨਹੀਂ ਲੱਗਣ ਦਿੰਦੇ ਕਿਉਂਕਿ ਸਰਕਾਰ ਦੀ ਸਖਤੀ ਕਰਕੇ ਉਹ ਪਰਾਲੀ ਵਿਚ ਨੁਕਸ ਕੱਢਦੇ ਹਨ ਅਤੇ ਟਰਾਲੀ ਲਾਹਉਂਦੇ ਨਹੀਂ। ਰੌਲਾ ਹਰ ਜਗ੍ਹਾ ਭਾਅ ਘਟਾਉਣਦਾ ਹੈ। ਜਦੋਂ ਮਿਲ ਵਾਲੇ ਭਾਅ ਘਟਾਉਂਦੇ ਹਨ, ਮਸ਼ੀਨ ਵਾਲੇ ਅੱਗੇ ਕਿਸਾਨ ਤੋਂ ਵੱਧ ਪੈਸੇ ਮੰਗਦੇ ਹਨ।

ਜਦੋਂ ਗੰਢਾਂ ਦੀ ਗੱਲ ਨਹੀਂ ਬਣਦੀ, ਫਿਰ ਕਿਸਾਨ ਸੁਪਰ ਸੀਡਰ ਵਾਲਿਆਂ ਮਗਰ ਭੱਜਦਾ ਹੈ, ਅੱਗੋਂ ਉਹ ਵੀ ਨੱਖਰੇ ਕਰਦੇ ਹਨ ਕਿਉਂਕਿ ਉਸ ਨੂੰ ਖਿੱਚਣ ਲਈ ਟਰੈਕਟਰ ਦੀ ਜਾਨ ਨਿਕਲਦੀ ਹੈ ਅਤੇ ਘੱਟੋ-ਘੱਟੋ 10 ਲੀਟਰ ਡੀਜ਼ਲ ਏਕੜ ਦਾ ਲੱਗਦਾ ਹੈ। ਡੀਜ਼ਲ ਤਾਂ ਕਿਸਾਨ ਬਾਲਦੂ ਪਰ ਜਦੋਂ ਟਰੈਕਟਰ ਫੁੱਲ ਰੇਸ ’ਤੇ ਘੰਟਿਆਂਬੱਧੀ ਚੱਲਦਾ ਹੈ, ਉਪਰ ਬੈਠੇ ਟਰੈਕਟਰ ਦੇ ਮਾਲਕ ਦਾ ਦਿਲ ਧੱਕ-ਧੱਕ ਕਰਦਾ ਹੈ। 11-12 ਲੱਖ ਦਾ ਟਰੈਕਟਰ ਵਿਆਜ ਪੈ ਕੇ 15-16 ਲੱਖ ਵਿਚ ਪੈਂਦਾ ਹੈ। ਇਥੇ ਹੀ ਬੱਸ ਨਹੀਂ, ਜਦੋਂ ਕਿਸੇ ਕਿਸਾਨ ਦਾ ਕਿਸੇ ਪਾਸੇ ਹੱਥ ਨਹੀਂ ਅੜਦਾ ਅਤੇ ਉਸ ਨੂੰ ਮਜਬੂਰੀ ਵੱਸ ਅੱਗ ਲਾਉਣੀ ਪੈਂਦੀ ਹੈ, ਉਸ ਨੂੰ ਪਹਿਲਾਂ ਨਾਲੋਂ ਦੁੱਗਣਾ ਜੁਰਮਾਨਾ ਭਰਨਾ ਪਵੇਗਾ। ਜੋ 2 ਏਕੜ ਤੋਂ ਘੱਟ ਵਾਲੇ ਕਿਸਾਨ ਨੂੰ 5 ਹਜ਼ਾਰ, 2-5 ਏਕੜ ਵਾਲੇ ਨੂੰ 10 ਹਜ਼ਾਰ ਅਤੇ 5 ਏਕੜ ਤੋਂ ਵੱਧ ਵਾਲੇ ਨੂੰ 30 ਹਜ਼ਾਰ ਦੇਣਾ ਪਵੇਗਾ। ਇਕੱਲਾ ਜੁਰਮਾਨਾ ਨਹੀਂ ਪਰਚਾ ਅਤੇ ਜਮ੍ਹਾਬੰਦੀ ਵਿਚ ਲਾਲ ਇੰਦਰਾਜ ਵੀ ਨਾਲ ਹੀ ਹੈ।

**ਡੀ.ਏ.ਪੀ :** ਡੀ.ਏ.ਪੀ. ਦੀ ਘਾਟ ਵੀ ਗਲਤ ਪਲੈਨਿੰਗ ਕਰਕੇ ਜਾਂ ਨੈਨੋਂ ਡੀ.ਏ.ਪੀ. ਨੂੰ ਜ਼ਬਰਦਸਤੀ ਧੱਕਣ ਕਰਕੇ ਹੋਈ। ਜਦੋਂ ਤੋਂ ਨੈਨੋ ਖਾਦਾਂ ਮੰਡੀ ਵਿਚ ਆਈਆਂ ਹੈ, ਸਰਕਾਰ ਇਨ੍ਹਾਂ ਨੂੰ ਵੇਚ ਕੇ ਦੂਜੀਆਂ ਖਾਦਾਂ ਦੀ ਦਰਆਮਦ ਘਟਾਉਣੀ ਚਾਹੁੰਦੀ ਹੈ, ਹਾਲਾਂਕਿ ਪੀ.ਏ.ਯੂ. ਮੁਤਾਬਕ ਇਨ੍ਹਾਂ ਖਾਦਾਂ ਨਾਲ ਫ਼ਸਲ ਦੀ ਜ਼ਰੂਰਤ ਪੂਰੀ ਨਹੀਂ ਹੁੰਦੀ ਅਤੇ ਫ਼ਸਲ ਦਾ ਨੁਕਸਾਨ ਹੁੰਦਾ। ਤਜ਼ਰਬਾ ਅਤੇ ਮੁਨਾਫਾ ਇਫਕੋ ਦੇ ਹਿੱਸੇ ਪ੍ਰੇਸ਼ਾਨੀ ਅਤੇ ਨੁਕਸਾਨ ਕਿਸਾਨ ਦੀ। ਨੈਨੋ ਖਾਦਾਂ ਸੰਬੰਧੀ ਪੰਜਾਬ ਸਰਕਾਰ ਨੂੰ ਇੱਕ ਨੀਤੀ ਬਣਾਉਣੀ ਚਾਹੀਦੀ ਅਤੇ ਯੂਰੀਆ ਅਤੇ ਡੀ.ਏ.ਪੀ. ਦੀ ਮੰਗ ਨਿਸ਼ਚਿਤ ਰੂਪ ਵਿਚ ਪੂਰੀ ਕਰਨ ਲਈ ਇੰਤਜ਼ਾਮ ਕਰਨੇ ਚਾਹੀਦੇ ਹਨ। ਅਸਲੀਅਤ ਇਹ ਹੈ ਕਿ ਸਰਕਾਰਾਂ ਬਣਦੀਆਂ ਲੋਕਾਂ ਦੀ ਸੇਵਾ ਲਈ ਪਰ ਸਰਕਾਰ ਬਣਾ ਕੇ ਜ਼ੋਰ ਸਾਰਾ ਲੱਗ ਜਾਂਦਾ ਹੈ, ਰਹਿੰਦੀ ਉਮਰੇ ਰਾਜ ਕਿਹੜੇ ਢੰਗ ਤਰੀਕੇ ਕੀਤਾ ਜਾ ਸਕਦਾ ਹੈ।

**ਚੋਲਾਂ ਦੀ ਗੁਣਵੱਤਾ :** ਅੱਜ ਤਕਰੀਬਨ 55 ਸਾਲ ਬਾਅਦ ਪੰਜਾਬ ਤੋਂ ਦੂਜੇ ਸੂਬਿਆਂ ਨੂੰ ਜਾਂਦੇ ਚੌਲਾਂ ਦੀ ਗੁਣਵੱਤਾ ਨੂੰ ਸ਼ੱਕ ਦੇ ਘੇਰੇ ਵਿਚ ਲਿਆਂਦਾ ਗਿਆ। 20 ਕੁ ਦਿਨ ਪਹਿਲਾਂ ਅਰੁਣਾਚਲ ਪ੍ਰਦੇਸ਼ ਤੋਂ ਇਹ ਖ਼ਬਰ ਆਈ ਕਿ ਪੰਜਾਬ ਤੋਂ ਭੇਜੇ ਗਏ ਚੋਲਾਂ ਦੇ ਨਮੂਨੇ ਫੇਲ ਹੋ ਗਏ। ਉਸ ਤੋਂ ਦੋ ਹਫਤੇ ਬਾਅਦ ਕਰਨਾਟਕਾ ਨੂੰ ਭੇਜੇ ਗਏ 26 ਨਮੂਨਿਆਂ ਵਿਚੋਂ 4 ਫੇਲ ਹੋ ਗਏ। ਸਾਰੇ ਮੀਡੀਆ ਨੇ ਇਸ ਨੂੰ ਇਸ ਤਰ੍ਹਾਂ ਪੇਸ਼ ਕੀਤਾ ਕਿ ਜਿਵੇਂ ਪੰਜਾਬ ਵਿਚ ਚੋਲ ਹੀ ਮਾੜੇ ਪੈਦਾ ਹੁੰਦੇ ਹਨ ਅਤੇ ਸਟੋਰਾਂ ਵਿਚ ਪਿਆਂ ਦੀ ਗੁਣਵੱਤਾ ਖ਼ਰਾਬ ਹੋ ਕੇ ਇਨਸਾਨਾਂ ਦੇ ਖਾਣ ਯੋਗ ਨਹੀਂ ਰਹੇ। ਮੈਨੂੰ ਇਤਰਾਜ਼ ਇਸ ਗੱਲ ’ਤੇ ਹੈ ਕਿ ਕਿਹਾ ਜਾ ਰਿਹਾ ਹੈ ਕਿ “ਪੰਜਾਬ ਵਿਚ ਪੈਦਾ ਕੀਤੇ ਚੌਲ”। ਕੀ ਪੰਜਾਬ ਦਾ ਕਿਸਾਨ ਮਾੜੇ ਚੋਲ ਪੈਦਾ ਕਰਦਾ ਹੈ? ਰਹੀ ਗੱਲ ਨਮੂਨਿਆਂ ਦੇ ਫੇਲ ਹੋਣ ਦੀ ਲਓ, ਥੋੜ੍ਹਾ ਇਸ ’ਤੇ ਵੀ ਵਿਚਾਰ ਕਰੀਏ।

ਜਿਹੜੇ ਚੌਲ ਅਰੁਣਾਚਲ ਪ੍ਰਦੇਸ਼ ਨੂੰ ਭੇਜੇ ਗਏ ਸਨ, ਉਹ ਜੁਲਾਈ ਦੇ ਮਹੀਨੇ ਭੇਜੇ ਗਏ ਸਨ। ਜੋ ਐੱਫ.ਸੀ.ਆਈ. ਦੇ ਨਿਯਮ ਹਨ, ਉਨ੍ਹਾਂ ਮੁਤਾਬਕ ਜੋ ਸਟਾਕ ਚੌਲਾਂ ਦਾ ਪੰਜਾਬ ਵਿਚ ਪਿਆ ਹੈ, ਉਸ ਦੀ ਹਰ ਮਹੀਨੇ ਗੁਣਵੱਤਾ ਲਈ ਪਰਖ ਕੀਤੀ ਜਾਂਦੀ ਹੈ। ਇੰਨਾ ਹੀ ਨਹੀਂ, ਜਿਹੜੇ ਚੌਲ ਪੰਜਾਬ ਵਿਚੋਂ ਅਰੁਣਾਚਲ ਪ੍ਰਦੇਸ਼ ਨੂੰ ਗਏ, ਉਨ੍ਹਾਂ ਦੀ ਪਰਖ ਵੀ ਐੱਫ.ਸੀ.ਆਈ. ਪੰਜਾਬ ਨੇ ਕਰਕੇ ਭੇਜੀ। ਦੋ ਮਹੀਨੇ ਚੌਲ ਅਰੁਣਾਚਲ ਪ੍ਰਦੇਸ਼ ਵਿਚ ਪਏ ਰਹਿਣ ਤੋਂ ਬਾਅਦ ਸਤੰਬਰ ਦੇ ਮਹੀਨੇ ਸੈਂਪਲ ਭਰੇ ਗਏ ਅਤੇ ਰਿਪੋਰਟ ਅੱਧ ਅਕਤੂਬਰ ਵਿਚ ਆਈ, ਜਿਨ੍ਹਾਂ ਦੀ ਗੁਣਵੱਤਾ ਕਿਵੇਂ ਅਤੇ ਕਿਹੜੇ ਸਟੋਰ ਵਿਚ ਘਟੀ, ਇਸ ਦੀ ਜਾਂਚ ਤੋਂ ਬਿਨ੍ਹਾਂ ਹੀ ਪੰਜਾਬ ਦੇ ਚੌਲਾਂ ਨੂੰ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ। ਇਹ ਰਿਪੋਰਟ ਉਦੋਂ ਲਿਆਂਦੀ, ਜਦੋਂ ਪੰਜਾਬ ਵਿਚ ਝੋਨੇ ਦੀ ਖਰੀਦ ਦਾ ਰੌਲਾ-ਰੱਪਾ ਸ਼ਿਖਰ ’ਤੇ ਪਹੁੰਚਿਆ ਸੀ। ਖਰੀਦਣ ਵਾਲਿਆਂ ਨੇ ਸੋਚਿਆ ਚੋਲਾਂ ਦੀ ਕੁਆਲਿਟੀ ਦਾ ਹੀ ਰੌਲਾ ਪਵਾ ਦਿਉ, ਆਪੇ ਹੀ ਸਾਰੇ ਸਿੱਧੇ ਹੋ ਜਾਣਗੇ।

**ਫੋਰਟੀਫਾਈਡ ਰਾਈਸ :** ਸਰਕਾਰ ਨੇ ਇਹ ਫੈਸਲਾ ਕੀਤਾ ਕਿ ਬੱਚਿਆਂ ਅਤੇ ਘੱਟ ਆਮਦਨੀ ਵਾਲੇ ਲੋਕ ਜਿਨ੍ਹਾਂ ਦੇ ਖ਼ੂਨ ਵਿਚ ਹੀਮੋਗਲੋਬਿਨ ਘੱਟ ਹੈ, ਉਨ੍ਹਾਂ ਨੂੰ ਜੇ ਚੌਲਾਂ ਵਿਚ ਲੋਹਾ, ਫੋਲਿਕ ਐਸਿਡ ਅਤੇ ਵਿਟਾਮਿਨ ਬੀ12 ਰਲਾ ਕੇ ਦੇ ਦੇਈਏ ਤਾਂ ਉਨ੍ਹਾਂ ਦੀ ਸਿਹਤ ਠੀਕ ਰਹੇਗੀ। ਫੋਰਟੀਫਾਈਡ ਰਾਈਸ ਬਣਾਉਣ ਲਈ ਪਹਿਲਾਂ ਟੋਟਾ ਚੌਲਾਂ ਨੂੰ ਪੀਸਿਆ ਜਾਂਦਾ ਹੈ। ਫਿਰ ਇਸ ਵਿਚ ਉਪਰੋਕਤ ਤਿੰਨੋਂ ਚੀਜ਼ਾਂ ਮਿਲਾ ਕੇ ਆਟੇ ਵਾਂਗੂ ਗੁੰਨ ਕੇ ਦੁਬਾਰਾ ਚੌਲਾਂ ਦੀ ਸ਼ਕਲ ਦਿੱਤੀ ਜਾਂਦੀ ਹੈ। ਇਹ ਫੋਰਟੀਫਾਈਡ ਰਾਈਸ ਬਣਾਉਣ ਦਾ ਠੇਕਾ ਕੰਪਨੀਆਂ ਨੂੰ ਦਿੱਤਾ ਜਾਂਦਾ ਹੈ। ਕੰਪਨੀਆਂ ਫੋਰਟੀਫਾਈਡ ਚੌਲ ਸ਼ੈਲਰਾਂ ਵਾਲਿਆਂ ਨੂੰ ਭੇਜਦੇ ਹਨ। ਸ਼ੈਲਰਾਂ ਵਾਲੇ ਅੱਗੇ ਜਦੋਂ ਚੌਲ ਕੱਢਦੇ ਹਨ, ਤਾਂ ਇੱਕ ਕਿੱਲੋ ਚੌਲ 99 ਕਿਲੋ ਸਾਦੇ ਚੌਲਾਂ ਵਿਚ ਮਿਲਾ ਕਿ ਬੋਰੀਆਂ ਭਰਦੇ ਹਨ।

ਜਿਵੇਂ ਹਰ ਵਿਟਾਮਿਨ ਦੀ ਮੁਨਿਆਦ ਹੁੰਦੀ ਹੈ, ਫੋਲਿਕ ਐਸਿਡ ਅਤੇ ਬੀ12 ਦੀ ਵੀ ਮੁਨਿਆਦ ਹੈ। ਜਦੋਂ ਇਹ ਚੌਲ ਜ਼ਿਆਦਾ ਸਮਾਂ ਪਏ ਰਹਿਣਗੇ, ਤਾਂ ਕੁਆਲਿਟੀ ਘੱਟਦੀ ਜਾਵੇਗੀ। ਰਿਪੋਰਟ ਮੁਤਾਬਕ ਪੰਜਾਬ ਵਿਚ ਏਸ ਵੇਲੇ 2022-23 ਦੇ ਵੀ ਚੌਲ ਪਏ ਹਨ। ਸ਼ਾਇਦ ਇਹੋ ਹੀ ਕਰਨਾਟਕਾ ਵਿਚ ਹੋਇਆ। ਚਾਹੀਦਾ ਤਾਂ ਇਹ ਹੈ ਕਿ ਫੋਰਟੀਫਿਕੇਸ਼ਨ ਝੋਨਾ ਛੜਨ ਵੇਲੇ ਦੀ ਬਜਾਏ ਸੂਬੇ ਦੀ ਲੋੜ ਅਨੁਸਾਰ ਚੌਲ ਵੰਡਣ ਵੇਲੇ ਕੀਤੀ ਜਾਵੇ, ਤਾਂ ਕਿ ਫੋਰਟੀਫਿਕੇਸ਼ਨ ਦੀ ਗੁਣਵੱਤਾ ਠੀਕ ਰਹੇ। ਪਰ ਕਈ ਵੇਰੀ ਲਾਗਤ ਮੁੱਲ ਘਟਾਉਣ ਦੇ ਚੱਕਰ ਵਿਚ ਸਾਨੂੰ ਗੁਣਵੱਤਾ ਨਾਲ ਸਮਝੌਤਾ ਕਰਨਾ ਪੈਂਦਾ ਹੈ।

**ਨਿਚੋੜ:** ਕਿਸਾਨੀ ਮੁੱਢਲੀ ਆਮਦਨ ਦਾ ਸਰੋਤ ਹੈ, ਜਿਸ ਉਪਰ ਉਦਯੋਗ ਅਤੇ ਸਰਵਿਸ ਖੇਤਰ ਨਿਰਭਰ ਕਰਦਾ ਹੈ। ਸਮੇਂ ਦੇ ਹਾਕਮਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਜੇ ਕਿਸਾਨੀ ਡੁੱਬਦੀ ਹੈ, ਤਾਂ ਬਾਕੀ ਦੋਵੇਂ ਖੇਤਰ ਡੁੱਬਣੇ ਸ਼ਰਤੀਆਂ ਹਨ। ਜਿਸ ਨਾਲ ਅਸ਼ਾਂਤੀ ਫੈਲਣੀ ਲਾਜਮੀ ਹੈ।

## ‘ਯਾਦ ਰੱਖਣ ਯੋਗ ਗੱਲਾਂ’


ਹਰਦੀਪ ਸਿੰਘ ਸੋਢੀ ਨਡਾਲਾ

ਫੀਨਿਕਸ 480-794-0325




- ਲਿਖਾਰੀ ਵਾਸਤੇ ਕਹਾਣੀ ਜਾਂ ਨਾਵਲ ਲਿਖਣਾ ਓਨਾ ਔਖਾ ਨਹੀਂ ਹੁੰਦਾ, ਜਿੰਨਾ ਆਪਣਿਆਂ ਵਿਚੋਂ ਆਪਣਿਆਂ ਦੇ ਨਾਮ ਲੱਭ ਕੇ ਲਿਖਣੇ।
- ਜਦੋਂ ਕੁਝ ਕਰਨ ਦਾ ਮਨ ਹੋਵੇ ਤਾਂ ਨਫਰਤ ਭੁੱਲ ਕੇ ਵੀ ਨਾ ਕਰੋ, ਸਿਰਫ ਮੁਆਫ ਕਰੋ, ਦਇਆ ਕਰੋ, ਰਹਿਮ ਕਰੋ, ਤਰਸ ਕਰੋ ਜਾਂ ਦਫਾ ਕਰੋ।
- ਜ਼ਿੰਦਗੀ ਉਨ੍ਹਾਂ ਦੀ ਵਧੀਆ ਗੁਜ਼ਰਦੀ ਹੈ, ਜੋ ਖਿਡਾਰੀ ਬਣ ਕੇ ਜ਼ਿੰਦਗੀ ਗੁਜ਼ਾਰਦੇ ਹਨ। ਖਿਡਾਉਣਾ ਬਣਨ ਵਾਲੇ ਬਾਅਦ ਵਿਚ ਪਛਤਾਉਂਦੇ ਹਨ, ਜਦੋਂ ਖਿਡਾਉਣੇ ਨਾਲ ਬਾਰ-ਬਾਰ ਖੇਡਿਆ ਜਾਂਦਾ ਹੈ ਤਾਂ।
- ਮਿੱਤਰੋ ਕਿਰਾਏ ’ਤੇ ਤਾਂ ਜਿਸਮ ਹੀ ਮਿਲਦੇ ਹਨ, ਰੂਹ ਖਰੀਦਣ ਵਾਸਤੇ ਦਿਲ ਵੇਚਣਾ ਪੈਂਦਾ ਹੈ।
- ਪੈਸਾ ਉਹ ਸਾਬਣ ਹੈ, ਜੋ ਗੰਦੇ ਤੋਂ ਗੰਦਾ ਦਾਗ ਧੋ ਸਕਦਾ ਹੈ।
- ਮਾਰਕ ਟਵੇਨ ਨੇ ਕਿਹਾ ਸੀ ਰਾਜਨੀਤੀ ਅਜਿਹਾ ਧੰਦਾ ਹੈ, ਜਿਸ ਵਿਚ ਤੁਸੀ ਚੋਰੀ ਕਰ ਸਕਦੇ ਹੋ, ਝੂਠ ਬੋਲ ਸਕਦੇ ਹੋ, ਧੋਖਾ ਕਰ ਸਕਦੇ ਹੋ, ਇੱਜ਼ਤ ਫਿਰ ਵੀ ਬਰਕਰਾਰ ਰਹੇਗੀ।

ਪੰਜਾਬ ਮੇਲ USA

# ਰਾਸ਼ਟਰੀ ਐਵਾਰਡ ਜੇਤੂ ਪੰਜਾਬੀ ਫ਼ਿਲਮ ਜੱਗਾ (1964)

ਅੰਗਰੇਜ ਸਿੰਘ ਵਿਰਦੀ
ਅੰਮ੍ਰਿਤਸਰ
ਮੋਬਾਇਲ :- 94646-28857
ਪੰਜਾਬ ਮੇਲ USA



ਪੰਜਾਬੀ ਫ਼ਿਲਮ ਜੱਗਾ ਸੰਨ 1964 ਵਿਚ ਸਿਨੇ ਪਰਦੇ ’ਤੇ ਰਿਲੀਜ਼ ਹੋਈ ਇੱਕ ਐਸੀ ਫ਼ਿਲਮ ਹੈ, ਜਿਸ ਨੂੰ ਪੰਜਾਬੀ ਸਿਨੇਮੇ ਦੀ ਦੂਜੀ ਰਾਸ਼ਟਰੀ ਐਵਾਰਡ ਹਾਸਲ ਫ਼ਿਲਮ ਹੋਣ ਦਾ ਮਾਣ ਹਾਸਿਲ ਹੈ। ਪੰਜਾਬ ਦੇ ਪ੍ਰਸਿੱਧ ਲੋਕ ਨਾਇਕ ਜਗਤ ਸਿੰਘ ਜੱਗਾ ਦੀ ਜ਼ਿੰਦਗੀ ’ਤੇ ਆਧਾਰਿਤ ਇਹ ਫ਼ਿਲਮ ਪੰਜਾਬੀ ਸਿਨੇਮੇ ਦੀਆਂ ਕਲਾਸਿਕ ਫ਼ਿਲਮਾਂ ਵਿਚ ਸ਼ਾਮਿਲ ਹੈ।

ਫ਼ਿਲਮ ਏਜ਼, ਬੰਬੇ ਦੇ ਬੈਨਰ ਹੇਠ ਬਨਣ ਵਾਲੀ ਇਸ ਫ਼ਿਲਮ ਦੇ ਨਿਰਮਾਤਾ ਸਨ ਕੇ.ਬੀ. ਚੱਢਾ ਅਤੇ ਇਸ ਫ਼ਿਲਮ ਦੇ ਨਿਰਦੇਸ਼ਕ ਸਨ ਜੁਗਲ ਕਿਸ਼ੋਰ। ਫ਼ਿਲਮ ਦੀ ਕਹਾਣੀ ਲਿਖੀ ਸੀ ਦਲਜੀਤ ਨੇ, ਪਟਕਥਾ ਤੇ ਸੰਵਾਦ ਲਿਖੇ ਸਨ ਮਨੋਹਰ ਸਿੰਘ ਸਹਿਰਾਈ ਨੇ। ਉਸਤਾਦ ਅੱਲਾ ਰੱਖਾ ਕੁਰੈਸ਼ੀ ਦੇ ਮਧੁਰ ਸੰਗੀਤ ਨਾਲ ਸ਼ਿੰਗਾਰੀ ਇਸ ਫ਼ਿਲਮ ਦੇ ਗੀਤ ਲਿਖੇ ਸਨ ਮਨੋਹਰ ਸਿੰਘ ਸਹਿਰਾਈ ਨੇ ਅਤੇ ਇਨ੍ਹਾਂ ਗੀਤਾਂ ਨੂੰ ਆਵਾਜ਼ਾਂ ਦਿੱਤੀਆਂ ਸਨ ਗਾਇਕ ਮੁਹੰਮਦ ਰਫ਼ੀ, ਆਸ਼ਾ ਭੌਂਸਲੇ, ਮਹਿੰਦਰ ਕਪੂਰ, ਸ਼ਮਸ਼ਾਦ ਬੇਗ਼ਮ, ਮੀਨੂੰ ਪ੍ਰਸ਼ੋਤਮ, ਐੱਸ. ਬਲਬੀਰ, ਮੁਬਾਰਕ ਬੇਗ਼ਮ ਅਤੇ ਲਕਸ਼ਮੀ ਸ਼ੰਕਰ ਨੇ। ਫ਼ਿਲਮ ਵਿਚ ਮੁੱਖ ਕਿਰਦਾਰ ਅਦਾ ਕਰਨ ਵਾਲੇ ਅਦਾਕਾਰਾਂ ਵਿਚ ਦਾਰਾ ਸਿੰਘ ਜੱਗੇ ਦੇ ਕਿਰਦਾਰ ਵਿਚ ਅਤੇ ਇੰਦਰਾ ਬਿੱਲੀ ਉਸ ਦੀ ਪ੍ਰੇਮਿਕਾ ਨਿੰਮੋ ਦੇ ਕਿਰਦਾਰ ਵਿਚ ਨਜ਼ਰ ਆਏ। ਇਨ੍ਹਾਂ ਤੋਂ ਇਲਾਵਾ ਬਾਕੀ ਕਿਰਦਾਰਾਂ ਵਿਚ ਸ਼ਾਮਿਲ ਸਨ ਖ਼ਰੈਤੀ, ਅਮਰਨਾਥ, ਜੁਗਲ ਕਿਸ਼ੋਰ, ਮਜਨੂੰ, ਮੁਮਤਾਜ ਬੇਗ਼ਮ, ਬਲਦੇਵ ਮਹਿਤਾ, ਰਾਣੀ ਸਚਦੇਵ, ਰੇਖਾ, ਰਾਜੂ ਅਤੇ ਹਰਬੰਸ ਭਾਪੇ।

ਬਲੈਕ ਐਂਡ ਵ੍ਹਾਈਟ ਫ਼ਿਲਮਾਂ ਦੇ ਦੌਰ ਵਿਚ ਬਣੀ ਇਸ ਫ਼ਿਲਮ ਦੀ ਕਹਾਣੀ ਦੀ ਜੇਕਰ ਗੱਲ ਕੀਤੀ ਜਾਵੇ, ਤਾਂ ਫ਼ਿਲਮ ਦੀ ਕਹਾਣੀ ਵਿਚ ਜਗਤ ਸਿੰਘ ਜੱਗਾ ਤੋਂ ਜੱਗਾ ਡਾਕੂ ਬਨਣ ’ਤੇ ਉਸ ਤੋਂ ਬਾਅਦ ਦੀ ਕਹਾਣੀ ਬਿਆਨ ਕੀਤੀ ਗਈ ਹੈ।

ਫ਼ਿਲਮ ਕਹਾਣੀ ਜਿਸ ਗੀਤ ਤੋਂ ਸ਼ੁਰੂ ਹੁੰਦੀ ਹੈ, ਉਹ ਹੈ :-

ਮੇਰਾ ਬਾਂਕਾ ਦੇਸ਼ ਪੰਜਾਬ ਬੇਲੀਆ ਬਾਂਕਾ ਦੇਸ਼ ਪੰਜਾਬ

ਦੇਸ਼ ਮੇਰੇ ਦੀਆਂ ਸੋਹਣੀਆਂ ਰੁੱਤਾਂ ਅੰਤ ਨਾ ਕੋਈ ਹਿਸਾਬ, ਬੇਲੀਆ ਬਾਂਕਾ ਦੇਸ਼ ਪੰਜਾਬ

ਮੁਹੰਮਦ ਰਫ਼ੀ, ਐੱਸ. ਬਲਬੀਰ, ਮਹਿੰਦਰ ਕਪੂਰ ਅਤੇ ਸਾਥੀਆਂ ਦੀ ਆਵਾਜ਼ ਵਿਚ ਗਾਏ ਇਸ ਖ਼ੂਬਸੂਰਤ ਗੀਤ ਨਾਲ ਫ਼ਿਲਮ ਦੇ ਕਲਾਕਾਰਾਂ ਅਤੇ ਫ਼ਿਲਮ ਨਾਲ ਜੁੜੇ ਹਰ ਸ਼ਕਸ ਦੇ ਨਾਂਵਾਂ ਦੀ ਜਾਣ-ਪਛਾਣ ਫ਼ਿਲਮੀ ਪਰਦੇ ’ਤੇ ਚੱਲਦੀ ਹੈ। ਗੀਤ ਦੇ ਨਾਲ ਫ਼ਿਲਮੀ ਪਰਦੇ ’ਤੇ ਪੰਜਾਬ ਦੇ ਸੱਭਿਆਚਾਰਕ ਰੰਗਾਂ ਦੀ ਖ਼ੂਬਸੂਰਤ ਪੇਸ਼ਕਾਰੀ ਕੀਤੀ ਜਾਂਦੀ ਹੈ। ਪੁਰਾਣੇ ਪੰਜਾਬ ਦੀ ਝਲਕ ਪੇਸ਼ ਕਰਦੀਆਂ ਝਾਕੀਆਂ ਫ਼ਿਲਮੀ ਪਰਦੇ ’ਤੇ ਚੱਲਦੀਆਂ ਮਨ ਨੂੰ ਮੋਹ ਲੈਂਦੀਆਂ ਨੇ, ਖੇਤ ਖਲਿਆਣ, ਲਹਿਲਹਾਉਂਦੀਆਂ ਫ਼ਸਲਾਂ, ਮੇਲੇ, ਗਿੱੜਦੇ ਖੂਹ, ਲੋਕਾਂ ਦਾ ਮਜ਼ਮਾ, ਮੁਟਿਆਰਾਂ ਦਾ ਢਾਕ ਤੇ ਘੜੇ ਰੱਖ ਖੂਹ ਤੇ ਪਾਣੀ ਲੈਣ ਜਾਣਾ, ਪੀਂਘ ਝੂਟਦੀਆਂ ਮੁਟਿਆਰਾਂ, ਗੱਡਿਆ ’ਤੇ ਲੱਦੀਆਂ ਫ਼ਸਲਾਂ ਲੈ ਕੇ ਜਾਂਦੇ ਕਿਸਾਨ ਇਹ ਸਾਰੇ ਦ੍ਰਿਸ਼ ਇੱਕ-ਇੱਕ ਕਰਕੇ ਗੀਤ ਦੇ ਬੋਲਾਂ ਨਾਲ ਮੇਲ ਖਾਂਦੇ ਅੱਖਾਂ ਸਾਹਮਣੇ ਦੀ ਲੰਘਦੇ ਨੇ। ਗੀਤ ਮੁੱਕਦਾ ਤੇ ਫ਼ਿਲਮ ਦਾ ਪਹਿਲਾ ਦ੍ਰਿਸ਼ ਜੱਗੇ ਦੇ ਖੇਤਾਂ ਤੋਂ ਸ਼ੁਰੂ ਹੁੰਦਾ ਹੈ, ਜਿੱਥੇ ਪਿੰਡ ਦੇ ਦੋ-ਤਿੰਨ ਮੁਹਤਬਰ ਬੰਦੇ ਜੱਗੇ ਦੇ ਖੇਤਾਂ ਵਿਚ ਹੋਈ ਵਧੀਆ ਫ਼ਸਲ ਨੂੰ ਵੇਖ ਕੇ ਖੁਸ਼ ਹੁੰਦੇ ਦਿਖਾਏ ਗਏ ਹਨ, ਪਰ ਐਨ ਉਸੇ ਵੇਲੇ ਪਿੰਡ ਦਾ ਚੌਧਰੀ ਪਰਬਤ ਸਿੰਘ ਆਪਣੇ ਸਾਥੀ ਨਾਲ ਉੱਥੇ ਆਉਂਦਾ ਹੈ, ਜੋ ਜੱਗੇ ਦੇ ਬਾਪ ਨਾਲ ਦੁਸ਼ਮਨੀ ਰੱਖਦਾ ਹੈ, ਜਿਸ ਦਾ ਬਦਲਾ ਉਹ ਜੱਗੇ ਕੋਲੋਂ ਲੈਣਾ ਚਾਹੁੰਦਾ ਹੈ। ਉਹ ਜੱਗੇ ਨੂੰ ਮਾੜੇ ਬੋਲ ਬੋਲਣ ਲੱਗਦਾ ਹੈ। ਪਰ ਪਿੰਡ ਵਾਲੇ ਉਸ ਨੂੰ ਜੱਗੇ ਨਾਲ ਦੁਸ਼ਮਣੀ ਛੱਡਣ ਲਈ ਆਖਦੇ ਹਨ।

ਫ਼ਿਲਮ ਦੇ ਅਗਲੇ ਦ੍ਰਿਸ਼ ਵਿਚ ਜੱਗਾ (ਅਦਾਕਾਰ ਦਾਰਾ ਸਿੰਘ), ਭੰਬੀਰੀ (ਅਦਾਕਾਰ ਖਰੈਤੀ) ਅਤੇ ਹੋਰ ਭਲਵਾਨ ਅਖਾੜੇ ਵਿਚ ਕੁਸ਼ਤੀ ਦੇ ਦਾਅਪੇਚ ਲਗਾ ਰਹੇ ਹੁੰਦੇ, ਜਿੱਥੇ ਭੰਬੀਰੀ ਆਪਣੇ ਮਜਾਹੀਆ ਅੰਦਾਜ਼ ਵਿਚ ਜੱਗੇ ਨਾਲ ਘੁਲਦਾ ਹੈ ਪਰ ਉਸ ਹੱਥੋਂ ਮਾਤ ਖਾ ਜਾਂਦਾ ਹੈ। ਕੁਸ਼ਤੀ ਦੇ ਅਭਿਆਸ ਤੋਂ ਬਾਅਦ ਜੱਗਾ ਤੇ ਭੰਬੀਰੀ ਘਰੇ ਜਾ ਕੇ ਜੱਗੇ ਦੀ ਮਾਂ (ਮੁਮਤਾਜ਼ ਬੇਗ਼ਮ) ਹੱਥੋਂ ਕਾੜ੍ਹਨੀ ਦਾ ਦੁੱਧ ਪੀਂਦੇ ਵਿਖਾਏ ਗਏ ਹਨ। ਫ਼ਿਲਮ ਦਾ ਇਹ ਦ੍ਰਿਸ਼ ਦੱਸਦਾ ਹੈ ਕਿ ਉਹ ਵੀ ਕਦੇ ਵੇਲਾ ਸੀ, ਜਦੋਂ ਪੰਜਾਬ ਦੀਆਂ ਮਾਂਵਾ ਦੁੱਧ ਦੀਆ ਡੋਣੀਆਂ ਭਰ-ਭਰ ਆਪਣੇ ਪੁੱਤਰਾਂ ਨੂੰ ਪਿਆ ਕੇ ਜਵਾਨ ਕਰਦੀਆਂ ਸਨ। ਇਸ ਤਰ੍ਹਾਂ ਫ਼ਿਲਮ ਦੀ ਕਹਾਂਣੀ ਅੱਗੇ ਵੱਧਦੀ ਹੈ। ਜੱਗਾ ਨਾਲ ਦੇ ਸੁਨਿਆਰਿਆਂ ਦੇ ਪਿੰਡ ਦੇ ਸਰਦਾਰ ਉਜਾਗਰ ਸਿੰਘ ਦੀ ਧੀ ਨਿੰਮੋ ਨਾਲ ਪਿਆਰ ਕਰਦਾ ਹੈ, ਜਿਸ ਨੂੰ ਉਹ ਲੁੱਕ-ਲੁੱਕ ਕੇ ਮਿਲਦਾ। ਜੱਗੇ ਦਾ ਦੁਸ਼ਮਣ ਚੌਧਰੀ ਪਰਬਤ ਬਥੇਰੀ ਕੋਸ਼ਿਸ਼ ਕਰਦਾ ਕਿ ਉਹ ਨਿੰਮੋ ਤੇ ਜੱਗੇ ਨੂੰ ਮਿਲਦਿਆਂ ਨਿੰਮੋ ਦੇ ਪਿਓ ਉਜਾਗਰ ਸਿੰਘ ਕੋਲ ਰੰਗੇ ਹੱਥੀਂ ਫੜਾ ਦੇਵੇ ਪਰ ਉਹ ਕਾਮਯਾਬ ਨਹੀਂ ਹੁੰਦਾ। ਨਿੰਮੋ ਤੇ ਜੱਗਾ ਇੱਕਠੇ ਜਿਊਣ ਮਰਨ ਦੀਆਂ ਸੋਂਹਾਂ ਖਾਂਦੇ ਨੇ। ਨਿੰਮੋ ਤੇ ਜੱਗੇ ਦੇ ਪਿਆਰ ਵਿਚ ਨਿੰਮੋ ਦਾ ਪਿਓ ਅੜਿੱਕਾ ਡਾਉਂਦਾ ਹੈ, ਉਹ ਨਿੰਮੋ ਦਾ ਵਿਆਹ ਕਿਤੇ ਹੋਰ ਕਰਨ ਦਾ ਫੈਸਲਾ ਕਰਦਾ, ਜਿਸ ਨਾਲ ਦੋਵੇਂ ਪ੍ਰੇਮੀ ਬੇਹੱਦ ਦੁੱਖੀ ਹੁੰਦੇ।

ਇੱਕ ਦਿਨ ਜੱਗੇ ਦੀ ਭੈਣ ਲਾਜੋ ਨੂੰ ਖੇਤ ਰੋਟੀ ਲੈ ਕੇ ਜਾਂਦਿਆਂ ਚੌਧਰੀ ਪਰਬਤ ਤੇ ਉਸ ਦਾ ਸਾਥੀ ਵੇਖ ਲੈਂਦੇ ਤੇ ਉਹ ਉਸ ਦਾ ਪਿੱਛਾ ਕਰਦੇ। ਉਜਾੜ ਖੇਤਾਂ ਵਿਚ ਪਰਬਤ ਲਾਜੋ ਨਾਲ ਜ਼ਿਆਦਤੀ ਕਰ ਉਸ ਦਾ ਕਤਲ ਕਰ ਦਿੰਦਾ। ਜਦੋਂ ਜੱਗੇ ਨੂੰ ਇਸ ਗੱਲ ਦਾ ਪਤਾ ਲੱਗਦਾ, ਤਾਂ ਉਹ ਗੁੱਸੇ ਵਿਚ ਆਪਾ ਖੋ ਦਿੰਦਾ। ਹੁਣ ਉਸ ਦਾ ਇਕੋ ਮਕਸਦ ਲਾਜੋ ਦੇ ਕਾਤਲਾ ਨੂੰ ਲੱਭ ਕੇ ਉਨ੍ਹਾਂ ਨੂੰ ਸਜ਼ਾ ਦੇਣਾ ਹੁੰਦਾ। ਜੱਗੇ ਨੂੰ ਪਤਾ ਲੱਗਦਾ ਕਿ ਉਸ ਦੀ ਭੈਣ ਨੇ ਕਾਤਲ ਨਾਲ ਮੁਕਾਬਲਾ ਕਰਦੀ ਨੇ ਉਸ ਦੇ ਮੱਥੇ ’ਤੇ ਇੱਟ ਦੇ ਵਾਰ ਨਾਲ ਡੂੰਘਾ ਫੱਟ ਲਾਇਆ ਸੀ, ਜਿਸ ਨੂੰ ਲੱਭਣ ਲਈ ਉਹ ਪਿੰਡ-ਪਿੰਡ ਕਾਤਲ ਦੀ ਤਲਾਸ਼ ਕਰਨ ਲੱਗਦਾ ਤੇ ਅਖੀਰ ਉਸ ਦੀ ਤਲਾਸ਼ ਪਰਬਤ ਦੇ ਘਰ ਜਾ ਕੇ ਮੁੱਕਦੀ। ਪਿੰਡ ਦੀ ਪੰਚਾਇਤ ਵਿਚ ਜੱਗਾ ਪਰਬਤ ਅਤੇ ਉਸ ਦੇ ਸਾਥੀ ਨੂੰ ਧੂ ਕੇ ਲੈ ਕੇ ਜਾਂਦਾ ਤੇ ਉਸ ਦੇ ਕੀਤੇ ਗੁਨਾਹ ਬਾਰੇ ਦੱਸਦਾ। ਗੁੱਸੇ ਵਿਚ ਆ ਜੱਗਾ ਪਰਬਤ ਤੇ ਉਸ ਦੇ ਸਾਥੀ ਦੀ ਧੌਣ ਦਬਾ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੰਦਾ। ਦੋਵਾਂ ਦਾ ਕਤਲ ਕਰਨ ਤੋਂ ਬਾਅਦ ਜੱਗਾ ਤੇ ਉਸ ਦਾ ਜਿਗਰੀ ਯਾਰ ਭੰਬੀਰੀ ਪਿੰਡ ਤੋਂ ਫ਼ਰਾਰ ਹੋ ਜਾਂਦੇ।

ਜੱਗਾ ਤੇ ਉਸ ਦਾ ਯਾਰ ਭੰਬੀਰੀ ਜੰਗਲਾਂ ਵਿਚ ਡਾਕੂਆਂ ਦੇ ਇੱਕ ਅੱਡੇ ’ਤੇ ਪਹੁੰਚਦੇ, ਜਿੱਥੇ ਉਹ ਲੁੱਕ ਕੇ ਵੇਖਦੇ ਕਿ ਡਾਕੂਆਂ ਦਾ ਟੋਲਾ ਇੱਕ ਨ੍ਰਤਕੀ ਦਾ ਨਾਚ ਦੇਖ ਰਹੇ ਹੁੰਦੇ। ਜਦੋਂ ਡਾਕੂਆਂ ਦਾ ਸਰਦਾਰ ਸ਼ਰਾਬੀ ਹਾਲਤ ਵਿਚ ਉਸ ਨ੍ਰਤਕੀ ਦੀ ਇੱਜ਼ਤ ਨੂੰ ਹੱਥ ਪਾਉਣ ਲੱਗਦਾ, ਤਾਂ ਜੱਗਾ ਅੱਡੇ ਵਿਚ ਦਾਖਲ ਹੋ ਸਰਦਾਰ ਨੂੰ ਰੋਕਦਾ, ਪਰ ਉਹ ਜੱਗੇ ਨੂੰ ਉਸ ਨਾਲ ਲੜਨ ਲਈ ਲਲਕਾਰਦਾ। ਜੱਗੇ ਤੇ ਡਾਕੂਆਂ ਦੇ ਸਰਦਾਰ ਦਾ ਮੁਕਾਬਲਾ ਹੁੰਦਾ, ਜਿਸ ਵਿਚ ਸਰਦਾਰ ਮਾਰਿਆ ਜਾਂਦਾ। ਡਾਕੂਆਂ ਦਾ ਟੋਲਾ ਜੱਗੇ ਨੂੰ ਆਪਣੇ ਨਵਾਂ ਸਰਦਾਰ ਐਲਾਨ ਦਿੰਦੇ। ਇਸ ਤਰ੍ਹਾਂ ਜੱਗਾ ਡਾਕੂਆਂ ਦੇ ਟੋਲੇ ਵਿਚ ਰਲ ਉਨ੍ਹਾਂ ਦਾ ਸਰਦਾਰ ਬਣ ਜਾਂਦਾ। ਜੱਗਾ ਡਾਕੂ ਬਣ ਆਪਣੇ ਟੋਲੇ ਵਿਚ ਤਿੰਨ ਅਸੂਲ ਤਹਿ ਕਰਦਾ ਕਿ ਉਸ ਦੇ ਸਾਥੀ ਕਿਸੇ ਦੀ ਧੀ ਭੈਣ ਨੂੰ ਛੇੜਣਗੇ ਨਹੀਂ, ਗਰੀਬਾਂ ਨੂੰ ਸਤਾਉਣਗੇ ਨਹੀਂ ਤੇ ਭੁੱਖੇ ਨੂੰ ਭੁੱਖੇ ਰਹਿ ਕੇ ਵੀ ਖਾਣਾ ਖੁਵਾਉਣਗੇ।

ਹੁਣ ਜੱਗ ਡਾਕੂ ਬਣ ਪਿੰਡ-ਪਿੰਡ ਡਾਕੇ ਮਾਰਨ ਲੱਗਦਾ ਪਰ ਉਹ ਗਰੀਬਾਂ ਨੂੰ ਕੁੱਝ ਨਾ ਕਹਿੰਦਾ। ਉਹ ਉਨ੍ਹਾਂ ਸ਼ਾਹੂਕਾਰਾਂ ਨੂੰ ਲੁੱਟਦਾ, ਜਿਨ੍ਹਾਂ ਗਰੀਬਾਂ ਦਾ ਖ਼ੂਨ ਨਚੋੜ-ਨਚੋੜ ਅੰਤਾਂ ਦੀ ਧਨ ਦੌਲਤ ਇਕੱਠੀ ਕੀਤੀ ਹੁੰਦੀ। ਉਹ ਉਨ੍ਹਾਂ ਸੂਦਖ਼ੋਰ ਲਾਲਿਆਂ ਦੀਆਂ ਵਹੀ-ਖਾਤਿਆਂ ਨੂੰ ਸਾੜਦਾ, ਜੋ ਪੀੜ੍ਹੀ-ਦਰ-ਪੀੜ੍ਹੀ ਸੂਦ ਲਾ ਗਰੀਬ ਕਿਸਾਨਾਂ ਨੂੰ ਲੁੱਟਦੇ ਤੇ ਉਨ੍ਹਾਂ ਦੀਆਂ ਫ਼ਸਲਾਂ ਦਾ ਵੱਡਾ ਹਿੱਸਾ ਹੜੱਪ ਕਰ ਜਾਂਦੇ। ਇਸ ਤਰ੍ਹਾਂ ਜੱਗੇ ਦਾ ਖ਼ੌਫ ਅਮੀਰਾਂ ਵਿਚ ਵੱਧਣ ਲੱਗਦਾ ਤੇ ਗਰੀਬਾਂ ਵਿਚ ਉਸ ਦੀ ਦਿਆਨਤਦਾਰੀ, ਗਰੀਬਾਂ ਪ੍ਰਤੀ ਉਸ ਦੇ ਪਿਆਰ ਤੇ ਉਸ ਦੇ ਰਹਿਮ ਦਿਲ ਹੋਣ ਦੀਆਂ ਗੱਲਾਂ ਚੱਲਣ ਲੱਗਦੀਆਂ। ਜਦੋਂ ਜੱਗੇ ਦੀ ਪ੍ਰਸਿੱਧੀ ਚਾਰੋ ਤਰਫ਼ ਫੈਲਣ ਲੱਗਦੀ, ਤਾਂ ਅੰਗਰੇਜ਼ ਹਕੂਮਤ ਉਸ ਦੇ ਸਿਰ ’ਤੇ 20000 ਦਾ ਇਨਾਮ ਰੱਖ ਦਿੰਦੀ। ਜੋ ਵੀ ਕੋਈ ਪੁਲਿਸ ਨੂੰ ਉਸ ਦੀ ਇਤਲਾਹ ਦੇ ਕੇ ਗ੍ਰਿਫ਼ਤਾਰ ਕਰਵਾਊ, ਉਸ ਨੂੰ 20000 ਦਾ ਇਨਾਮ ਦਿੱਤਾ ਜਾਊ। ਇਸ ਇਨਾਮ ਦੇ ਲਾਲਚ ਵਿਚ ਮੁਖ਼ਬਰ ਜੱਗੇ ਦਾ ਪਿੱਛਾ ਕਰਨ ਲੱਗਦੇ। ਇੱਕ ਦਿਨ ਜੱਗਾ ਜਦੋਂ ਡਾਕਾ ਮਾਰਨ ਕਿਸੇ ਘਰ ਵਿਚ ਦਾਖਲ ਹੁੰਦਾ, ਤਾਂ ਘਰ ਦੇ ਮਾਲਿਕ ਦੀ ਧੀ ਉਸ ਨੂੰ ਹੱਥ ਜੋੜ ਕੇ ਆਖਦੀ ਕਿ ਉਹ ਇੱਥੋਂ ਗਹਿਣੇ ਨਾ ਲੈ ਕੇ ਜਾਣ ਕਿਉਂਕਿ ਸਾਰੇ ਗਹਿਣੇ ਉਸ ਦੇ ਬਾਪ ਨੇ ਉਸ ਦੇ ਵਿਆਹ ਲਈ ਬਣਾਏ ਹਨ, ਜੋ ਕੁੱਝ ਦਿਨਾਂ ਨੂੰ ਹੋਣ ਵਾਲਾ ਹੈ। ਜੱਗਾ ਇਹ ਸੁਣ ਕੇ ਕੁੜੀ ਦੇ ਗਹਿਣੇ ਵੀ ਵਾਪਸ ਕਰ ਦਿੰਦਾ ਤੇ ਉਸ ਨੂੰ ਮੂੰਹ ਬੋਲੀ ਭੈਣ ਵੀ ਬਣਾ ਲੈਂਦਾ। ਫਿਰ ਕੁਝ ਦਿਨਾਂ ਬਾਅਦ ਜੱਗਾ ਆਪਣੀ ਮੂੰਹ ਬੋਲੀ ਭੈਣ ਦੇ ਵਿਆਹ ਵਿਚ ਭੇਸ ਬਦਲ ਕੇ ਸ਼ਾਮਲ ਹੁੰਦਾਂ ਤੇ ਭੈਣ ਦੇ ਵਿਆਹ ਵਿਚ ਆਉਣ ਦਾ ਜੋ ਵਾਅਦਾ ਕੀਤਾ ਹੁੰਦਾ ਉਸ ਨੂੰ ਪੂਰਾ ਕਰਦਾ। ਅਖੀਰ ਜੱਗੇ ਦਾ ਏਸੇ ਭੈਣ ਦੇ ਪੁਲਿਸ ਵਿਚ ਵੱਡੇ ਅਫ਼ਸਰ ਪਤੀ ਨਾਲ ਉਦੋਂ ਸਾਹਮਣਾ ਹੁੰਦਾ, ਜਦੋਂ ਮੁਖ਼ਬਰ ਦੀ ਸੂਹ ਦੇਣ ’ਤੇ ਪੁਲਿਸ ਵੱਡੀ ਗਿਣਤੀ ਵਿਚ ਜੱਗੇ ਦੇ ਅੱਡੇ ਨੂੰ ਘੇਰਾ ਪਾ ਲੈਂਦੀ। ਮੁਕਾਬਲੇ ਦੌਰਾਨ ਜੱਗੇ ਦੇ ਸਾਰੇ ਸਾਥੀ ਮਾਰੇ ਜਾਂਦੇ ਤੇ ਮੂੰਹ ਬੋਲੀ ਭੈਣ ਦੇ ਪੁਲਿਸ ਅਫ਼ਸਰ ਪਤੀ ਦੇ ਸਾਹਮਣੇ ਆਉਣ ਕਰਕੇ ਗੋਲੀ ਨਾ ਚਲਾਉਣ ਬਦਲੇ ਜੱਗਾ ਉਸ ਦੇ ਹੱਥੋਂ ਮਾਰਿਆ ਜਾਂਦਾ। ਇਸ ਤਰ੍ਹਾਂ ਫ਼ਿਲਮ ਆਪਣੇ ਅੰਤ ਤੱਕ ਪਹੁੰਚਦੀ। ਫ਼ਿਲਮ ਦੇ ਅਖੀਰ ਵਿਚ ਜੱਗੇ ਦੀ ਅਰਥੀ ਨਿੰਮੋ ਦੇ ਪਿੰਡ ਜਿੱਥੇ ਉਸ ਦਾ ਵਿਆਹ ਧਰਿਆ ਹੁੰਦਾ, ਦੇ ਵਿਚੋਂ ਦੀ ਲੰਘਦੀ, ਜਿਸ ਵਿਚ ਲੱਖਾਂ ਲੋਕ ਸ਼ਾਮਲ ਹੁੰਦੇ ਵਿਖਾਏ ਗਏ ਤੇ ਨਾਲ ਹੀ ਇਹ ਬੇਹੱਦ ਦਰਦ ਭਰਿਆ ਗੀਤ ਮੁਹੰਮਦ ਰਫ਼ੀ ਦੀ ਆਵਾਜ਼ ਵਿਚ ਸੁਣਾਈ ਦਿੰਦਾ ਹੈ ।

ਜੇ ਮੈਂ ਜਾਣਦੀ ਜੱਗੇ ਨੇ ਮਰ ਜਾਣਾ, ਤੇ ਇੱਕ ਦੇ ਮੈਂ ਦੋ ਜੰਮਦੀ

ਜੱਗਿਆ ਵੇ ਸੁੱਤੀ ਪਈ ਮਾਂ ਦੇ ਕਲੇਜੇ ਛੁਰਾ ਵੱਜਿਆ

ਸ਼ਾਨਦਾਰ ਅਦਾਕਾਰੀ ਨਾਲ ਸਜੀ ਇਹ ਇੱਕ ਬੇਹਤਰੀਨ ਫ਼ਿਲਮ ਹੈ, ਜਿਸ ਵਿਚ ਕੁੱਲ 7 ਗੀਤ ਸ਼ਾਮਲ ਕੀਤੇ ਗਏ ਸਨ, ਜਿਨ੍ਹਾਂ ਦਾ ਵੇਰਵਾ ਕੁੱਝ ਇੰਝ ਹੈ:- 1. ਮੇਰਾ ਬਾਂਕਾ ਦੇਸ਼ ਪੰਜਾਬ (ਗਾਇਕ ਮੁਹੰਮਦ ਰਫ਼ੀ, ਮਹਿੰਦਰ ਕਪੂਰ, ਐੱਸ. ਬਲਬੀਰ ਅਤੇ ਸਾਥੀ), 2. ਤੱਕਣੀਆਂ ਤੇਰੀਆਂ ਮੈਂ ਰਾਹਵਾਂ ਸੱਜਣਾ (ਗਾਇਕਾ ਲਕਸ਼ਮੀ ਸ਼ੰਕਰ), 3. ਮੈਂ ਜੱਟ ਦੇਸ਼ ਪੰਜਾਬ ਦਾ (ਗਾਇਕ ਮੁਹੰਮਦ ਰਫ਼ੀ, ਸ਼ਮਸ਼ਾਦ ਬੇਗ਼ਮ ਅਤੇ ਐੱਸ. ਬਲਬੀਰ), 4. ਏਹ ਰੂਪ ਨਿਰਾ ਫ਼ੁੱਲਾਂ ਦੀ ਜਵਾਨੀ (ਗਾਇਕਾ ਮੁਬਾਰਕ ਬੇਗ਼ਮ), 5. ਯਾਰੀ ਬੇਦਰਦਾ ਨਾਲ ਲਾ ਕੇ (ਕਵਾਲੀ ਬਲਬੀਰ, ਮਹਿੰਦਰ ਕਪੂਰ ਅਤੇ ਸਾਥੀ), 6. ਰੁੱਤ ਮਸਤਾਨੀ ਆਈ ਬੱਲੀਏ (ਗਾਇਕਾ ਆਸ਼ਾ ਭੌਂਸਲੇ, ਮੀਨੂੰ ਪ੍ਰਸ਼ੋਤਮ ਅਤੇ ਸਾਥੀ), 7. ਜੇ ਮੈਂ ਜਾਣਦੀ ਜੱਗੇ ਨੇ ਮਰ ਜਾਣਾ (ਗਾਇਕ ਮੁਹੰਮਦ ਰਫ਼ੀ)






# ਅੰਦਰੂਨੀ ਜੋਸ਼ ਲਈ ਖਾਓ ਖਜੂਰ

**"ਅੰਦਰੂਨੀ ਤਾਕਤ ਤੇ ਜੋਸ਼ ਬਰਕਰਾਰ ਰੱਖਣ ਲਈ ਠੰਢੇ ਮੌਸਮ 'ਚ ਸੁਆਦੀ ਫੱਲ ਖਜੂਰ ਗਰਮ ਦੁੱਧ ਨਾਲ ਲੈ ਸਕਦੇ ਹੋ। ਪੁਰਾਣੇ ਰੋਗਾਂ ਨਾਲ ਪੀੜਤ ਲੋਕ ਆਪਣੇ ਡਾਕਟਰ ਦੀ ਸਲਾਹ ਨਾਲ ਇਸਤੇਮਾਲ ਕਰਨ।"- ਅਨਿਲ ਧੀਰ**

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)




ਸਰੀਰ ਤੇ ਮਨ ਦੇ ਰੋਗਾਂ ਨਾਲ ਲੜਨ ਦੀ ਤਾਕਤ ਵਧਾਉਣ ਲਈ ਠੰਢੇ ਮੌਸਮ ਦਾ ਫੱਲ ਖਜੂਰ ਖਾਣ ਦਾ ਸਮਾਂ ਆ ਗਿਆ ਹੈ। ਵਿਸ਼ਵ ਭਰ ਵਿਚ ਠੰਡ ਦੇ ਮੌਸਮ ਵਿਚ ਸਰੀਰ ਅੰਦਰ ਗਰਮੀ ਮਹਿਸੂਸ ਕਰਨ ਲਈ ਸੁਆਦੀ ਫਲ ਖਜੂਰ ਦੀ ਆਪਣੀ ਹੀ ਮਹੱਤਤਾ ਹੈ। ਹਜ਼ਾਰਾਂ ਸਾਲਾਂ ਤੋਂ ਮੱਧ ਪੂਰਬ ਅਤੇ ਸਿੰਧ ਘਾਟੀ ਵਿਚ ਖਜੂਰ ਭੋਜਨ ਦਾ ਖਾਸ ਹਿੱਸਾ ਰਹੀ ਹੈ। ਮੱਧ ਪੂਰਬ ਤੇ ਉੱਤਰੀ ਅਫਰੀਕਾ ਦੇ ਦੇਸ਼ ਮੁੱਖ ਉਤਪਾਦਕ ਰਹੇ ਹਨ। ਸਾਲਾਨਾ ਵਿਸ਼ਵ ਉਤਪਾਦਨ 8.5 ਮਿਲੀਅਨ ਮੀਟ੍ਰਿਕ ਦੇ ਬਰਾਬਰ ਹੈ। ਇਰਾਕ, ਈਰਾਨ, ਅਰਬ, ਉੱਤਰੀ ਅਫਰੀਕਾ ਪੱਛਮ ਤੋਂ ਮੋਰਾਕੋ ਤੱਕ ਅਤੇ ਖਜੂਰ ਮੇਡਜੂਲ, ਡੇਗਲਟ ਨੌਰ ਅਮਰੀਕਾ ਤੇ ਦੱਖਣੀ ਕੈਲੀਫੋਰਨੀਆ, ਐਰੀਜ਼ੋਨਾ, ਦੱਖਣੀ ਫਲੋਰਿਡਾ ਵਿਚ ਅਤੇ ਮੈਕਸੀਕੋ ਵਿਚ ਸਨੌਰਾ ਤੇ ਬਾਜਾ ਕੈਲੀਫੋਰਨੀਆ ਵਿਚ ਕਾਸ਼ਤ ਜਾ ਰਹੀ ਹੈ। ਇਸਦਾ ਇਸਤੇਮਾਲ ਘਰੇਲੂ ਰਸੋਈ, ਮਿਠਾਈਆਂ ਤੇ ਬੇਕਰੀ ਪ੍ਰਾਡਕਟਸ ਵਿਚ ਕੀਤਾ ਜਾ ਰਿਹਾ ਹੈ।

100 ਗ੍ਰਾਮ ਫੱਲ ਖਜੂਰ ਵਿਚ ਕੈਲੋਰੀਜ਼-277, ਕਾਰਬਜ਼-75 ਗ੍ਰਾਮ, ਫਾਈਬਰ-7 ਗ੍ਰਾਮ, ਪ੍ਰੋਟੀਨ-2 ਗ੍ਰਾਮ, ਪੋਟਾਸ਼ਿਅਮ-20%, ਮੈਗਨੀਸ਼ੀਅਮ-14%, ਕੌਪਰ-18%, ਮੈਂਗਨੀਜ਼-15%, ਆਇਰਨ-5% ਅਤੇ ਵਿਟਾਮਿਨ ਬੀ-6 12%, ਬੋਰਾਨ, ਕੋਬਾਲਟ, ਫਲੋਰਾਈਨ, ਸੇਲੇਨੀਅਮ, ਜਿੰਕ ਵਗੈਰਾ ਮਿਲਦਾ ਹੈ। ਖਜੂਰ ਅੰਦਰ ਐਂਟੀ-ਆਕਸੀਡੈਂਟ, ਯਾਨਿ ਜੋ ਆਕਸੀਕਰਨ ਦੀ ਪ੍ਰਕਿਰਿਆ ਰੋਕ ਕੇ ਸਰੀਰ ਅੰਦਰ ਸੈੱਲਾਂ ਨੂੰ ਸੇਫ ਕਰਕੇ ਖਤਰਨਾਕ ਰੈਡੀਕਲਸ ਨੂੰ ਘੱਟ ਕਰਦਾ ਹੈ।

ਸਰੀਰਕ ਤੇ ਮਾਨਸਿਕ ਕਮਜ਼ੋਰੀ ਦੂਰ ਕਰਨ ਲਈ ਬੱਚੇ, ਔਰਤਾਂ, ਨੌਜਵਾਨ ਤੇ ਸੀਨੀਅਰਜ਼ ਤੰਦਰੁਸਤੀ ਲਈ ਇਸਦਾ ਫਾਇਦਾ ਲੈ ਸਕਦੇ ਹਨ। ਖਜੂਰ ਅੰਦਰ ਮੌਜੂਦ ਤੱਤ ਇਮੀਊਨਿਟੀ ਦੇ ਨਾਲ ਸਰੀਰਕ ਤੇ ਮਾਨਸਿਕ ਤਾਕਤ ਦਿੰਦੇ ਹਨ।

- ਸ਼ਾਦੀ-ਸ਼ੁਦਾ ਜੋੜਿਆਂ ਦੀ ਆਮ ਸਮੱਸਿਆ ਬਾਂਝਪਨ, ਜਿਸਦਾ ਕਾਰਨ ਤੰਬਾਕੂਨੋਸ਼ੀ, ਅਲਕੋਹਲ ਦਾ ਵੱਧ ਸੇਵਨ, ਰੇਡੀਏਸ਼ਨ ਦੇ ਵੱਧ ਐਕਸਪੋਜ਼ਰ ਵਗੈਰਾ ਮੰਨਿਆ ਜਾ ਰਿਹਾ ਹੈ। ਤੰਦਰੁਸਤ ਬੱਚੇ ਲਈ ਔਰਤ-ਮਰਦ ਰੋਜ਼ਾਨਾ 5-5 ਦਾਨੇ ਗਰਮ ਦੁੱਧ ਨਾਲ ਇਸਤੇਮਾਲ ਕਰ ਸਕਦੇ ਹਨ।
- ਖਜੂਰ ਅੰਦਰ ਮੌਜੂਦ ਤੱਤ ਬੀਟਾ ਡੀ-ਗਲੁਕਨ ਖਤਰਨਾਕ ਬਿਮਾਰੀ ਕੈਂਸਰ ਵਿਚ ਸਰੀਰ ਅੰਦਰ ਟਿਊਮਰ ਦੇ ਵੱਧਣ ਦੀ ਪ੍ਰਕਿਰਿਆ ਨੂੰ ਘੱਟ ਕਰਦਾ ਹੈ।
- ਕਮਜ਼ੋਰੀ ਕਾਰਨ ਚੱਕਰ ਆਉਣ ਦੀ ਹਾਲਤ ਵਿਚ ਸਰਦੀ ਦੇ ਮੌਸਮ ਵਿਚ 5-7 ਬਿਨਾ ਗੁਠਲੀ ਖਜੂਰ ਦੇ ਦਾਨੇ ਦੁੱਧ ਵਿਚ ਉਬਾਲ ਕੇ ਜਾਂ ਗਰਮ ਦੁੱਧ ਨਾਲ ਲਗਾਤਾਰ ਸੇਵਨ ਕਰੋ।
- ਕਬਜ਼ ਦੀ ਹਾਲਤ ਵਿਚ ਰਾਤ ਨੂੰ ਸੌਣ ਵੇਲੇ ਬਿਨਾ ਗੁਠਲੀ ਖਜੂਰ ਦੇ 6 ਦਾਨੇ 1 ਕੱਪ ਪਾਣੀ ਵਿਚ ਰਾਤ ਭਰ ਭਿਉਂ ਕੇ ਰੱਖੋ। ਸਵੇਰੇ ਹਾਗਦੇ ਹੀ ਬਿਨਾ ਬ੍ਰਸ਼ ਕੀਤੇ ਇਹ ਪਾਣੀ ਪੀਣ ਤੇ ਨਾਲ ਚਮਚੇ ਨਾਲ ਖਜੂਰ ਦੇ ਦਾਨੇ ਵੀ ਖਾ ਲੈਣ ਨਾਲ ਰਾਹਤ ਮਿਲਦੀ ਹੈ।
- ਪਿੱਠ ਦਰਦ ਦੀ ਹਾਲਤ ਵਿਚ 1 ਕੱਪ ਪਾਣੀ ਵਿਚ 5 ਦਾਨੇ ਬਿਨਾ ਗੁਠਲੀ ਖਜੂਰ ਦੇ, 1 ਚਮਚ ਮੇਥੀ ਪਾਊਡਰ ਮਿਕਸ ਕਰਕੇ ਉਬਾਲੋ। ਪਾਣੀ ਅੱਧਾ ਰਹਿ ਜਾਣ 'ਤੇ ਕੁਨਕੁਨਾ ਕਰਕੇ ਸਵੇਰੇ ਸ਼ਾਮ ਲਗਾਤਾਰ ਪੀਓ।
- ਕਮਜ਼ੋਰ ਪਾਚਨ ਸ਼ਕਤੀ ਵਾਲੇ ਅੱਧਾ ਚਮਚ ਅਜਵੈਨ 1 ਕੱਪ ਪਾਣੀ ਵਿਚ ਉਬਾਲੋ। ਇਸ ਪਾਣੀ ਦੇ ਨਾਲ ਸਵੇਰੇ ਸ਼ਾਮ 3-4 ਦਾਨੇ ਖਜੂਰ ਦੇ ਸੇਵਨ ਕਰੋ।
- ਗਠਿਆ ਤੋਂ ਪ੍ਰੇਸ਼ਾਨ ਬਿਨਾ ਗੁਠਲੀ 5 ਦਾਨੇ ਖਜੂਰ ਦੇ ਅੱਧਾ ਚਮਚ ਗਰਮ ਦੇਸੀ ਘਿਓ ਵਿਚ ਮਿਕਸ ਕਰਕੇ ਸੁਆਦ ਮੁਤਾਬਕ ਨਮਕ ਮਿਕਸ ਕਰਕੇ ਸਵੇਰੇ ਸ਼ਾਮ ਲਗਾਤਾਰ ਇਸਤੇਮਾਲ ਕਰੋ।
- ਚੱਲ ਰਹੀ ਖੋਜ ਅਨੁਸਾਰ ਖਜੂਰ ਸਰੀਰ ਅੰਦਰ ਇਨਸੁਲਿਨ ਦੇ ਉਤਪਾਦਨ ਨੂੰ ਵਧਾਉਂਦੀ ਹੈ, ਜੋ ਗਲੂਕੋਜ਼ ਦੇ ਲੈਵਲ ਨੂੰ ਘੱਟ ਕਰਨ ਵਿਚ ਮਦਦ ਕਰ ਸਕਦੀ ਹੈ। ਫਲ ਖਜੂਰ ਡਾਇਬਟੀਜ਼ ਦੀਆਂ ਮੌਜੂਦ ਸਿੰਥੈਟਿਕ ਦਵਾਈਆਂ ਦਾ ਬਦਲ ਬਣ ਸਕਦਾ ਹੈ।
- ਝੜਦੇ ਵਾਲਾਂ ਨੂੰ ਰੋਕਣ ਲਈ ਖਜੂਰ ਅੰਦਰ ਮੌਜੂਦ ਤੱਤਾਂ 'ਤੇ ਰਿਸਰਚ ਕੀਤੀ ਜਾ ਰਹੀ ਹੈ। ਖਜੂਰ ਵਿਚ ਮੌਜੂਦ ਆਇਰਨ ਆਦਿ ਤੱਤਾਂ ਕਾਰਨ ਬਲੱਡ ਸਰਕੂਲੇਸ਼ਨ ਵਧਾ ਕੇ ਖੋਪੜੀ ਨੂੰ ਪੋਸ਼ਣ ਮਿਲਦਾ ਹੈ।






**ਨੋਟ:** ਕ੍ਰੋਨਿਕ ਬਿਮਾਰੀਆਂ ਦੇ ਸ਼ਿਕਾਰ, ਸੀਨੀਅਰਜ਼, ਡਾਇਬਟੀਜ਼ ਦੇ ਰੋਗੀ ਅਤੇ ਗਰਭਵਤੀ ਔਰਤਾਂ ਨੂੰ ਖਜੂਰ ਦਾ ਇਸਤੇਮਾਲ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਕਰਨਾ ਚਾਹੀਦਾ ਹੈ।

# ਸਮੇਂ ਮੁਤਾਬਿਕ ਖੁਦ ਨੂੰ ਬਦਲਣਾ ਬਹੁਤ ਜ਼ਰੂਰੀ

ਸੰਜੀਵ ਸਿੰਘ ਸੈਣੀ
ਮੋਹਾਲੀ
78889-66168
ਪੰਜਾਬ ਮੇਲ USA



ਵਗਦੇ ਦਰਿਆ ਹੀ ਚੰਗੇ ਲੱਗਦੇ ਹਨ। ਅਕਸਰ ਸਿਆਣੇ ਕਹਿੰਦੇ ਹਨ ਕਿ ਜੇ ਪਾਣੀ ਇੱਕ ਥਾਂ 'ਤੇ ਖੜ੍ਹਾ ਹੋ ਜਾਵੇ, ਤਾਂ ਉਸ ਵਿਚੋਂ ਬਦਬੂ (ਮੁਸ਼ਕ) ਆਉਣ ਲੱਗ ਜਾਂਦੀ ਹੈ। ਇਸੇ ਤਰ੍ਹਾਂ ਸਾਡੀ ਜ਼ਿੰਦਗੀ ਹੈ। ਨਿਰੰਤਰ ਚੱਲਦੇ ਰਹਿਣਾ ਹੀ ਜ਼ਿੰਦਗੀ ਹੈ। ਸੁੱਖ-ਦੁੱਖ ਹਰ ਇਨਸਾਨ ਦੀ ਜ਼ਿੰਦਗੀ ਵਿਚ ਗੇੜਾ ਜ਼ਰੂਰ ਮਾਰਦੇ ਹਨ। ਸੁੱਖ ਵੀ ਕੁਝ ਸਮੇਂ ਦਾ ਹੁੰਦਾ ਹੈ। ਖੁਸ਼ੀ ਵੀ ਥੋੜੇ ਸਮੇਂ ਲਈ ਹੀ ਹੁੰਦੀ ਹੈ। ਦੁੱਖ ਵਿਚੋਂ ਨਿਕਲਣਾ ਬਹੁਤ ਔਖਾ ਹੁੰਦਾ ਹੈ। ਇਹ ਸਾਡੇ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਇਸ ਵਿਚੋਂ ਕਿਸ ਤਰ੍ਹਾਂ ਨਿਕਲਦੇ ਹਨ। ਥੋੜੇ ਸਮੇਂ ਲਈ ਸਬਰ, ਸੰਤੋਖ, ਸਹਿਣਸ਼ੀਲ ਹੋ ਕੇ ਵੀ ਦੁੱਖ ਵਿਚੋਂ ਨਿਕਲਿਆ ਜਾ ਸਕਦਾ ਹੈ। ਦੁੱਖ ਵਿਚ ਕਦੇ ਵੀ ਡਾਵਾਂਡੋਲ ਨਾ ਹੋਵੋ। ਪ੍ਰਮਾਤਮਾ ਦਾ ਸ਼ੁਕਰਗੁਜ਼ਾਰ ਕਰਦੇ ਰਹੋ। ਮਿਹਨਤ ਦੀ ਸਫਲਤਾ ਦੀ ਕੁੰਜੀ ਹੈ। ਜੋ ਸਮੁੰਦਰ ਵਿਚ ਕੁੱਦਦਾ ਹੈ, ਉਹੀ ਹੀਰੇ ਮੋਤੀ ਚੁੱਗਦਾ ਹੈ। ਬਾਰ-ਬਾਰ ਅਸਫ਼ਲ ਹੋਣ 'ਤੇ ਘਬਰਾਓ ਨਹੀਂ, ਗਲਤੀਆਂ ਤੋਂ ਸਿੱਖ ਕੇ ਅੱਗੇ ਵਧਦੇ ਰਹੋ। ਹੌਂਸਲੇ ਨੂੰ ਵੀ ਢਹਿ-ਢੇਰੀ ਨਾ ਹੋਣ ਦਿਓ। ਨਕਰਾਤਮਕ ਵਿਚਾਰਾਂ ਵਾਲੇ ਲੋਕਾਂ ਤੋਂ ਹਮੇਸ਼ਾ ਦੂਰੀ ਬਣਾ ਕੇ ਰੱਖੋ। ਸਕਾਰਾਤਮਕ ਸੋਚ, ਚੰਗੀ ਸੰਗਤ ਨਾਲ ਤੁਸੀਂ ਮੁਕਾਮ ਨੂੰ ਹਾਸਿਲ ਕਰ ਸਕਦੇ ਹੋ। ਦੋਸਤ ਬਣਾਓ! ਜੋ ਤੁਹਾਨੂੰ ਮੁਸੀਬਤ ਵੇਲੇ ਤੁਹਾਡੀ ਹੌਂਸਲਾ ਅਫਜ਼ਾਈ ਕਰੇ। ਦੋਸਤ ਅਜਿਹਾ ਹੋਣਾ ਚਾਹੀਦਾ ਕਿ ਜੋ ਤੁਹਾਡੀਆਂ ਕਮੀਆਂ ਦੱਸੇ। ਨਾ ਕਿ ਤੁਹਾਡੀ ਹਮੇਸ਼ਾ ਪ੍ਰਸ਼ੰਸਾ ਹੀ ਕਰਦਾ ਰਹੇ, ਤੁਹਾਡੀ ਗਲਤੀਆਂ 'ਤੇ ਵੀ ਤੁਹਾਨੂੰ ਟੋਕੇ ਨਾ।

ਸਮਾਂ ਬਹੁਤ ਵਡਮੁੱਲੀ ਦਾਤ ਹੈ। ਅਕਸਰ ਕਹਿੰਦੇ ਵੀ ਹਨ ਕਿ ਜੋ ਸਮੇਂ ਦੀ ਕਦਰ ਕਰਦੇ ਹਨ, ਸਮਾਂ ਉਨ੍ਹਾਂ ਦੀ ਕਦਰ ਕਰਦਾ ਹੈ। ਸਮਾਂ ਕਦੇ ਕਿਸੇ ਲਈ ਰੁੱਕਦਾ ਨਹੀਂ ਹੈ। ਲਗਾਤਾਰ ਅੱਗੇ ਵੱਧਦਾ ਹੀ ਚਲਾ ਜਾਂਦਾ ਹੈ। ਜੋ ਲੋਕ ਸਾਰੇ ਕੰਮ ਆਪਣੇ ਸਮੇਂ ਦੇ ਮੁਤਾਬਿਕ ਕਰ ਲੈਂਦੇ ਹਨ, ਫਿਰ ਉਨ੍ਹਾਂ ਨੂੰ ਖੁਸ਼ੀਆਂ ਹੀ ਖੁਸ਼ੀਆਂ ਮਿਲਦੀਆਂ ਹਨ। ਉਨ੍ਹਾਂ ਨੂੰ ਪਛਤਾਵਾਂ ਬਿਲਕੁਲ ਵੀ ਨਹੀਂ ਹੁੰਦਾ। ਇੱਕ ਥਾਂ 'ਤੇ ਰੁੱਕ ਕੇ ਸਮਾਂ ਸਾਡਾ ਇੰਤਜ਼ਾਰ ਨਹੀਂ ਕਰੇਗਾ। ਸਮੇਂ ਨੇ ਤਾਂ ਚੱਲਦੇ ਰਹਿਣਾ ਹੈ। ਅਕਸਰ ਦੇਖਦੇ ਹਾਂ ਕਿ ਕਈ ਲੋਕ ਆਪਣੇ ਕੰਮ ਨੂੰ ਸਮੇਂ 'ਤੇ ਨਹੀਂ ਕਰਦੇ ਹਨ। ਫਿਰ ਉਹ ਕੰਮ ਉਹੀ ਲੋਕ ਤੱਤ-ਪੜੱਤ ਵਿਚ ਕਰਦੇ ਹਨ। ਕਾਹਲੀ ਵਿਚ ਕੀਤਾ ਗਿਆ ਅਜਿਹਾ ਕੰਮ ਸਹੀ ਨਹੀਂ ਹੁੰਦਾ, ਫਿਰ ਪਛਤਾਉਣਾ ਹੀ ਪੈਂਦਾ ਹੈ। ਜੇ ਆਪਣੇ ਦਫਤਰ ਲਈ ਨਿਕਲ ਰਹੇ ਹੋ, ਤਾਂ ਸਮੇਂ 'ਤੇ ਜਾਓ। ਕਈ ਵਾਰ ਤੁਸੀਂ ਸੜਕੀ ਆਵਾਜਾਈ ਵਿਚ ਫਸ ਜਾਂਦੇ ਹੋ, ਤਾਂ ਤੁਸੀਂ ਆਪਣੇ ਕੰਮਾਂ ਤੋਂ ਲੇਟ ਹੋ ਜਾਂਦੇ ਹੋ। ਜੋ ਇਨਸਾਨ ਸਮੇਂ ਦੇ ਮੁਤਾਬਕ ਚੱਲਦਾ ਹੈ, ਉਹ ਕਦੇ ਵੀ ਅਸਫਲ ਨਹੀਂ ਹੁੰਦਾ। ਹਰ ਕੰਮ ਨੂੰ ਸਮੇਂ ਸਾਰਣੀ ਮੁਤਾਬਕ ਕਰੋ। ਅਕਸਰ ਦੇਖਦੇ ਹਾਂ ਕਿ ਕਈ ਵਾਰ ਵਿਦਿਆਰਥੀ ਬਿਲਕੁਲ ਆਖ਼ਰੀ ਤਰੀਕਾਂ 'ਤੇ ਆਪਣੇ ਫਾਰਮ ਭਰਦੇ ਹਨ। ਆਖਰੀ ਤਰੀਕਾਂ 'ਤੇ ਕਈ ਵਾਰ ਫਾਰਮ ਵੀ ਸਹੀ ਨਹੀਂ ਭਰਿਆ ਜਾਂਦਾ। ਉਹ ਸੰਬੰਧਿਤ ਵਿਭਾਗ ਵੱਲੋਂ ਫਿਰ ਰਿਜੈਕਟ ਕਰ ਦਿੱਤਾ ਜਾਂਦਾ ਹੈ। ਜਿੱਥੇ ਵੀ ਤੁਸੀਂ ਜਾਣਾ ਹੈ ਸਮੇਂ ਤੋਂ 10 ਮਿੰਟ ਪਹਿਲਾਂ ਹੀ ਘਰ ਤੋਂ ਨਿਕਲ ਜਾਓ, ਤਾਂ ਜੋ ਉਥੇ ਤੁਹਾਨੂੰ ਫਿਰ ਲੇਟ ਨਾ ਹੋਣਾ ਪਵੇ।

ਅੱਜ ਸਿੱਖਿਆ ਦੇ ਥਾਂ-ਥਾਂ 'ਤੇ ਸੈਂਟਰ ਖੁੱਲ੍ਹ ਚੁੱਕੇ ਹਨ। ਵਿਦਿਆਰਥੀਆਂ ਨੂੰ ਡਿਗਰੀਆਂ ਤਾਂ ਬਹੁਤ ਮਿਲ ਰਹੀਆਂ ਹਨ, ਪਰ ਉਨ੍ਹਾਂ ਨੈਤਿਕ ਕਦਰਾਂ-ਕੀਮਤਾਂ ਦੀ ਘਾਟ ਹੈ। ਜੇ ਬੱਚਿਆਂ ਦੀ ਗੱਲ ਕਰੀਏ, ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਵੱਡਿਆਂ ਨਾਲ ਕਿਸ ਤਰ੍ਹਾਂ ਗੱਲ ਕਰਨੀ ਹੈ। ਮਾਂ-ਬਾਪ ਦਾ ਬਿਲਕੁਲ ਵੀ ਸਤਿਕਾਰ ਨਹੀਂ ਕਰਦੀ ਹੈ। ਜੇ ਮਾਂ-ਬਾਪ ਉਨ੍ਹਾਂ ਨੂੰ ਟੋਕਦੇ ਹਨ, ਤਾਂ ਅੱਗੋਂ ਮਾਂ-ਬਾਪ ਨੂੰ ਹੀ ਅੱਖਾਂ ਕੱਢਦੇ ਹਨ। ਕਿਹੋ ਜਿਹਾ ਸਮਾਂ ਆ ਚੁੱਕਿਆ ਹੈ। ਕਈ ਵਾਰ ਅੱਜਕੱਲ੍ਹ ਨੌਜਵਾਨ ਪੀੜ੍ਹੀ ਗਲਤ ਕਦਮ ਚੁੱਕ ਲੈਂਦੀ ਹੈ। ਇਸੇ ਡਰ ਤੋਂ ਮਾਂ-ਬਾਪ ਵੀ ਬੱਚਿਆਂ ਨੂੰ ਅੱਜਕੱਲ੍ਹ ਝਿੜਕਦੇ ਨਹੀਂ। ਜੇ ਪੁਰਾਣੇ ਵੇਲਿਆਂ ਦੀ ਗੱਲ ਕਰੀਏ, ਤਾਂ ਮਾਂ-ਬਾਪ ਆਪ ਸਕੂਲ ਜਾ ਕੇ ਮਾਸਟਰਾਂ ਨੂੰ ਕਹਿ ਕੇ ਆਉਂਦੇ ਸਨ ਕਿ ਉਨ੍ਹਾਂ ਦੇ ਬੱਚੇ ਦੀ ਚੰਗੀ ਤਰ੍ਹਾਂ ਕੁਟਾਈ ਕੀਤੀ ਜਾਵੇ। ਇਹ ਕਹਿਣਾ ਨਹੀਂ ਮੰਨਦਾ ਹੈ। ਅੱਜਕੱਲ੍ਹ ਤਾਂ ਜੇ ਮਾਸਟਰ ਬੱਚੇ ਨੂੰ ਝਿੜਕ ਦਿੰਦੇ ਹਨ, ਤਾਂ ਮਾਂ-ਬਾਪ ਸਕੂਲ ਹੀ ਪਹੁੰਚ ਜਾਂਦੇ ਹਨ। ਉਸ ਮਾਸਟਰ ਨੂੰ ਕਈ ਵਾਰ ਆਪਣੇ ਨੌਕਰੀ ਤੋਂ ਹੀ ਹੱਥ ਧੋਣੇ ਪੈ ਜਾਂਦੇ ਹਨ। ਬੱਚਿਆਂ ਨੂੰ ਝਿੜਕਣ ਦਾ ਸਮਾਂ ਚਲਿਆ ਜਾ ਚੁੱਕਿਆ ਹੈ। ਤਾਂ ਹੀ ਅੱਜਕੱਲ੍ਹ ਬੱਚੇ ਭੈੜੀ ਸੰਗਤ ਵਿਚ ਜਲਦੀ ਪੈ ਰਹੇ ਹਨ। ਇਥੋਂ ਤੱਕ ਕਿ ਆਪਣੀ ਜ਼ਿੰਦਗੀ ਦੇ ਸਾਰੇ ਫੈਸਲੇ ਆਪਣੀ ਮਰਜ਼ੀ ਨਾਲ ਕਰ ਰਹੇ ਹਨ, ਫਿਰ ਚਾਹੇ ਬਾਅਦ ਵਿਚ ਉਨ੍ਹਾਂ ਨੂੰ ਪਛਤਾਉਣਾ ਹੀ ਕਿਉਂ ਨਾ ਪਵੇ। ਠੀਕ ਹੈ ਅੱਜਕੱਲ੍ਹ ਜੇ ਤੁਸੀਂ ਜ਼ਿਆਦਾ ਹੀ ਸਮਾਰਟ ਹੋ ਚੁੱਕੇ ਹੋ, ਤਾਂ ਇਸਦਾ ਇਹ ਮਤਲਬ ਨਹੀਂ ਕਿ ਤੁਸੀਂ ਆਪਣੇ ਮਾਂ-ਬਾਪ ਤੋਂ ਸਲਾਹ ਹੀ ਨਾ ਲਵੋ। ਵਿਆਹ ਵਰਗੇ ਫ਼ੈਸਲੇ ਬੱਚੇ ਆਪ ਹੀ ਕਰ ਲੈਂਦੇ ਹਨ। ਪੁਰਾਣੇ ਬਜ਼ੁਰਗ ਚਾਹੇ ਘੱਟ ਪੜ੍ਹੇ-ਲਿਖੇ ਹੁੰਦੇ ਸਨ, ਪਰ ਉਨ੍ਹਾਂ ਕੋਲ ਜ਼ਿੰਦਗੀ ਦਾ ਤਜ਼ਰਬਾ ਹੁੰਦਾ ਸੀ। ਅੱਜਕੱਲ੍ਹ ਤਕਰੀਬਨ ਸਾਰੇ ਬੱਚੇ ਯੂਨੀਵਰਸਿਟੀ ਪੜ੍ਹਦੇ ਹਨ। ਵਿਦੇਸ਼ਾਂ ਵੱਲ ਕੂਚ ਕਰ ਰਹੇ ਹਨ। ਵਧੀਆ ਸਿੱਖਿਆ ਗ੍ਰਹਿਣ ਕਰ ਰਹੇ ਹਨ। ਪਰ ਇਸਦਾ ਇਹ ਮਤਲਬ ਨਹੀਂ ਕਿ ਤੁਸੀਂ ਮਾਪਿਆਂ ਦੀ ਕਦਰ ਕਰਨੀ ਹੀ ਛੱਡ ਦਿਓ। ਅੱਜਕੱਲ੍ਹ ਕਈ ਸਮਝਦਾਰ ਬੱਚੇ ਆਪਣੇ ਮਾਂ-ਬਾਪ ਨੂੰ ਵਧੀਆ ਜਾਣਕਾਰੀ ਦੇ ਦਿੰਦੇ ਹਨ। ਕਿਉਂਕਿ ਅੱਜਕੱਲ੍ਹ ਦੇ ਬੱਚਿਆਂ ਕੋਲ ਬਹੁਤ ਸੰਚਾਰ ਦੇ ਸਾਧਨ ਹਨ। ਉਨ੍ਹਾਂ ਨੂੰ ਜਾਣਕਾਰੀ ਮਾਂ-ਬਾਪ ਨਾਲੋਂ ਜ਼ਿਆਦਾ ਹੁੰਦੀ ਹੈ। ਮਾਂ ਬਾਪ ਬੱਚਿਆਂ ਤੋਂ ਬਹੁਤ ਕੁਝ ਸਿੱਖ ਲੈਂਦੇ ਹਨ। ਇੰਟਰਨੈਟ ਦਾ ਜ਼ਮਾਨਾ ਹੈ। ਘਰ ਬੈਠੇ ਬੱਚੇ ਮਾਪਿਆਂ ਨੂੰ ਕਈ ਸਹੂਲਤਾਂ ਦੇ ਰਹੇ ਹਨ। ਅਕਸਰ ਅੱਜਕੱਲ੍ਹ ਬਜ਼ੁਰਗਾਂ ਤੇ ਨੌਜਵਾਨਾਂ ਦੀ ਬਿਲਕੁਲ ਵੀ ਨਹੀਂ ਬਣਦੀ। ਬਜ਼ੁਰਗਾਂ ਦਾ ਸਤਿਕਾਰ ਵੀ ਘੱਟ ਗਿਆ ਹੈ। ਬਜ਼ੁਰਗਾਂ ਨੂੰ ਸਮੇਂ ਦੇ ਮੁਤਾਬਕ ਆਪਣੇ ਆਪ ਨੂੰ ਢਾਲ ਲੈਣਾ ਚਾਹੀਦਾ ਹੈ। ਹਮੇਸ਼ਾ ਹੀ ਬਜ਼ੁਰਗਾਂ ਨੂੰ ਆਪਣੀ ਨਹੀਂ ਚਲਾਉਣੀ ਚਾਹੀਦੀ। ਜਿਸ ਤਰ੍ਹਾਂ ਬੱਚੇ ਕਹਿੰਦੇ ਹਨ ਬਜ਼ੁਰਗਾਂ ਨੂੰ ਸਮੇਂ ਦੇ ਮੁਤਾਬਿਕ ਬਦਲ ਜਾਣਾ ਚਾਹੀਦਾ ਹੈ। ਅੱਜ ਚੰਨ ਤੱਕ ਦੁਨੀਆਂ ਪੁੱਜ ਚੁੱਕੀ ਹੈ। ਨਵੀਂ-ਨਵੀਂ ਤਕਨੀਕਾਂ ਆ ਰਹੀਆਂ ਹਨ। ਸਮੇਂ ਦੇ ਮੁਤਾਬਿਕ ਹਰ ਇੱਕ ਨੂੰ ਢਲ ਜਾਣਾ ਚਾਹੀਦਾ ਹੈ। ਆਪਣੇ ਆਪ ਲਈ ਜ਼ਰੂਰ ਸਮਾਂ ਕੱਢਣਾ ਚਾਹੀਦਾ ਹੈ। ਆਪਣੇ ਆਪ ਨਾਲ ਗੱਲਾਂ ਕਰ ਲੈਣੀਆਂ ਚਾਹੀਦੀਆਂ ਹਨ। ਅਸੀਂ ਅਕਸਰ ਦੂਜਿਆ ਦਾ ਧਿਆਨ ਰੱਖਦੇ ਹਨ, ਆਪਣਾ ਧਿਆਨ ਬਿਲਕੁਲ ਵੀ ਨਹੀਂ ਰੱਖਦੇ ਹਨ। ਆਪਣੇ ਕੰਮ ਪ੍ਰਤੀ ਵਫ਼ਾਦਾਰ ਜ਼ਰੂਰ ਹੋਣਾ ਚਾਹੀਦਾ ਹੈ। ਆਪਣੇ ਆਪ ਨਾਲ ਕਦੇ ਵੀ ਝੂਠ ਨਾ ਬੋਲੋ। ਲੋੜਵੰਦਾਂ ਦੀ ਮਦਦ ਕਰੋ। ਨਵਾਂ ਹਮੇਸ਼ਾ ਸਿੱਖਦੇ ਰਹਿਣਾ ਚਾਹੀਦਾ ਹੈ। ਕਦੇ ਵੀ ਕਿਸੇ ਚੀਜ਼ ਦਾ ਹੰਕਾਰ ਨਾ ਕਰੋ। ਅਕਸਰ ਕਿਹਾ ਜਾਂਦਾ ਹੈ ਕਿ ਹੰਕਾਰੀ ਦਾ ਸਿਰ ਨੀਵਾਂ। ਪੈਸੇ ਦਾ ਕਦੀ ਵੀ ਘੁਮੰਡ ਨਾ ਕਰੋ। ਕਿਸੇ ਪ੍ਰਤੀ ਮਨ ਵਿਚ ਮਾੜੇ ਖਿਆਲ ਨਾ ਰੱਖੋ। ਚੰਗੀ ਸੋਚ ਨਾਲ ਹਮੇਸ਼ਾ ਅੱਗੇ ਵੱਧਦੇ ਰਹੋ।

## ਉਮੀਦਾਂ

ਉਮੀਦਾਂ ਮਰਦੀਆਂ ਨਹੀਂ, ਬਲਕਿ ਹੁੰਦੀਆਂ ਨੇ ਪ੍ਰਫੁੱਲ,
ਜ਼ਿੰਦਗੀ ਕਿਤਨੀ ਵੀ ਭਾਵੇਂ, ਹੋ ਜਾਵੇ ਉਥਲ ਪੁਥਲ।

ਚਾਹੇ ਤੂੰ ਚੱਲ ਤਾਰ 'ਤੇ, ਜਾਂ ਚੱਲ ਖੰਡੇ ਦੀ ਧਾਰ 'ਤੇ,
ਜਨੂੰਨ ਦੀ ਆਖਰੀ ਹੱਦ ਨੂੰ, ਬਣਾ ਲੈ ਆਪਣਾ ਸ਼ੁਗਲ।

ਰੱਖ ਹੌਂਸਲੇ ਬੁਲੰਦ, ਜੇ ਹਵਾ ਬਣ ਜਾਏ ਹਨੇਰੀ,
ਉਮੀਦੀ ਦੀਵੇ ਵਾਲੀ ਲੋਅ ਨੂੰ, ਨਾ ਕਦੀ ਹੋਣ ਦੇਵੀਂ ਗੁੱਲ।

ਭਾਵੇਂ ਦੁਨੀਆ ਠਹਿਰਾਵੇ, ਤੈਨੂੰ ਲੱਖ ਵਾਰੀ ਦੋਸ਼ੀ,
ਦੇਖੀਂ ਅਜ਼ਮ ਦੀ ਦੀਵਾਰ, ਨਾ ਕਦੀ ਜਾਵੇ ਹਿੱਲਜੁਲ।

ਤਲਖ ਯਾਦਾਂ ਦੀ ਤਪਸ਼, ਸੁਖੀ ਪਲਾਂ ਵਾਲੀ ਖੁਸ਼ੀ,
ਤੱਤ ਹੀ ਹੈ ਜ਼ਿੰਦਗੀ ਦਾ, ਕਦੀ ਭੁੱਲ ਕੇ ਨਾ ਭੁੱਲ।

ਰੰਗ ਸੁਪਨਿਆਂ ਦੇ ਕਦੀ, ਤਾਂ ਸਾਕਾਰ ਹੋਣਗੇ ਹੀ,
ਇਸ ਦੁਆਲੇ ਹੀ ਤਾਂ ਘੁੰਮਦੀ ਹੈ, ਦੁਨੀਆਂ ਇਹ ਕੁੱਲ।

ਜ਼ਿੰਦਗੀ ਖ਼ਾਕ ਤੋਂ ਵੀ ਉੱਠ ਕੇ, ਗੁਲਜ਼ਾਰ ਬਣੇ ਖ਼ੂਬ,
ਕਦੀ ਹੰਝੂ ਵੀ ਨੇ ਸਿੰਜ ਜਾਂਦੇ, ਪਿਆਰੇ ਕਈ ਫੁੱਲ।

ਜਿੰਨਾ ਮਰਜ਼ੀ ਸਯਾਦ, ਉਜਾੜ ਦੇਵੇ ਕੋਈ ਬਾਗ਼,
ਕੋਈ ਦਿਨ ਪਾ ਕੇ ਫੇਰ ਵੀ, ਚਹਿਕਦੀ ਹੈ ਬੁਲਬੁਲ।

ਉਮੀਦਾਂ ਮਰਦੀਆਂ ਨਹੀਂ, ਬਲਕਿ ਹੁੰਦੀਆਂ ਨੇ ਪ੍ਰਫੁੱਲ,
ਜ਼ਿੰਦਗੀ ਕਿਤਨੀ ਵੀ ਭਾਵੇਂ, ਹੋ ਜਾਵੇ ਉਥਲ ਪੁਥਲ।



ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ, ਯੂ.ਕੇ.

ਪੰਜਾਬ ਮੇਲ USA

## ਉਹ ਨਾ ਪੰਜਾਬ ਦਿਸਦਾ (ਭਾਗ-1)

ਕਿਧਰੇ ਨਾ ਰੰਗ ਰੂਹਾਂ ਨਾ ਹੀ ਸ਼ਬਾਬ ਦਿੱਸਦਾ।
ਨਾ ਹੀ ਕਲੋਲ ਕਰਦਾ ਕਿਧਰੇ ਪੰਜਾਬ ਦਿੱਸਦਾ।
ਰੰਗਾਂ ਤੇ ਮੁਰਦਨੀ ਹੀ ਛਾਈ ਚੁਫੇਰ ਦਿਸਦੀ,
ਕਿਧਰੇ ਨਾਂ ਸ਼ਾਇਰਾਂ ਦਾ ਸੂਹਾ ਗੁਲਾਬ ਦਿੱਸਦਾ।
ਭੁੱਕੀ ਅਫੀਮ ਬੋਤਲ ਯੁਵਕਾਂ ਨੂੰ ਛਕ ਰਹੇ ਨੇ,
ਸਭ ਥਾਂ ਮਹਾਨ ਉੱਤਮ ਜਲਵਾ ਸ਼ਰਾਬ ਦਿੱਸਦਾ।
ਦਿਸਦੀ ਨਾ ਮਾਣਮੱਤੀ ਮਸਤੀ ਜੁਆਨੀਆਂ ਦੀ,
ਯੁਵਕਾਂ ਦਾ ਨਿੱਤ ਹੁੰਦਾ ਖਾਨਾ ਖਰਾਬ ਦਿੱਸਦਾ।
ਜੱਟਾਂ ਦੇ ਪੁੱਤ ਗਾ ਕੇ ਬੱਕਰੇ ਬੁਲਾਉਣ ਕਾਹਦੇ,
ਕੰਨਾਂ 'ਚ ਮੁੰਦਰਾਂ 'ਤੇ ਇਸ ਦਾ ਜਵਾਬ ਦਿੱਸਦਾ।
ਲੋਕਾਂ ਦਾ ਖੂਨ ਲੱਗਦਾ ਕੁਰਸੀ ਨੇ ਪੀ ਲਿਆ ਹੈ,
ਗੱਲ ਹੱਕ ਤੇ ਨਿਆਂ ਦੀ ਕਰਦਾ ਨਾ ਸਾਬ੍ਹ ਦਿੱਸਦਾ।
ਮਾਇਆ ਦੇ ਨਾਲ ਖੁੱਲ੍ਹਦਾ ਦਫਤਰ ਦਰਾੜ ਖਾਤਾ,
ਰਿਸ਼ਵਤ ਦੇ ਹੱਥ ਆਇਆ ਸਾਰਾ ਹਿਸਾਬ ਦਿੱਸਦਾ।
ਖੁਸ਼ੀਆਂ ਦੀ ਲਹਿਰ ਅੰਦਰ ਭਰ ਕੇ ਨਾ ਕੋਈ ਵਗਦਾ,
ਸਤਲੁਜ ਬਿਆਸ ਰਾਵੀ ਜਿਹਲਮ ਚਨਾਬ ਦਿੱਸਦਾ।

-ਗਿਆਨ ਸਿੰਘ ਕੋਟਲੀ,
ਵੈਨਕੂਵਰ, ਕੈਨੇਡਾ



ਪੰਜਾਬ ਮੇਲ USA

## ਘੋਖ

ਦੁਨੀਆਂ ਕੋਲੋਂ ਕੀ ਕੀ ਰਾਜ਼ ਛੁਪਾਈ ਬੈਠਾ ਹੈ,
ਬੇਇਤਬਾਰੇ ਸਾਹਾਂ ਨੂੰ, ਯਾਰ ਬਣਾਈ ਬੈਠਾ ਹੈ।

ਅੱਖੀਆਂ ਵਿਚ ਨਿੱਤ ਘੱਟਾ ਪਾਉਂਦਾ ਲੋਕਾਂ ਦੇ,
ਮਾਰਕੇ ਠੱਗੀ ਠੋਰੀ, ਮਹਿਲ ਬਣਾਈ ਬੈਠਾ ਹੈ।

ਮੂੰਹੋਂ ਮਿੱਠੀਆਂ-ਮਿੱਠੀਆਂ ਚਾਪਲੂਸੀਆਂ ਕਰਕੇ,
ਅੰਦਰੋਂ ਛੁਰੀ ਚਲਾ ਕੇ, ਯਾਰ ਕਸਾਈ ਬੈਠਾ ਹੈ।

ਧੋਖੇਬਾਜ਼ ਇਹ ਨੈਣ ਲਾਹ ਦਿੰਦੇ ਸੰਗ ਸ਼ਰਮਾਂ,
ਜਦੋਂ ਧੀ ਵਰਗੀ ਦਾ, ਹੁਸਨ ਚੁਰਾਈ ਬੈਠਾ ਹੈ।

ਨਿੰਦਾ ਚੁਗਲੀ ਪਿੱਠ ਪਿੱਛੇ ਕਰਕੇ ਸੱਜਣ ਦੇ,
ਕਿਰਦਾਰਾਂ ਉੱਤੇ ਇੰਝ, ਪਰਦਾ ਪਾਈ ਬੈਠਾ ਹੈ।

ਬੋਲਣਾ ਝੂਠ, ਵਾਅਦਾ-ਖਿਲਾਫ਼ੀ ਹੈ ਸੁਭਾਅ,
ਤੇ ਜ਼ਮੀਰ ਨੂੰ ਇੰਦਾਂ, ਠਿੱਬੀ ਲਾਈ ਬੈਠਾ ਹੈ।

ਨਿੱਕੀਆਂ ਮੋਟੀਆਂ ਹੇਰਾਫੇਰੀਆਂ ਘਾਲੇ-ਮਾਲੇ,
ਕਰ ਵਿਚ ਕੁੜਿੱਕੀ ਦੇ, ਜਾਨ ਫਸਾਈ ਬੈਠਾ ਹੈ।

ਦਿਨੇ-ਰਾਤ ਖੇਤ ਵਿਚ ਰਹਿੰਦਾ ਹੈ ਅੰਨਦਾਤਾ,
ਦਰਦ ਖ਼ੁਦਕੁਸ਼ੀ ਦਾ, ਦਿਲ ਨੂੰ ਲਾਈ ਬੈਠਾ ਹੈ।

ਪਰੇਮ-ਮੁਹੱਬਤ ਦੀ ਥਾਂ ਵਗੇ ਨਫ਼ਰਤ ਗੰਗਾ,
ਕਿੱਸਾ ਫਿਰਕਾਪ੍ਰਸਤੀ ਦਾ, ਦੁਹਰਾਈ ਬੈਠਾ ਹੈ।

ਅੰਮ੍ਰਿਤਕਾਲ ਵਿਚ ਜਬਰ ਦੀ ਲਹਿਰ ਚੱਲੇ,
ਅੱਸੀ ਕਰੋੜ ਭੁੱਖ-ਮਾਰੇ, ਮਨੋਂ ਭੁਲਾਈ ਬੈਠਾ ਹੈ।

-ਸੇਵਾ ਸਿੰਘ "ਨੂਰਪੁਰੀ"



ਪੰਜਾਬ ਮੇਲ USA

## ਕਾਲੀ ਦੀਵਾਲੀ

ਵੇਖਕੇ ਦੁਨੀਆਂ ਦੀ ਦੀਵਾਲੀ
ਦਿਲ ਮੇਰਾ ਉਦਾਸ ਹੋ ਗਿਆ।

ਵਲੈਤ ਗਿਆ ਨਾ ਵਾਪਸ ਮੁੜਿਆ
ਜਿਵੇਂ 'ਸਵਰਗੀਂ-ਵਾਸ' ਹੋ ਗਿਆ।

ਆਪਣੇ ਦੇਸ਼ 'ਚ ਰਾਜਾ ਸੀ ਜੋ
ਬਾਹਰ ਆ ਕੇ ਦਾਸ ਹੋ ਗਿਆ।

ਅਮਰੀਕਾ ਵਿਚ ਲੇਬਰ ਸੀ ਜੋ
ਭਾਰਤ ਆ ਕੇ 'ਬਾਸ' ਹੋ ਗਿਆ।

ਹਰ ਖੇਤਰ ਵਿਚ ਫੇਲ ਸੀ ਜਿਹੜਾ
ਛੋਲੇ ਦੇ ਕੇ ਪਾਸ ਹੋ ਗਿਆ।

ਪੈਂਨ ਵਲੈਤੀ 'ਗਿੱਲ' ਦਾ ਤੋਹਫਾ
ਉਸ ਦੇ ਲਈ 'ਨਾਂ-ਖਾਸ' ਹੋ ਗਿਆ।

-ਜੁਗਰਾਜ ਗਿੱਲ, ਸੌਰਕ (ਅਮਰੀਕਾ)
839-235-2184

ਪੰਜਾਬ ਮੇਲ USA

## ਸ੍ਰੀ ਗੁਰੂ ਤੇਗ ਬਹਾਦਰ ਜੀ

ਹਿੰਦ ਨੂੰ ਬਚਾਇਆ ਦੇ ਕੇ ਸੀਸ ਨੌਵੇਂ ਗੁਰਾਂ ਨੇ,
ਭਾਰੀ ਤਾਰੀ ਜੰਞੂਆਂ ਦੀ ਫੀਸ ਨੌਵੇਂ ਗੁਰਾਂ ਨੇ,
ਚੌਂਕ ਚਾਂਦਨੀ 'ਚ ਮੱਚ ਗਈ ਦੁਹਾਈ।
ਦਿੱਲੀ ਦੀਆਂ ਕੰਧਾਂ ਕੰਬੀਆਂ,
ਤੇਗ ਜ਼ਾਲਮਾਂ ਨੇ ਗੁਰਾਂ 'ਤੇ ਚਲਾਈ।

ਆਏ ਕਸ਼ਮੀਰੀ ਸਾਡਾ ਧਰਮ ਬਚਾਵੋ ਜੀ,
ਔਰੰਗਜ਼ੇਬ ਕੋਲੋਂ ਜਾਨਾਂ ਸਾਡੀਆਂ ਛਡਾਵੋ ਜੀ,
ਸਾਡੇ ਗਲਾਂ 'ਚੋਂ ਜਨੇਊ ਜਾਂਦੈ ਲਾਈ।
ਦਿੱਲੀ ਦੀਆਂ ਕੰਧਾਂ ਕੰਬੀਆਂ....।

ਆਰੇ ਨਾਲ ਚੀਰ ਪਹਿਲਾਂ ਮਤੀ ਦਾਸ ਮਾਰਿਆ,
ਦੇਗ 'ਚ ਦਿਆਲਾ ਰੂੰ 'ਚ ਸਤੀ ਦਾਸ ਸਾੜਿਆ,
ਹੈਅ-ਹੈਅ ਕਰਦੀ ਸੀ ਸਾਰੀ ਹੀ ਲੋਕਾਈ।
ਦਿੱਲੀ ਦੀਆਂ ਕੰਧਾਂ ਕੰਬੀਆਂ....।

ਪਿੰਜਰੇ 'ਚ ਬੰਦ ਕੀਤਾ ਲੋਕੋ ਰੂਪ ਰੱਬ ਦਾ,
ਝੱਲਕੇ ਤਸੀਹੇ ਦੁੱਖ ਮੇਟੀਂ ਜਾਵੇ ਜੱਗ ਦਾ,
ਤੇਰਾ ਕੀਆ ਮੀਠਾ ਲਾਗੇ ਜਾਵੇ ਗਾਈ ।
ਦਿੱਲੀ ਦੀਆਂ ਕੰਧਾਂ ਕੰਬੀਆਂ....।

ਸਿਰ ਜਾਵੇ ਸਿਰੜ ਨਾ ਜਾਵੇ ਗੁਰੂ ਬੋਲਦੇ,
ਜ਼ਾਲਮਾਂ ਦੇ ਜ਼ੁਲਮਾਂ ਦੇ ਅੱਗੇ ਨਹੀਓਂ ਡੋਲਦੇ,
ਮਾਰ ਚੌਕੜਾ ਸੀ ਬੈਠੇ ਸੱਚੇ ਸਾਈਂ।
ਦਿੱਲੀ ਦੀਆਂ ਕੰਧਾਂ ਕੰਬੀਆਂ....।

ਚੰਨ-ਤਾਰੇ, ਸੂਰਜ ਤੇ ਧਰਤੀ ਉਦਾਸ ਸੀ,
ਗਿੱਲ ਮਲਕੀਤ ਧਾਹਾਂ ਮਾਰਦਾ ਆਕਾਸ਼ ਸੀ,
ਜਦੋਂ ਜੋਤੀ ਵਿਚ ਜੋਤ ਸੀ ਸਮਾਈ।
ਦਿੱਲੀ ਦੀਆਂ ਕੰਧਾਂ ਕੰਬੀਆਂ,
ਤੇਗ ਜ਼ਾਲਮਾਂ ਨੇ ਗੁਰਾਂ 'ਤੇ ਚਲਾਈ।

ਮਲਕੀਤ ਸਿੰਘ ਗਿੱਲ 'ਭੱਠਲਾਂ'
ਸੰਪਰਕ : 79865-28225



ਪੰਜਾਬ ਮੇਲ USA

## ਬੰਦਾ ਮਰ ਨੀ ਜਾਂਦਾ

ਕੰਢਿਆਂ ਵਾਂਗੂੰ ਖਰ ਨੀ ਜਾਂਦਾ
ਕਿਸੇ ਦੇ ਛੱਡਿਆ ਮਰ ਨੀ ਜਾਂਦਾ

ਇਸ਼ਕ ਦਾ ਆਪਣਾ ਰੁਤਬਾ ਹੈ ਜੀ
ਬੇਕਦਰਾਂ ਦੇ ਇਹ ਦਰ ਨੀ ਜਾਂਦਾ

ਵਕਤ ਉਂਝ ਤਾਂ ਮੱਲ੍ਹਮ ਹੈ ਜੀ
ਪਰ ਹਰ ਜ਼ਖਮ 'ਤੇ ਭਰ ਨੀ ਜਾਂਦਾ

ਚੁੱਪ ਦਿਲਾਸੇ ਡੂੰਘੀਆਂ ਲਹਿਰਾਂ
ਕੱਚਾ ਆਸ਼ਿਕ ਤਰ ਨੀ ਜਾਂਦਾ

ਮੁਹੱਬਤ ਢਾਰਾ ਤਾਂ ਪਰਲੋ ਬੰਨ੍ਹੇ
ਹਰ ਕੋਈ ਪੀੜਾਂ ਜਰ ਨੀਂ ਜਾਂਦਾ

ਲਾਲਪੁਰੀ ਇਹ ਦਰ ਹੈ ਉੱਚਾ
ਹਰ ਕੋਈ ਸਿਜਦੇ ਕਰ ਨੀ ਜਾਂਦਾ

ਰਵਿੰਦਰ ਲਾਲਪੁਰੀ
ਸੰਪਰਕ : 94634-52261



ਪੰਜਾਬ ਮੇਲ USA

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਪਿਤਾ ਤੇਗ ਦੇ ਨੇ ਸੂਰੇ, ਧਾਰੀਆਂ ਨੇ ਮੀਰੀ ਪੀਰੀ,
ਵਡ ਜੋਧਾ ਤੇ ਆਖਦੇ ਨੇ ਪਰਉਪਕਾਰੀ ਜੀ।
ਲੜੀਆਂ ਨੇ ਜੰਗਾਂ ਜਾਰੀ ਉਸ ਜਿੱਤੀਆਂ ਨੇ,
ਦੁਸ਼ਮਣਾਂ ਨੂੰ ਚੋਟ ਲਾਏ ਗੁਰਾਂ ਨੇ ਕਰਾਰੀ ਜੀ।
ਪਿਤਾ ਕੋਲੋਂ ਸਿੱਖੀ ਇਹ ਚਲਾਉਣੀ ਤਲਵਾਰ ਕਿਵੇਂ,
ਕਿਵੇਂ ਜੂਝਣਾ ਅੱਗੇ ਜਾ ਕੇ ਨਾਲ ਤਲਵਾਰ ਜੀ।
ਝੁਕਣਾ ਨੀ ਮੁੱਕ ਜਾਣਾ ਤਿੱਖੀ ਤਲਵਾਰ ਅੱਗੇ, ਰਹੇ
ਨੌਵੇਂ ਗੁਰੂ ਪਾਤਸ਼ਾਹ ਨੇ ਮੁੱਖ 'ਚੋਂ ਉਚਾਰ ਜੀ
ਜ਼ਾਲਮ ਨੌਰੰਗਾ ਬੜਾ ਅੱਤ ਦੇ ਜ਼ੁਲਮ ਕਰੇ, ਛੱਡਣਾ
ਨਹੀਂ ਦੇਸ਼ ਵਿਚ ਹਿੰਦੂ ਭਾਈਚਾਰਾ ਜੀ।
ਹੈਦਰੀ ਝੰਡੇ ਦੇ ਥੱਲੇ ਹੋਜੋ ਵੀ ਇਕੱਠੇ ਸਾਰੇ, ਬਣੋ
ਮੁਸਲਿਮ ਸਾਰੇ, ਕਰੋ ਹੋਰ ਤੋਂ ਕਿਨਾਰਾ ਜੀ।
ਕਹਿੰਦਾ ਲਾਹ ਜਿਨੇਊ ਤੇ ਤਿਲਕ ਮੱਥੇ ਵਾਲੇ ਸਾਰੇ,
ਹਿੰਦੂ ਰੋਂਦੇ ਕਰਲਾਂਦੇ ਕੋਈ ਸੁਣੇ ਨਾ ਪੁਕਾਰ ਜੀ....
ਝੁਕਣਾ ਨਹੀਂ ਮੁੱਕ ਜਾਣਾ ਤਿੱਖੀ ਤਲਵਾਰ ਅੱਗੇ,
ਰਗੜਦੇ ਨੇ ਨੱਕ ਬੜੇ ਮਾਰਦੇ ਨੇ ਧਾਹਾਂ ਹਿੰਦੂ, ਮੰਦਰਾਂ
'ਚ ਜਾ ਕੇ ਬੜੀ ਕੀਤੀ ਅਰਦਾਸ ਜੀ।
ਕਿਸੇ ਨਾ ਪੁਕਾਰ ਸੁਣੀ ਖਾਲੀ ਹੱਥ ਮੁੜ ਆਏ,
ਸਾਰੀਆਂ ਦਿਸ਼ਾਵਾਂ ਵੱਲੋਂ ਹੋ ਗਏ ਨੇ ਨਿਰਾਸ਼ ਜੀ।
ਦਿਸਦਾ ਨੀ ਰਾਹ ਕੋਈ ਮਰ ਮੁੱਕ ਜਾਈਏ ਕਿਤੇ,
ਦਿਲ ਵਿਚ ਉਹਦੀ ਪੰਡਤਾਂ ਦੀ ਵਾਰ-ਵਾਰ ਜੀ....
ਝੁਕਣਾ ਨੀ ਮੁੱਕ ਜਾਣਾ ਤਿੱਖੀ ਤਲਵਾਰ ਅੱਗੇ,
ਥੱਕ ਅਤੇ ਹਾਰ ਕੇ ਪੁੱਛਦੇ ਪਛਾਉਂਦੇ ਸਾਰੇ,
ਪੰਡਿਤ ਕਸ਼ਮੀਰ ਦੇ ਆਏ ਫਿਰ ਸਾਰੇ ਜੀ।
ਅਨੰਦਪੁਰ ਸਾਹਿਬ ਨੂੰ ਮੱਥਾ ਟੇਕਦੇ ਨੇ ਵਾਰ ਵਾਰ,
ਹੌਂਸਲੇ ਜੇ ਵਧੇ ਹੋਏ ਚਿੱਤ ਖੁਸ਼ੀ ਦੇ ਹੁਲਾਰੇ ਜੀ।
ਕਿਰਪਾ ਸਾਗਰ ਹੈ ਕਹਿੰਦਾ ਗੁਰੂ ਖਾਲੀ ਨਹੀਂ ਜਾਣ
ਦਿੰਦਾ, ਭਰਦੀ ਹੈ ਝੋਲੀ ਆਕੇ ਨਾਨਕ ਦੁਆਰ ਜੀ....
ਝੁਕਣਾ ਨੀ ਮੁੱਕ ਜਾਣਾ ਤਿੱਖੀ ਤਲਵਾਰ ਅੱਗੇ...
ਮੂਰਤ ਗਿਆਨ ਦੀ ਵੈਰਾਗ ਤੇ ਤਿਆਗ ਵਾਲੀ,
ਨੌਵੇਂ ਪਾਤਸ਼ਾਹ ਨੂੰ ਆ ਕੇ ਕੀਤੀ ਅਰਦਾਸ ਜੀ।
ਡੁੱਬਦਾ ਧਰਮ ਸਾਡਾ ਆਖਦੇ ਨੇ ਹਿੰਦੂ ਸਾਰੇ, ਸਾਰੇ
ਦਰਾਂ ਵੱਲੋਂ ਅਸੀਂ ਹੋ ਗਏ ਆ ਨਿਰਾਸ਼ ਜੀ।
ਟੇਕ ਹੁਣ ਗੁਰਾਂ ਉੱਤੇ ਧਰਮ ਬਚਾਓ ਸਾਡਾ, ਡੁੱਬਦੇ
ਜਾਂਦੇ ਆ ਤੁਸੀਂ ਲਾਓ ਬੇੜਾ ਪਾਰ ਜੀ।
ਝੁਕਣਾ ਨੀ ਮੁੱਕ ਜਾਣਾ ਤਿੱਖੀ ਤਲਵਾਰ ਅੱਗੇ...
ਸੁਣ ਫਰਿਆਦ ਨੌਵੇਂ ਪਾਤਸ਼ਾਹ ਉਚਾਰ ਕੀਤਾ, ਕਹਿ
ਦਿਓ ਔਰੰਗੇ ਤਾਹੀ ਬਚਨ ਸੁਣਾ ਕੇ ਜੀ।
ਬਣਜਾਂਗੇ ਮੁਸਲਮਾਨ ਹਿੰਦੂ ਅਸੀਂ ਸਾਰੇ ਫਿਰ, ਨੌਵੇਂ
ਪਾਤਸ਼ਾਹ ਨੂੰ ਦੇਖੋ ਮੁਸਲਮਾਨ ਬਣਾ ਕੇ ਜੀ।
ਸੀਸ ਸਾਡਾ ਲੱਗ ਜਾਵੇ ਧਰਮ ਨਹੀਂਓਂ ਜਾਣ ਦੇਣਾ,
ਮੁਗਲਾਂ ਨੂੰ ਦੇਣਾ ਅਸੀਂ ਜੜ੍ਹਾਂ 'ਚੋਂ ਉਖਾੜ ਜੀ....
ਝੁਕਣਾ ਨੀ ਮੁੱਕ ਜਾਣਾ ਤਿੱਖੀ ਤਲਵਾਰ ਅੱਗੇ...
ਕੈਦ ਕੀਤਾ ਮੁਗਲਾਂ ਨੇ ਨੌਵੇਂ ਪਾਤਸ਼ਾਹ ਨੂੰ ਜਦੋਂ,
ਅੱਤ ਦੇ ਜ਼ੁਲਮ ਉਹ ਲੱਗੇ ਫਿਰ ਢਾਉਣ ਨੇ।
ਮੌਤ ਨੂੰ ਕਬੂਲ ਕਰੋ ਕਰਾਮਾਤ ਕੋਈ ਦਿਖਾਵੋ ਭਾਵੇਂ,
ਮੁਸਲਿਮ ਬਣੋ ਲੱਗੇ ਗੁਰੂ ਨੂੰ ਮਨਾਉਣ ਨੇ।
ਛੱਡ ਦਿਓ ਧਰਮ ਸੂਬੇਦਾਰੀਆ ਨੂੰ ਮਾਣੋ ਸਦਾ,
ਮਨਭਾਉਂਦੇ ਸੁੱਖ ਤੁਸੀਂ ਮਾਣੋ ਸੰਸਾਰ ਜੀ....
ਝੁਕਣਾ ਨੀ ਮੁੱਕ ਜਾਣਾ ਤਿੱਖੀ ਤਲਵਾਰ ਅੱਗੇ....
ਆਖਦੇ ਨੇ ਗੁਰੂ ਅਸੀਂ ਸਿੱਖਿਆ ਨਹੀਂ ਝੁਕਣਾ ਜੀ,
ਜ਼ੁਲਮ ਲਈ ਜੂਝਣਾ ਤੇ ਮਰ ਮਿਟ ਜਾਣਾ ਜੀ।
ਮੁਸਲਿਮ ਹੋ ਕੇ ਕਿਹੜਾ ਮੌਤ ਨਹੀਂ ਹੋਣੀ ਮੈਨੂੰ, ਮੌਤ
ਨੇ ਵਿਆਹਿਆ ਇੱਥੇ ਹਰ ਕੋਈ ਰਾਜਾ ਰਾਣਾ ਜੀ।
ਮੌਤ ਹੈ ਕਬੂਲ ਮੈਨੂੰ ਝੁਕਣਾ ਨਹੀਂ ਜਾਣਦਾ ਮੈਂ,
ਝੁਕਦਾ ਹੈ ਸੀਸ ਮੇਰਾ ਵਸ ਇੱਕ ਨਿਰੰਕਾਰ ਜੀ....
ਸ਼ਹਿਰ ਦਿੱਲੀ ਦੇ ਵਿਚ ਚਾਂਦਨੀ ਚੌਂਕ ਦੇ ਕੋਲ, ਨੌਵੇਂ
ਪਾਤਸ਼ਾਹ ਦੀ ਫਿਰ ਹੋਈ ਹੈ ਸ਼ਹੀਦੀ ਜੀ।
ਕਰ ਤਲਵਾਰ ਵਾਲਾ ਵਾਰ ਫਿਰ ਮੁਗਲਾਂ ਨੇ, ਕੱਟਿਆ
ਹੈ ਸੀਸ ਕੋਈ ਮਿਸਾਲ ਨਹੀਂਓਂ ਜਿਹਦੀ ਜੀ।
ਸਤਪਾਲ ਸਿੰਘਾ ਹਿੰਦੂ ਧਰਮ ਬਚਾਇਆ ਗੁਰਾਂ, ਸੱਚ
ਫਰਵਾਹੀ ਵੱਡਾ ਕੀਤਾ ਪਰਉਪਕਾਰ ਜੀ....
ਝੁਕਣਾ ਨੀ ਮੁੱਕ ਜਾਣਾ ਤਿੱਖੀ ਤਲਵਾਰ ਅੱਗੇ, ਰਹੇ
ਨੌਵੇਂ ਪਾਤਸ਼ਾਹ ਨੇ ਮੁੱਖ 'ਚੋਂ ਉਚਾਰ ਜੀ।

-ਗਿਆਨੀ ਸਤਪਾਲ ਸਿੰਘ ਫਰਵਾਹੀ
98147-32793



ਪੰਜਾਬ ਮੇਲ USA



RE/MAX
RE/MAX
Outstanding Agents
Outstanding Results®
DRE Lic. # 01215931 (Broker)

Gurjatinder S. Randhawa
REALTOR CA DRE licence # 01490567



FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa
916-320-9444

Gurjatinder S. Randhawa
REALTOR CA DRE licence # 01490567

web: www.RealtorRandhawa.com
garysingh123@yahoo.com